# 1857 ਦੇ ਗੁੱਜਰ ਸ਼ਹੀਦ

# 1857 ਦੇ ਗੁੱਜਰ ਸ਼ਹੀਦ


ਪ੍ਰਿੰ: ਗਣਪਤੀ ਸਿੰਘ

ਅਨੁਵਾਦਕ

ਕੁਲਦੀਪ ਸਿੰਘ ਮੀਲੂ

M.A, ADI GRANTH ACHARYA

**1857 De Gujar Shaheed**

*by*

**Principal Ganpati Singh**

*Translated by*

**Kuldip Singh Meelu**

502/23, Near Panesar Dharam Kanda

G. T. Road, Khanna

Ph. 01628-228775

Kmeelu @ yahoo.com

3305, Denman Street, Abbots Ford,

B.C.

V2T-4 RH, CANADA

Phone: 604-855-9380

2009

Published by Lokgeet Parkashan

S.C.O. 26-27, Sector 34 A, Chandigarh-160022

India

Ph.0172-5077427, 5077428

Punjabi Bhawan Ludhiana, 98154-71219

Type Setting & Design PCIS

Printed & bound at Unistar Books (Printing Unit)

11-A, Industrial Area, Phase-2, Chandigarh (India)

98154-71219

*© 2009*

*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਤਤਕਰਾ


- ਮੂਲ ਲੇਖਕ ਬਾਰੇ : ਪ੍ਰਿੰਸੀਪਲ ਗਣਪਤੀ ਜੀ 7
- ਭੂਮਿਕਾ 9
- ਪ੍ਰਕਾਸ਼ਕ 13
- ਧੰਨਵਾਦ 14
- ਪ੍ਰਸਤਾਵਨਾ 15
- ਗੁਰਜਰ (ਗੁੱਜਰ) ਜਾਤੀ ਦੀ ਜਾਣ ਪਛਾਣ 23
- 1857 ਦੇ ਗੁੱਜਰ ਸ਼ਹੀਦ 25
- ਗੁੱਜਰ ਜਾਤੀ ਦੀ ਜਾਣ ਪਛਾਣ 32
- ਗੁੱਜਰ ਜਾਤੀ ਦਾ ਗੌਰਵ ਤੇ ਵੈਭਵ 40
- ਪਹਿਲੇ ਆਜ਼ਾਦੀ ਸੰਗਰਾਮ ਦਾ ਮਸੀਹਾ ਰਾਜਾ ਵਿਜੇ ਸਿੰਘ ਗੁੱਜਰ 47
- 1857 ਦੀ ਕਹਾਣੀ : ਅੰਗਰੇਜ਼ਾਂ ਦੀ ਜ਼ੁਬਾਨੀ 52
- ਜ਼ਿਲ੍ਹਾ ਮੇਰਠ ਦੇ ਗੁੱਜਰ ਅਤੇ 1857 60
- ਜ਼ਿਲ੍ਹਾ ਸਹਾਰਨਪੁਰ ਦੇ ਗੁੱਜਰ-1857 64
- ਜ਼ਿਲ੍ਹਾ ਬੁਲੰਦ ਸ਼ਹਿਰ ਦੇ ਗੁੱਜਰ - 1857 66


## ਭਾਗ ਦੂਜਾ


- 1857 ਦੇ ਗੁੱਜਰ ਸ਼ਹੀਦ 68
- ਦਿੱਲੀ ਦੇ ਗੁੱਜਰ-1857 74
- ਹਰਿਆਣਾ (ਸੋਹਨਾ ਖੇਤਰ ਦੇ ਗੁੱਜਰ - 1857) 80
- ਆਗਰਾ ਤੇ ਧੌਲਪੁਰ ਇਲਾਕੇ ਦੇ ਗੁੱਜਰ-1857 89
- 1857 ਦੀ ਕ੍ਰਾਂਤੀ ਦੀਆ ਚਿੰਗਾੜੀਆਂ 91

- 1857 ਦੀ ਕ੍ਰਾਂਤੀ ਦੇ ਕੌੜੇ ਫਲ 100
- ਕਸ਼ਮੀਰ ਦੇ ਗੁੱਜਰ ਸ਼ਹੀਦ 106
- ਗੁੱਜਰਾਂ ਤੇ ਕ੍ਰਾਂਤੀਕਾਰੀਆਂ ਬਾਰੇ ਵਿਭਿੰਨ ਮਹਾਨ ਨੇਤਾ ਪ੍ਰਧਾਨ ਮੰਤਰੀ ਤੇ ਇਤਿਹਾਸਕਾਰਾਂ ਦੀ ਰਾਇ 111
- ਕ੍ਰਾਂਤੀਕਾਰੀਆਂ ਸਬੰਧੀ ਕੁਝ ਇਤਿਹਾਸਕਾਰਾਂ ਦੀ ਰਾਇ 116
- 1857 ਦੇ ਸੰਦਰਭ ਗ੍ਰੰਥ 119

# ਮੂਲ ਲੇਖਕ : ਪ੍ਰਿੰਸੀਪਲ ਗਣਪਤੀ ਜੀ

ਮਾਨਯੋਗ ਪ੍ਰਸਿੱਧ ਵਿਦਵਾਨ ਤੇ ਪ੍ਰਤਿਸ਼ਠ ਸਮਾਜ ਸੇਵੀ ਹਿੰਦੀ ਦੇ ਜਾਣੇ ਪਛਾਣੇ ਲੇਖਕ ਤੇ ਵਿਚਾਰਕ ਪ੍ਰਿੰਸੀਪਲ ਗਣਪਤੀ ਜੀ ਨਾਲ ਮੇਰੀ ਜਾਣ-ਪਛਾਣ 1962-64 ਵਿਚ ਫਰੀਦਾਬਾਦ ਵਿੱਚ ਮਹਾਂਦੇਵ ਦੇਸਾਈ ਹਾਈ ਸਕੂਲ ਵਿਚ ਪੰਜਾਬੀ ਦੇ ਅਧਿਆਪਕ ਹੁੰਦਿਆਂ ਹੋਈ। ਆਪ ਜੀ ਨੇ ਆਪਣਾ ਜੀਵਨ ਸਮਾਜ ਸੇਵਾ ਤੇ ਸਿਖਿਆ ਸੰਸਥਾਵਾਂ ਦੀ ਕਾਇਮੀ ਵਿਚ ਗੁਜਾਰਿਆ। ਉਨ੍ਹਾਂ ਦੀ ਕਰਮ ਭੂਮੀ ਦਿੱਲੀ ਪ੍ਰਦੇਸ਼ ਦਾ ਨਗਰ ਦਲਪੁਰਾ ਸੀ ਜਿਸ ਥਾਂ ਉਨ੍ਹਾਂ ਦਾ ਜਨਮ ਹੋਇਆ। ਉਨ੍ਹਾਂ ਦੀ ਉੱਚ ਸਿਖਿਆ ਜਾਮੀਆਂ ਮਿਲੀਆ ਯੂਨੀਵਰਸਿਟੀ ਤੇ ਪੰਜਾਬ ਯੂਨੀਵਰਸਿਟੀ ਵਿੱਚ ਹੋਈ।

ਫਰੀਦਾਬਾਦ ਦਯਾਨੰਦ ਮਹਿਲਾ ਮਹਾਂਵਿਦਿਆਲਾ, ਦਯਾਨੰਦ ਪਬਲਿਕ ਸਕੂਲ ਆਦਿ ਸੰਸਥਾਵਾਂ ਦੇ ਜਨਮ ਦਾਤਾ। ਇਨ੍ਹਾਂ ਸੰਸਥਾਵਾਂ ਦਾ ਫਰੀਦਾਬਾਦ ਦੇ ਇਲਾਕੇ ਵਿਚ ਜਾਲ ਵਿਛਿਆ ਹੋਇਆ ਹੈ। ਇਸ ਤੋਂ ਪਹਿਲਾਂ ਪੰਚਾਇਤੀ ਰਾਜ ਟਰੇਨਿੰਗ ਸੈਂਟਰ ਦੇ ਪਹਿਲੇ ਪ੍ਰਿੰਸੀਪਲ ਪੰਜ ਸਾਲ ਤੱਕ ਰਹੇ। ਜਿਸ ਵਿਚ ਗ੍ਰਾਮੀਣ ਨੇਤਾ ਗਣਾਂ ਨੂੰ ਪੰਚਾਇਤੀ ਰਾਜ ਦੀ ਸਿਖਿਆ ਦੇਣ ਦਾ ਸਰਫ ਹਾਸਲ ਕੀਤਾ।

ਭਾਰਤੀ ਗਰਾਮ ਉਦਯੋਗ ਸਹਿਯੋਗ ਸਮਾਜ ਸੇਵੀ ਸੰਸਥਾ ਦੇ ਜੀਵਨ ਪ੍ਰਯੰਤ ਮੈਂਬਰ ਤੇ ਸੰਸਥਾਪਕ ਰਹੇ ਅਤੇ ਦੇਸ਼ ਦੇ ਚੋਟੀ ਦੇ ਸਵਾਧੀਨਤਾ ਤੇ ਮਹਾਨ ਨੇਤਾਵਾਂ ਦੇ ਬਹੁਤ ਨੇੜੇ ਰਹੇ, ਜਿਨ੍ਹਾਂ ਵਿਚ ਪੰ : ਨਹਿਰੂ ਜੀ, ਡਾ. ਜ਼ਾਕਿਰ ਹੁਸੈਨ, ਸ੍ਰੀ ਵੀ. ਵੀ. ਗਿਰੀ, ਡਾ. ਰਾਧਾ ਕ੍ਰਿਸ਼ਨ ਜੀ, ਡਾ. ਰਾਜਿੰਦਰ ਪ੍ਰਸ਼ਾਦ, ਸ੍ਰੀਮਤੀ ਇੰਦਰਾ ਗਾਂਧੀ, ਪੰ ਸੁੰਦਰ ਲਾਲ, ਡਾ. ਸੁੰਦਰ ਲਾਲ ਜੀ, ਕਰਨਲ ਜੀਵਨ ਸਿੰਘ, ਬਾਬਾ ਪ੍ਰਿਥਵੀ ਸਿੰਘ ਵਰਨਣਯੋਗ ਹਨ। ਪਰ ਉਨ੍ਹਾਂ ਨੇ ਸਦਾ ਰਾਜਨੀਤੀ ਅਤੇ ਸਮਾਚਾਰ ਪੱਤਰਾਂ ਦੀਆਂ ਸੁਰਖੀਆਂ ਤੋਂ ਹਮੇਸ਼ਾ ਆਪਣੇ ਆਪ ਨੂੰ ਬਚਾ ਕੇ ਰੱਖਿਆ ਸਾਰੇ ਜਾਣੂ ਉਹਨ੍ਹਾਂ ਨੂੰ "ਭਾਈ ਜੀ" ਆਖ ਬੁਲਾਉਂਦੇ ਸਨ।

ਉਨ੍ਹਾਂ ਦੀਆਂ ਤਿੰਨ ਪੁਸਤਕਾਂ-ਪੰਚਾਇਤੀ ਰਾਜ ਇਕ ਕੰਡਿਆਲਾ ਰਸਤਾ। ਦੂਸਰੀ-ਪੰਚਾਇਤੀ ਰਾਜ ਦੀ ਅਗਵਾਈ ਕਰਨ ਵਾਲੇ ਆਗੂ ਤੇ ਤੀਸਰੀ ਪੁਸਤਕ 1857 ਦੇ ਗੁੱਜਰ ਸ਼ਹੀਦ। ਜਿਸਦੀ ਭੂਮਿਕਾ ਪ੍ਰਸਿੱਧ ਇਤਿਹਾਸਕਾਰ ਰਤਨ ਲਾਲ ਵਰਮਾ ਨੇ ਲਿਖੀ ਹੈ। ਭਾਰਤ ਦੀ ਏਕਤਾ ਪੁਸਤਕ ਉਪਲਬਧ ਨਹੀਂ ਹੋ ਸਕੀ।

ਉਨ੍ਹਾਂ ਦੀ ਆਕਾਸ਼ਵਾਣੀ ਦਿੱਲੀ, ਰੋਹਤਕ ਤੇ ਸ੍ਰੀ ਨਗਰ ਤੋਂ ਵਾਰਤਾਵਾਂ ਪ੍ਰਸਾਰਿਤ ਹੁੰਦੀਆਂ ਰਹਿੰਦੀਆਂ ਸਨ। ਦਿੱਲੀ ਦੂਰਦਰਸ਼ਨ ਦੇ ਖੇਤੀਬਾੜੀ ਦਰਸ਼ਨ ਦੇ ਸਿਰਲੇਖ ਗਰਾਮੀਣ ਵਿਕਾਸ ਤੇ ਰਚਨਾਤਮਕ ਪ੍ਰੋਗਰਾਮਾਂ ਵਿਚ ਉਨ੍ਹਾਂ ਦਾ ਭਾਗ ਲੈਣਾ ਜਾਰੀ ਰਿਹਾ। ਕਈ ਪੱਤਰਕਾਵਾਂ ਲਈ ਲੋਕ ਭਲਾਈ ਲਈ ਰਚਨਤਾਮਕ ਲੇਖ ਲਿਖਦੇ ਰਹਿੰਦੇ ਸਨ।

ਫਰੀਦਾਬਾਦ ਦੇ ਮਹਾਂਦੇਵ ਦੇਸਾਈ ਹਾਈ ਸਕੂਲ ਵਿਚ ਮੈਨੂੰ ਪੰਜਾਬੀ ਪੜ੍ਹਾਦਿਆਂ ਉਨ੍ਹਾਂ ਨਾਲ ਮਿਲਣ ਦੇ ਅਵਸਰ ਮਿਲਦੇ ਰਹਿੰਦੇ ਸਨ । ਇਸ ਪੁਸਤਕ ਦਾ ਖਰੜਾ ਹਿੰਦੀ ਵਿਚ ਮੇਰੀ ਉਸ ਸਮੇਂ ਦੀ ਯਾਦਗਾਰ ਗੁਆਚੀ ਹੋਈ ਮਿਲਣ ਤੇ ਮੈਂ ਉਤਸ਼ਾਹਿਤ ਹੋ ਕੇ ਇਤਿਹਾਸ ਦਾ ਪੰਨਾ ਪੰਜਾਬੀ ਵਿੱਚ ਅਨੁਵਾਦ ਕਰਨ ਦਾ ਉਪ੍ਰਾਲਾ ਕਰਕੇ ਗਣਪਤੀ ਜੀ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਟ ਕਰਨ ਦੀ ਖੁਸ਼ੀ ਲੈਣ ਦਾ ਨਿੱਕਾ ਜਿਹਾ ਯਤਨ ਕੀਤਾ ਹੈ। ਮੈਨੂੰ ਪੂਰਨ ਆਸ ਹੈ ਜਿਵੇਂ ਪਾਠਕਾਂ ਨੇ ਮੇਰੀ ਪੁਸਤਕ "ਗੁੱਜਰ ਕੌਣ ਹੁੰਦੇ ਹਨ ਤੇ ਗੁੱਜਰ ਕੌਮ ਦਾ ਸਮਾਜਿਕ ਯੋਗਦਾਨ" ਨੂੰ ਪਸੰਦ ਕੀਤਾ ਮੈਨੂੰ ਬਹੁਤ ਮਾਣ ਹੈ ਕਿ ਪੰਜਾਬੀ ਯੂਨਵਰਸਿਟੀ ਦੇ ਵਿਦਿਆਰਥੀ ਨੇ "ਗੁੱਜਰ ਕੌਮ" ਤੇ ਪੀ. ਐਚ. ਡੀ ਲਈ ਆਪਣਾ ਥੀਸਸ ਚੁਣਿਆ ਹੈ। ਖੋਜ-ਕਾਰਜ ਵਿਸ਼ਾਲ ਕਾਰਜ ਹੈ। ਮੇਰੇ ਕੰਮ ਲਈ ਮੈਨੂੰ ਗੁੱਜਰ ਕੌਮ ਦੇ ਮਹਾਨ ਇਤਿਹਾਸ ਦੀ ਖੋਜ ਦੇ ਮਹਾਨ ਕੌਮ ਦੇ ਸ਼ਹੀਦਾਂ ਨੂੰ ਨਤਮਸਤਕ ਹੁੰਦਾ ਹੋਇਆ –

ਅਨੁਵਾਦਕ

ਕੁਲਦੀਪ ਸਿੰਘ ਮੀਲੂ

ਐਮ. ਏ. ਆਦਿ ਗ੍ਰੰਥ ਅਚਾਰੀਆ

# ਭੂਮਿਕਾ

'1857 ਦੇ ਗੁੱਜਰ ਸ਼ਹੀਦ' ਪੁਸਤਕ ਦੇ ਲੇਖਕ ਪ੍ਰਿੰਸੀਪਲ ਗਣਪਤੀ ਸਿੰਘ ਜਾਣੇ-ਪਛਾਣੇ ਸਿਖਿਅਕ ਲੇਖਕ ਤੇ ਵਿਚਾਰਕ ਸਨ। ਉਹ ਜੋ ਭੀ ਲਿਖਦੇ ਹਨ ਉਸ ਵਿਚ ਸੱਚ, ਸ਼ਿਵਮ, ਸੁੰਦਰਮ ਦਾ ਆਧਾਰਭੂਤ ਸਿਧਾਂਤ ਸਪਸ਼ਟ ਝਲਕਦਾ ਹੈ। ਉਨ੍ਹਾਂ ਦੇ ਲੇਖ ਅਕਸਰ ਮਾਸਿਕ ਪੱਤਰਕਾਵਾਂ ਵਿਚ ਗੁੱਜਰ ਇਤਿਹਾਸ ਦੇ ਬਾਰੇ ਪ੍ਰਕਾਸ਼ਿਤ ਹੁੰਦੇ ਰਹੇ ਹਨ। ਜਿਨ੍ਹਾਂ ਵਿਚ ਗੁੱਜਰ ਗੌਰਵ ਅਤੇ ਵੀਰ ਗੁਰਜਰ ਮਾਸਿਕ ਦੇ ਪਾਠਕ ਭਲੀ ਭਾਂਤ ਜਾਣੂ ਹਨ। ਜਦੋਂ ਤੱਕ ਲੇਖਕ ਬਗੈਰ ਪੱਖਪਾਤ ਉਦਾਰ ਅਤੇ ਇਤਿਹਾਸ ਵਿਗਿਆਨ ਦਾ ਖੋਜੀ ਗਿਆਤਾ ਤੇ ਵਿਦਵਾਨ ਨਾ ਹੋਵੇ ਉਸਨੂੰ ਇਤਿਹਾਸ ਜਿਹੇ ਵਿਸ਼ੇ ਤੇ ਲਿਖਣਾ ਆਸਾਨ ਕੰਮ ਨਹੀਂ ਹੈ।

ਭਾਰਤ ਦੇ ਸਾਰੇ ਇਤਿਹਾਸ ਜਿਹੇ ਵਿਸ਼ੇ ਤੇ ਕਲਮ ਚੁਕਣ ਦਾ ਅਧਿਕਾਰ ਨਹੀਂ ਹੈ। ਭਾਰਤ ਦੇ ਇਤਿਹਾਸ ਨੂੰ ਪੱਖਪਾਤੀ ਤੇ ਪਹਿਲਾਂ ਤੋਂ ਸੋਚੀ ਸਮਝੀ ਮਾਨਤਾ ਨਾਲ ਇਤਿਹਾਸਕਾਰਾਂ ਨੇ ਇਸ ਪ੍ਰਕਾਰ ਖਰਾਬ ਕੀਤਾ ਹੈ ਕਿ ਅਸੀਂ ਆਪਣੇ ਵੇਦ ਸ਼ਾਸ਼ਤਰਾਂ ਦੇ ਮੰਤ੍ਰ ਰੁਚਾਵਾਂ ਗਡਰੀਆਂ ਦੇ ਗੀਤ ਜਾਪਣ ਲੱਗ ਪਏ, ਜਿਸ ਦੀ ਵਜ੍ਹਾ ਕਰਕੇ ਅਸੀਂ ਅਤੀਤ ਤੋਂ ਕੱਟੇ ਗਏ।

ਪੱਛਮੀ ਸਭਿਅਤਾ ਤੇ ਸੰਸਕ੍ਰਿਤੀ ਦਾ ਰੰਗ ਸਾਡੇ ਮਨਾਂ ਵਿਚ ਗਹਿਰਾ ਚੜ੍ਹ ਗਿਆ। ਮਹਾਤਮਾ ਗਾਂਧੀ ਜੀ ਨੇ ਠੀਕ ਹੀ ਕਿਹਾ ਸੀ "ਅੰਗਰੇਜ਼ ਚਲੇ ਗਏ ਪਰ ਅੰਗਰੇਜ਼ੀਅਤ ਛੱਡ ਗਏ।" ਇਸੇ ਤਰਾਂ ਅਸੀਂ ਭਾਰਤਵਾਸੀ ਤਾਂ ਰਹੇ ਪ੍ਰੰਤੂ ਆਪਣੀ ਸੰਸਕ੍ਰਿਤੀ ਤੇ ਅਤੀਤ ਨੂੰ ਓਪਰਾ ਸਮਝਣ ਲੱਗ ਪਏ ਹਾਂ।

ਅੰਗਰੇਜ ਇਤਿਹਾਸਕਾਰਾਂ ਨੇ ਵਿਸ਼ੇਸ ਕਰਕੇ ਉਨ੍ਹਾਂ ਦੇ ਪਿੱਛੇ ਲੱਗ ਇਤਿਹਾਸਕਾਰਾਂ ਨੇ ਭੀ ਗੁੱਜਰ ਕੌਮ ਅਤੇ ਉਸ ਦੇ ਗੌਰਵ ਪੂਰਣ ਇਤਿਹਾਸ ਨਾਲ ਹਮੇਸ਼ਾ ਖਿਲਵਾੜ ਤੇ ਅਨਿਆਇ ਹੀ ਕੀਤਾ ਹੈ। ਇਸਦੀ ਮਿਸਾਲ ਦੁਨੀਆਂ ਭਰ ਵਿਚ ਨਹੀਂ ਮਿਲੇਗੀ। 1857 ਈ: ਦੀ ਕਰਾਂਤੀ ਵਿਚ ਗੁੱਜਰ ਜਾਤੀ (ਕੌਮ) ਨੇ ਦੇਸ਼ ਵਿਆਪੀ ਸਰਗਰਮੀਆਂ ਵਿਚ ਯੋਗਦਾਨ ਪਾਇਆ। ਅੰਗਰੇਜੀ ਸੱਤਾ (1857 ਤੋਂ ਪਹਿਲਾਂ 1822-25) ਤਕ ਸਹਾਰਨਪੁਰ ਜਨਪਦ ਵਿੱਚ ਵੀ ਪਹਿਲਾਂ ਸਮਾਪਤ

ਕਰਨ ਦੀ ਪਹਿਲ ਕੀਤੀ ਸੀ। ਗੁੱਜਰਾਂ ਦੇ ਕਿਸੇ ਰਜਵਾੜੇ ਨੂੰ ਖਤਰਾ ਨਹੀਂ ਸੀ। ਉਹ ਤਾਂ ਕੇਵਲ ਆਪਣੀ ਇਤਿਹਾਸਕ ਪ੍ਰੰਪਰਾ ਦੇ ਅਨੁਸਾਰ ਵਿਦੇਸ਼ੀ ਸੱਤਾ ਦੇ ਦੁਸ਼ਮਣ ਸਨ। ਗੁੱਜਰ ਤਾਂ ਸਵਰਾਜ ਤੇ ਸਵੈਧਰਮ ਦੇ ਵਾਸਤੇ ਲੜੇ। ਗੁੱਜਰ ਕੌਮ ਦਾ ਅਤੀਤ ਗੌਰਵਪੂਰਣ ਅਤੇ ਭਾਰਤ ਦੀ ਸੰਸਕ੍ਰਿਤੀ ਨਾਲ ਓਤ-ਪ੍ਰੋਤ ਹੈ।

1857 ਦੀ ਰਾਜਨੀਤਕ ਜਨ-ਕਰਾਂਤੀ ਵਿੱਚ ਗੁੱਜਰ ਕੌਮ ਨੇ ਵਧ ਚੜ੍ਹ ਕੇ ਭਾਗ ਲਿਆ। ਜਿਸ ਦੇ ਕਾਰਨ ਅੰਗਰੇਜ਼ ਹਕੂਮਤ ਨੇ ਗੁੱਜਰਾਂ ਨੂੰ ਆਪਣਾ ਪਹਿਲਾ ਦੁਸ਼ਮਣ ਮੰਨ ਕੇ ਕ੍ਰਾਂਤੀ ਦੇ ਵਿਫਲ ਹੋ ਜਾਣ ਤੇ ਦਮਨ ਚੱਕਰ ਦੇ ਫਲਸਰੂਪ ਗੁੱਜਰਾਂ ਨਾਲ ਅਜਿਹਾ ਬਦਲਾ ਲਿਆ ਕਿ ਨਾਦਿਰ ਸ਼ਾਹ ਅਤੇ ਤੈਮੂਰ ਦੇ ਅਤਿਅਚਾਰਾਂ ਨੂੰ ਭੀ ਭੁਲਾ ਦਿੱਤਾ ਸੀ। (1857 ਦੇ ਗੁੱਜਰ ਸ਼ਹੀਦ) ਪੁਸਤਕ ਲਿਖ ਕੇ ਪ੍ਰਿੰਸੀਪਲ ਗਣਪਤੀ ਸਿੰਘ ਨੇ 1857 ਦੀ ਕਰਾਂਤੀ ਵਿਸ਼ੇ ਤੇ ਬਹੁਤ ਸਾਰੀਆਂ ਭਰਾਂਤੀਆਂ ਨੂੰ ਗਲਤ ਫਹਿਮੀਆਂ ਨੂੰ ਦੂਰ ਕੀਤਾ ਹੈ। ਗੁੱਜਰ ਕੌਮ ਤੇ ਜੋ ਅਮਾਨਵੀ ਅਤਿਆਚਾਰ ਹੋਏ ਸਨ, ਉਹਨ੍ਹਾਂ ਦਾ ਪ੍ਰਮਾਣਿਕ ਵਿਸਥਾਰ ਖੁਦ ਅੰਗਰੇਜ਼ ਇਤਿਹਾਸਕਾਰਾਂ ਦੁਆਰਾ ਦਿੱਤਾ ਹੋਇਆ ਬਿਰਤਾਂਤ ਲਿਖਿਆ ਹੈ ਲੇਖਕ ਨੇ। ਇਸ ਗੱਲ ਦਾ ਬਹੁਤ ਧਿਆਨ ਰੱਖਿਆ ਹੈ ਕਿ ਕੋਈ ਬਿਰਤਾਂਤ ਬਿਨਾਂ ਤੱਥਾਂ ਅਤੇ ਪ੍ਰਮਾਣਾਂ ਦੇ ਨਾਂ ਦਿੱਤਾ ਜਾਵੇ। ਪੁਸਤਕ ਦੀ ਵਿਸ਼ੇਸ਼ਤਾ ਇਹ ਭੀ ਹੈ ਕਿ ਇਸਦਾ ਇੱਕ ਇਕ ਅਧਿਆਇ ਆਪਣੇ ਆਪ ਵਿਚ ਪਰੀਪੂਰਣ ਹੈ। ਜਿਵੇਂ 1857 ਦੀ ਕਹਾਣੀ ਅੰਗਰੇਜਾਂ ਦੀ ਜ਼ੁਬਾਨੀ। 1857 ਦੀ ਕਰਾਂਤੀ ਦੀਆਂ ਲਪਟਾਂ ਗੁੱਜਰਾਂ ਦੇ ਬਾਰੇ ਇਤਿਹਾਸ ਦੇ ਮਾਹਿਰ ਲੋਕਾਂ ਦੀਆਂ ਸੰਮਤੀਆਂ ਕ੍ਰਾਂਤੀਕਾਰੀਆਂ ਦੇ ਬਾਰੇ ਵਿੱਚ ਇਤਿਹਾਸਕਾਰਾਂ ਦੀ ਰਾਇ, ਕ੍ਰਾਂਤੀ ਦੇ ਕੌੜੇ ਫਲ ਆਦਿ।

ਲੇਖਕ ਨੇ ਪੁਸਤਕ ਦੀ ਪ੍ਰਸਤਾਵਨਾ ਬਹੁਤ ਸਪਸ਼ਟ ਲਿਖੀ ਹੈ ਇਹ ਸਾਰੀ ਕਿਤਾਬ ਦਾ ਸੰਖੇਪ ਕਿਹਾ ਜਾਵੇ ਤਾਂ ਕੋਈ ਸੱਚ ਤੋਂ ਪਰੇ ਨਹੀਂ ਹੈ। ਕਸ਼ਮੀਰ ਦੇ ਗੁੱਜਰ ਸ਼ਹੀਦਾਂ ਦੇ ਬਾਰੇ ਲੇਖਕ ਨੇ (1947-1965) ਤਕ ਦੇ ਜਾਂ ਉਸ ਤੋਂ ਬਾਅਦ ਤੀਕਰ ਕਸ਼ਮੀਰ ਨੂੰ ਪਾਕਿਸਤਾਨੀਆਂ ਤੋਂ ਬਚਾਉਣ ਵਿਚ ਕਸ਼ਮੀਰ ਦੇ ਗੁੱਜਰਾਂ ਨੇ ਜੋ ਭੂਮਿਕਾ ਨਿਭਾਈ ਹੈ। ਉਸਦਾ ਵਰਨਣ ਗੁੱਜਰ ਕੌਮ ਦੀ ਦੇਸ਼ ਭਗਤੀ ਪ੍ਰਾਚੀਨ ਪ੍ਰੰਪਰਾ ਨੇ ਵਰਤਮਾਨ ਤੀਕ ਪਹੁੰਚਾ ਦਿੱਤਾ ਹੈ। ਪੁਸਤਕ ਦੇ ਆਰੰਭ ਵਿਚ ਇਕ ਤਰਾਂ ਗੁੱਜਰ ਇਤਿਹਾਸ ਦਾ ਨਿਚੋੜ ਦੇ ਦਿੱਤਾ ਹੈ।

1857 ਦੀ ਕਰਾਂਤੀ ਬਾਰੇ ਹਿੰਦੀ ਵਿੱਚ ਸਭ ਤੋਂ ਪਹਿਲਾਂ ਭਾਰਤ ਦੇ ਮਹਾਨ ਕਰਾਂਤੀਕਾਰੀ ਨੇਤਾ ਵੀਰ ਸਾਵਰਕਰ ਨੇ ਇਕ ਮਹਾਨ ਗ੍ਰੰਥ ਲਿਖਿਆ ਸੀ। ਉਸ ਵਰਗਾ ਗ੍ਰੰਥ ਹਿੰਦੀ ਵਿਚ ਦੂਸਰਾ ਨਹੀਂ ਲਿਖਿਆ ਗਿਆ। ਵੀਰ ਸਾਵਰਕਰ ਦੇ ਗ੍ਰੰਥ ਨੂੰ ਪੜ੍ਹ ਕੇ ਸਾਰੇ ਰਾਸ਼ਟਰ ਦਾ ਸਿਰ ਉੱਚਾ ਹੋ ਜਾਂਦਾ ਹੈ। ਸਵਰਗੀ ਸਾਵਰਕਰ

ਜੀ ਨੇ ਨਾ ਕੇਵਲ ਗਿਣੇ ਚੁਣੇ ਬਾਦਸ਼ਾਹ, ਰਾਜਾ, ਰਾਣੀ, ਨਵਾਬ ਤੇ ਬੇਗਮਾਂ ਉਨ੍ਹਾਂ ਦੇ ਸੈਨਿਕ ਆਗੂਆਂ ਦਾ ਵਰਨਣ ਕੀਤਾ ਹੈ। ਪ੍ਰੰਤੂ 1857 ਦੇ ਗੁੱਜਰ ਸ਼ਹੀਦ ਪੁਸਤਕ ਵਿਚ ਲੇਖਕ ਗਣਪਤੀ ਸਿੰਘ ਨੇ ਪਿੰਡ, ਇਲਾਕੇ ਜ਼ਿਲ੍ਹੇ ਪਰਦੇਸ ਸ਼ਹਿਰ ਆਦਿ ਦਾ ਤਾਂ ਪੂਰਾ ਵਰਨਣ ਕੀਤਾ ਹੀ ਹੈ ਨਾਲ ਹੀ ਇਨ੍ਹਾਂ ਪਿੰਡਾਂ ਦੇ ਦੇਸ਼ ਭਗਤਾਂ ਦੇ ਬਾਰੇ ਵਿਚ ਬਹੁਤ ਹੀ ਖੋਜ ਪੂਰਨ ਸਮੱਗਰੀ ਦਿੱਤੀ ਹੈ। ਜੋ ਕਿਸੇ ਇਕ ਪੁਸਤਕ ਵਿਚ ਮਿਲਣੀ ਸੰਭਵ ਨਹੀਂ ਤਾਂ ਕਠਿਨ ਜਰੂਰ ਹੈ। ਪੁਸਤਕ ਰਾਸ਼ਟਰੀਅਤਾ ਰਾਸ਼ਟਰ ਪ੍ਰੇਮ ਤੇ ਦੇਸ਼ ਭਗਤੀ ਦੀਆਂ ਗੌਰਵਪੂਰਣ ਗਾਥਾਵਾਂ ਨਾਲ ਦਾ ਪ੍ਰਮਾਣਿਕ ਵਰਨਣ ਹੈ। ਗੁੱਜਰ ਜਾਤੀ ਦੇ ਸ਼ਹੀਦਾਂ ਦੇ ਬਾਰੇ ਹੀ ਨਹੀਂ ਸਗੋਂ ਅਹੀਰ ਕ੍ਰਾਂਤੀਕਾਰ ਵੀ ਰਾਜਾ ਰਾਵ ਤੁਲਾ ਰਾਮ, ਰਾਵ ਗੋਪਾਲ ਦੇਵ ਆਦਿ ਦੇ ਬਾਰੇ ਵਿਚ ਬਹੁਤ ਹੀ ਪ੍ਰਮਾਣਿਕ ਵਿਵਰਣ ਇਸ ਪੁਸਤਕ ਵਿਚ ਦੇ ਦਿੱਤਾ ਹੈ ਰੰਘੜ, ਮੁਸਲਮਾਨ, ਮੇਵ, ਰੋੜ ਪੁੰਡੀਰ ਆਦਿ ਖੱਤਰੀ ਕੌਮਾਂ ਦੀ ਕੁਰਬਾਨੀ ਦਾ ਭੀ ਢੁਕਵੀਆਂ ਥਾਂਵਾਂ ਤੇ ਵਰਨਣ ਕਰਕੇ ਕਿਸੇ ਵੀ ਸੰਕੀਰਣਤਾ ਦਾ ਜਾਂ ਜਾਤੀ ਭਾਵ ਦੀ ਭਾਵਨਾ ਤੋਂ ਉਪਰ ਉਠ ਕੇ ਲੇਖਕ ਨੇ ਆਪਣਾ ਪੱਲੂ ਸੰਭਾਲ ਕੇ ਰੱਖਿਆ ਹੈ।

ਦੇਸ਼ ਭਗਤ ਸ਼ਹੀਦ, ਕਿਸੇ ਜਾਤ, ਵਰਗ, ਸਮਾਜ ਜਾਂ ਸਥਾਨ ਦੇ ਨਹੀਂ ਹੁੰਦੇ ਉਹ ਸਾਰੇ ਦੇਸ਼ ਦੇ ਗੌਰਵ ਅਤੇ ਪ੍ਰੇਰਣਾ ਸਰੋਤ ਹੁੰਦੇ ਹਨ। ਉਨ੍ਹਾਂ ਸ਼ਹੀਦਾਂ ਦੇ ਬਲੀਦਾਨ ਕਰਕੇ ਹੀ ਦੇਸ਼ ਨੂੰ ਅਜ਼ਾਦੀ ਦਾ ਸੁਖ ਮਿਲਿਆ ਹੈ। ਵਿਦੇਸ਼ੀ ਗੁਲਾਮੀ ਤੋਂ ਦੇਸ਼ ਆਜ਼ਾਦੀ ਦੀ ਆਨੰਦਮਈ ਪ੍ਰਾਪਤੀ ਤੀਕਰ ਪੁੱਜਿਆ ਹੈ, ਸਵਰਾਜ ਆਇਆ ਹੈ ਰਾਜ ਦੀ ਵਾਗਡੋਰ ਦੇਸ਼ ਦੇ ਚੁਣੇ ਹੋਏ ਪ੍ਰਤੀਨਿਧਾਂ ਦੇ ਹੱਥਾਂ ਵਿਚ ਆ ਗਈ। ਪ੍ਰਿੰਸੀਪਲ ਗਣਪਤੀ ਸਿੰਘ ਨੇ ਬਹੁਤ ਮਿਹਨਤ ਤੇ ਲਗਨ ਨਾਲ ਸ਼ਹੀਦਾਂ ਦੀ ਗਾਥਾ ਨੂੰ ਤਿਆਰ ਕੀਤਾ ਹੈ। ਵੱਧ ਤੋਂ ਵੱਧ ਜਾਣਕਾਰੀ ਇਸ ਸਬੰਧ ਵਿੱਚ ਇਕੱਤਰ ਕੀਤੀ ਹੈ, ਜਿਸ ਲਈ ਗਣਪਤੀ ਜੀ ਵਧਾਈ ਦੇ ਪਾਤਰ ਹਨ। ਉਨ੍ਹਾਂ ਦਾ ਯਤਨ ਬਹੁਤ ਹੀ ਸ਼ਲਾਘਾਯੋਗ ਹੈ। ਇਸ ਪੁਸਤਕ ਦੀ ਭਾਸ਼ਾ ਸਰਲ ਰੁਚੀਕਰ ਤੇ ਸਰਸ ਹੈ। ਜਨ ਸਧਾਰਣ ਵੀ ਇਸ ਪੁਸਤਕ ਦੇ ਭਾਵ ਨੂੰ ਸਮਝ ਸਕਦੇ ਹਨ। ਮੈਨੂੰ ਪੂਰੀ ਆਸ਼ਾ ਹੈ ਕਿ ਪੁਸਤਕ ਨੂੰ ਵੱਧ ਤੋਂ ਵੱਧ ਇਤਿਹਾਸ ਪ੍ਰੇਮੀ, ਬੁਧੀਜੀਵੀ, ਯੁਵਾ ਵਰਗ ਤੇ ਜਨ ਸਧਾਰਣ ਤੇ ਗੁੱਜਰ ਸਮਾਜ ਦੇ ਹਰ ਇਕ ਪੜ੍ਹੇ ਲਿਖੇ ਵਿਅਕਤੀ ਨੂੰ ਜਰੂਰ ਪੜ੍ਹਨਾ ਚਾਹੀਦਾ ਹੈ ਅਤੇ ਅਨਪੜ੍ਹ ਸੱਜਨਾਂ ਨੂੰ ਪੜ੍ਹ ਕੇ ਸੁਣਾਈ ਜਾਣੀ ਚਾਹੀਦੀ ਹੈ।

ਮੇਰਾ ਸੁਭਾਗ ਹੈ ਕਿ ਮੈਨੂੰ ਇਸ ਪੁਸਤਕ ਦੀ ਭੂਮਿਕਾ ਲਿਖਣ ਦਾ ਸ਼ੁਭ ਅਵਸਰ ਮਿਲਿਆ ਹੈ। ਮੈਂ ਦੇਸ਼ ਦੇ ਸਭ ਜਾਣੇ, ਅਣਜਾਣੇ, ਪਰਮ ਦੇਸ਼ ਭਗਤ, ਸਵਾਧੀਨਤਾ ਪ੍ਰੇਮੀ ਅਤੇ ਦੇਸ਼ ਦੇ ਦੀਵਾਨੇ ਸ਼ਹੀਦਾਂ ਨੂੰ ਜਿਨ੍ਹਾਂ ਨੇ 1857 ਦੇ

ਆਜ਼ਾਦੀ ਸੰਗਰਾਮ ਤੇ ਮਹਾਤਮਾ ਗਾਂਧੀ ਦੀ ਅਗਵਾਈ ਵਿਚ ਲੜੇ ਗਏ ਸਵਾਧੀਨਤਾ ਦੇ ਅੰਦੋਲਨ ਤੇ ਸੰਗਰਾਮ ਵਿਚ ਦੇਸ਼ ਦੀ ਸੁਰੱਖਿਆ ਅਤੇ ਅਖੰਡਤਾ ਲਈ ਆਪਣੇ ਜੀਵਨ ਤੇ ਸਰਬੰਸ ਬਲੀਦਾਨ ਕੀਤੇ ਉਨ੍ਹਾਂ ਨੂੰ ਹਾਰਦਿਕ ਸ਼ਰਧਾਂਜਲੀ ਅਰਪਣ ਕਰਦਾ ਹਾਂ।

ਅੰਤ ਵਿਚ ਮੈਂ ਲੇਖਕ ਨੂੰ ਇਸ ਪੁਸਤਕ ਦੇ ਸਫਲ ਲੇਖਕ ਲਈ ਮੁੜ ਹਾਰਦਿਕ ਵਧਾਈ ਪੇਸ਼ ਕਰਦਾ ਹਾਂ ਤੇ ਇਸਨੂੰ ਪੜਨ ਵਾਲੇ ਪਾਠਕਾਂ ਲਈ ਸ਼ੁਭਕਾਮਨਾ ਕਰਦਾ ਹਾਂ।

ਰਤਨ ਲਾਲ ਵਰਮਾ
ਇਤਿਹਾਸਕਾਰ

ਨਿਊ ਰਾਮਨਗਰ P. O. ਗੁਰੂਕੁਲ ਕਾਂਗੜੀ
ਹਰਿਦੁਆਰ (ਉੱਤਰ ਪ੍ਰਦੇਸ਼)
11.9.1984

# ਪ੍ਰਕਾਸ਼ਕ

1857 ਦੇ ਗੁੱਜਰ ਸ਼ਹੀਦ ਪੁਸਤਕ ਦੇ ਪ੍ਰਕਾਸ਼ਨ ਦੀ ਜ਼ਿੰਮੇਵਾਰੀ ਜਦੋਂ ਸਾਨੂੰ ਸੰਭਾਲੀ ਗਈ ਤਾਂ ਅਸੀਂ ਬਹੁਤ ਮਾਣ ਮਹਿਸੂਸ ਕੀਤਾ। ਕਾਰਨ ਸਪਸ਼ਟ ਸੀ। ਦੇਸ਼ ਭਗਤਾਂ ਦੀ ਗੌਰਵ ਮਈ ਗਾਥਾ ਵਰਗੀ ਪਵਿੱਤਰ ਪੁਸਤਕ ਦੇ ਪ੍ਰਕਾਸ਼ਨ ਦੇ ਯੋਗ ਪ੍ਰਿੰਸੀਪਲ ਗਣਪਤੀ ਸਿੰਘ ਜੀ (ਲੇਖਕ) ਨੇ ਸਾਨੂੰ ਯੋਗ ਸਮਝਕੇ ਮਾਣ ਬਖਸ਼ਿਆ।

ਇਸ ਪੁਸਤਕ ਦੀ ਮਹਾਨ ਵਸ਼ੇਸ਼ਤਾ ਇਹ ਵੀ ਹੈ ਕਿ 1857 ਦੇ ਹੋਰ ਮਹਾਨ ਸ਼ਹੀਦਾਂ ਦੇ ਬਾਰੇ ਵੀ ਲੇਖਕ ਨੇ ਬਗੈਰ ਪੱਖਪਾਤ ਅਤੇ ਉਦਾਰ ਹਿਰਦੇ ਨਾਲ ਲਿਖਿਆ ਹੈ। 1857 ਦੀ ਕਰਾਂਤੀ ਦੀਆਂ ਲਪਟਾਂ ਵਾਲੇ ਅਧਿਆਇ ਆਪਣੇ ਆਪ ਵਿਚ 1857 ਦੀ ਕਰਾਂਤੀ ਦੀ ਕਹਾਣੀ ਹੈ।

ਇਤਿਹਾਸਕਾਰਾਂ ਦੇ ਮੱਤ ਵੀਰਾਂਗਨਾਂ ਦੇਸ਼ ਭਗਤ ਝਾਂਸੀ ਦੀ ਰਾਣੀ ਲਕਸ਼ਮੀ ਬਾਈ, ਬਹਾਦੁਰ ਸ਼ਾਹ, ਅਵਧ ਦੀ ਬੇਗਮ ਹਜ਼ਰਤ ਮਹਲ, ਮੌਲਵੀ ਅਹਿਮਦ ਸ਼ਾਹ, ਤਾਂਤੀਆ ਟੋਪੇ ਤੇ ਨਾਨਾ ਫਰਨਵੀਸ ਦੇ ਬਹਾਦਰੀ ਭਰਪੂਰ ਕਾਰਨਾਮਿਆਂ ਤੇ ਪ੍ਰਕਾਸ਼ ਪਾਉਣ ਨਾਲ ਅੰਧਕਾਰ ਦੀ ਚਾਦਰ ਨੂੰ ਹਟਾਇਆ ਗਿਆ ਹੈ।

ਮੈਂ ਇਸ ਪੁਸਤਕ ਦੇ ਪ੍ਰਕਾਸ਼ਨ ਦਾ ਭਾਰ ਸੰਭਾਲ ਕੇ ਮੰਝੇ ਹੋਏ ਲੇਖਕ, ਵਿਚਾਰਕ, ਦੇਸ਼ ਭਗਤ, ਸਮਾਜ ਸੇਵਕ ਦੀ ਇਸ ਇਤਿਹਾਸਕ ਪੁਸਤਕ ਅਰਥਾਤ ਸ਼ਹੀਦਾਂ ਦੀ ਮਹਾਨ ਗੌਰਵ ਗਾਥਾ ਨੂੰ ਪ੍ਰਕਾਸ਼ਿਤ ਕਰਨ ਦਾ ਸ਼ੁਭ ਅਵਸਰ ਮਿਲਿਆ ਜਿਸ ਲਈ ਲੇਖਕ ਦਾ ਨਿਮਰਤਾ ਸਹਿਤ ਧੰਨਵਾਦੀ ਹਾਂ।

ਗਿਆਨੇਂਦਰ ਸਿੰਘ ਭੜਾਨਾ
ਪ੍ਰਕਾਸ਼ਕ

ਨਵਾਦਾ ਕੋਹ
ਡਾ : ਪਾਲੀ
ਜ਼ਿਲ੍ਹਾ ਫਰੀਦਾਬਾਦ (ਹਰਿਆਣਾ)
10. 9. 83

# ਧੰਨਵਾਦ

ਮੇਰਾ ਸੁਭਾਗ ਹੈ ਕਿ ਮੇਰੇ ਬੇਨਤੀ ਕਰਨ ਤੇ ਸ੍ਰੀ ਰਤਨਲਾਲ ਵਰਮਾ ਪ੍ਰਸਿੱਧ ਇਤਿਹਾਸਕਾਰ ਨੇ ਮੇਰੇ ਜਿਹੇ ਅਤਿ ਗਰੀਬ ਵਿਅਕਤੀ ਦੀ ਪੁਸਤਕ "1857 ਦੇ ਗੁੱਜਰ ਸ਼ਹੀਦ" ਦੀ ਭੂਮਿਕਾ ਲਿਖ ਕੇ ਮੇਰਾ ਉਦੇਸ਼ ਪੂਰਾ ਕੀਤਾ ਹੈ। ਮੈਂ ਉਨ੍ਹਾਂ ਦਾ ਦਿਲੋਂ ਧੰਨਵਾਦੀ ਹਾਂ। ਸ੍ਰੀ ਰਤਨ ਲਾਲ ਵਰਮਾ ਗੁੱਜਰ ਵੀਰ ਗਾਥਾ ਦੇ ਲੇਖਕ ਹਨ, ਜਿਸ ਦੀਆਂ ਦੋ ਐਡੀਸ਼ਨਾਂ ਛੱਪ ਚੁਕੀਆਂ ਹਨ। ਦੂਸਰੀ ਭਾਰਤੀ ਸੰਸਕ੍ਰਿਤੀ ਦੇ ਰੱਖਿਅਕ ਹੈ। ਸੰਸਾਰ ਦੇ ਇਤਿਹਾਸ ਅਤੇ ਹਰ ਇੱਕ ਯੁਗ ਇਤਿਹਾਸ ਤੇ ਚਾਨਣਾ ਪਾਉਣ ਦੇ ਸਮਰੱਥ ਹਨ ਵਰਮਾ ਜੀ, ਮੈਂ ਉਨ੍ਹਾਂ ਦਾ ਆਭਾਰੀ ਤੇ ਧੰਨਵਾਦੀ ਹਾਂ।

ਚੌ. ਮਹੇਂਦਰ ਸਿੰਘ, ਮੈਂਬਰ, ਹਰਿਆਣਾ ਵਿਧਾਨ ਸਭਾ ਦਾ ਮੈਂ ਬਹੁਤ ਧੰਨਵਾਦੀ ਹਾਂ ਉਨ੍ਹਾਂ ਨੇ ਪਾਲੀ ਪਾਖਲ ਭੜਾਨਿਆਂ ਦੀ ਗੜ੍ਹੀ ਦੇ ਬਾਰੇ ਕੁਝ ਜਾਣਕਾਰੀ ਭੀ ਦਿੱਤੀ। ਪੁਸਤਕ ਲਿਖਣ ਲਈ ਉੱਚਿਤ ਵਾਤਾਵਰਣ ਤੇ ਜਰੂਰੀ ਸਹੂਲਤਾਂ ਪਰਦਾਨ ਕੀਤੀਆਂ। ਮਹੇਂਦਰ ਪਰਤਾਪ ਸਿੰਘ ਹੋਣਹਾਰ ਵਿਧਾਇਕ ਹਨ। ਪਰਮੇਸ਼ਰ ਉਨ੍ਹਾਂ ਨੂੰ ਜਨ ਸੇਵਾ ਲਈ ਜਿਆਦਾ ਸ਼ਕਤੀ ਤੇ ਅਧਿਕਾਰ ਬਖਸ਼ੇ।

(ਹਾਰਦਿਕ ਧੰਨਵਾਦ)

ਮੈਂ ਸਾਰੇ ਲੇਖਕਾਂ ਦਾ ਭੀ ਆਭਾਰੀ ਹਾਂ ਜਿਨ੍ਹਾਂ ਦੀਆਂ ਪੁਸਤਕਾਂ ਤੋਂ ਮੈਨੂੰ ਇਤਿਹਾਸ ਦਾ ਗਿਆਨ ਹੋਇਆ ਅਤੇ ਉਨ੍ਹਾਂ ਦਾ ਮੈਂ ਸਦ-ਉਪਯੋਗ ਕੀਤਾ ਹੈ ਉਨ੍ਹਾਂ ਦਾ ਧੰਨਵਾਦ ਕਿਨ੍ਹਾਂ ਸ਼ਬਦਾਂ ਵਿਚ ਕਰਾਂ?

ਗਿਆਨੇਂਦਰ ਸਿੰਘ

ਨਵਾਦਾ ਕੋਹ, ਡਾਕ : ਪਾਲੀ
ਜ਼ਿਲ੍ਹਾ ਫਰੀਦਬਾਦ (ਹਰਿਆਣਾ)
15.9.84

# ਪ੍ਰਸਤਾਵਨਾ

ਸਨ 1857 ਈ: ਭਾਰਤ ਦੇ ਇਤਿਹਾਸ ਵਿੱਚ ਬਹੁਤ ਮਹੱਤਵਪੂਰਨ ਤੇ ਨਿਰਣਾਇਕ ਸਾਲ ਰਿਹਾ ਹੈ। ਅੰਗਰੇਜ਼ ਲੇਖਕਾਂ, ਇਤਿਹਾਸਕਾਰਾਂ ਤੇ ਹਾਕਮਾਂ ਨੇ ਇਸ ਮਹੱਤਵਪੂਰਨ ਰਾਜਨੀਤਿਕ ਕਰਾਂਤੀ ਨੂੰ ਵਿਦਰੋਹ ਜਾਂ ਗਦਰ ਤੇ ਰਾਜਧਰੋਹ ਕਿਹਾ ਹੈ। ਅਸਲੀਅਤ ਇਹ ਹੈ ਕਿ ਉਹ ਕਰਾਂਤੀ ਸੀ। ਇਸ ਕਰਾਂਤੀ ਦਾ ਮੂਲ ਕਾਰਣ ਚਰਬੀ ਵਾਲੇ ਕਾਰਤੂਸ ਨਹੀਂ ਸਨ। ਇਹ ਤਾਂ ਇਕ ਚਿੰਗਾਰੀ ਜੋ ਕੰਮ ਕਰ ਗਈ ਵਾਸਤਵ ਵਿੱਚ ਸਵੈਧਰਮ ਅਤੇ ਸਵੈਰਾਜ ਦੀ ਭਾਵਨਾ ਨੇ ਸਾਰੇ ਦੇਸ਼ ਵਿੱਚ ਵਿਦੇਸ਼ੀ ਹਕੂਮਤ ਦੇ ਵਿਰੁਧ ਇੱਕ ਕਰਾਂਤੀ ਦਾ ਵਾਤਾਵਰਣ ਬਣਾ ਦਿੱਤਾ ਸੀ। ਜਿਸ ਦੇ ਬੀਜ ਪਹਿਲਾਂ ਤੋਂ ਹੀ ਮੌਜੂਦ ਸਨ। ਉਚਿੱਤ ਸਮਾਂ ਅਤੇ ਵਾਤਾਵਰਣ ਦੀ ਉਡੀਕ ਸੀ। ਕਰਾਂਤੀ ਨੂੰ ਦਬਾਇਆ ਜਾ ਸਕਦਾ ਹੈ। ਸਮਾਪਤ ਨਹੀਂ ਕੀਤਾ ਜਾ ਸਕਦਾ। ਉੱਤਰ ਪਰਦੇਸ਼ ਦੇ ਸਹਾਰਨਪੁਰ ਜਨਪਦ ਵਿੱਚ ਜੋ ਉਨ੍ਹਾਂ ਦਿਨਾਂ ਵਿੱਚ ਗੁਜਰਾਤ ਜਾਂ ਗੁੱਜਰ ਦੇਸ਼ ਕਹਿਲਾਉਂਦਾ ਸੀ। ਅਜੇ ਭੀ ਪੁਰਾਣੀ ਪੀੜ੍ਹੀ ਦੇ ਲੋਕ ਇਸਨੂੰ ਗੁੱਜਰ ਦੇਸ਼ ਆਖਦੇ ਹਨ। ਗੁੱਜਰ ਸ਼ਬਦ ਸਮੇਂ ਦੇ ਅੰਤਰਾਲ ਨਾਲ ਲੁਪਤ ਹੋ ਗਿਆ ਹੈ। ਕੁੰਜਾ ਬਹਾਦਰਪੁਰ, ਪਰਗਣਾ ਭਗਵਾਨ ਪੁਰ, ਤਹਿਸੀਲ ਰੁੜਕੀ ਦੇ ਰਾਜਾ ਵਿਜਯ ਸਿੰਘ ਤੇ ਉਨ੍ਹਾਂ ਦੇ ਪ੍ਰਮੁਖ ਸਾਥੀ ਕਲਿਆਣ ਸਿੰਘ ਉਰਫ ਕਲੂਆ ਨੇ ਸਨ। 1822 ਈ: ਵਿਚ ਅੰਗਰੇਜ਼ ਹਕੂਮਤ ਦੇ ਵਿਰੁੱਧ (ਅਸਲ ਵਿੱਚ ਇੰਗਲੈਂਡ ਦੀ ਈਸਟ ਇੰਡੀਆ ਕੰਪਨੀ ਦੀ ਹਕੂਮਤ ਸੀ) ਵਿਦਰੋਹ ਕੀਤਾ ਸੀ ਅਤੇ ਇਹ ਵਿਦਰੋਹ ਸਨ 1825 ਤੀਕਰ ਜਾਰੀ ਰਿਹਾ ਸੀ। ਤਿੰਨ ਸਾਲਾਂ ਵਿੱਚ ਇਹ ਕਰਾਂਤੀ ਸਹਾਰਨਪੁਰ ਜਨਪਦ ਵਿੱਚ ਜੰਗਲ ਦੀ ਅੱਗ ਦੀ ਤਰ੍ਹਾਂ ਘਰ ਘਰ ਪਹੁੰਚ ਗਈ ਸੀ। ਪ੍ਰੰਤੂ ਅੰਗਰੇਜ਼ ਸਰਕਾਰ ਨੇ ਪੂਰੀ ਸੈਨਿਕ ਸ਼ਕਤੀ ਨਾਲ ਇਸਨੂੰ ਕੁਚਲ ਦਿੱਤਾ। ਰਾਜਾ ਵਿਜਯ ਸਿੰਘ ਤੇ ਕਲਿਆਣ ਸਿੰਘ ਆਪਣੇ ਅਨੇਕਾਂ ਦੇਸ਼ ਭਗਤਾਂ ਸਾਥੀਆਂ ਦੇ ਨਾਲ ਸ਼ਹੀਦ ਹੋ ਗਏ ਸਨ। ਇਹ ਦੋਵੇਂ ਕਰਾਂਤੀਕਾਰੀ ਨੇਤਾ ਗੁੱਜਰ ਸਨ। ਇਹ ਦੋਵੇਂ ਕਰਾਂਤੀਕਾਰੀ ਉਨ੍ਹਾਂ ਦੀ ਅਗਵਾਈ ਵਿਚ ਸਹਾਰਨਪੁਰ ਇਲਾਕੇ ਦੀ ਗੁੱਜਰ ਜਨਤਾ ਤੇ ਰੰਘੜ ਮੁਸਲਮਾਨ ਸੰਗਠਿਤ ਰੂਪ ਵਿਚ ਅੰਗਰੇਜ਼ਾਂ ਨਾਲ ਲੜੇ ਸਨ। ਜਿਸ ਦੇ ਨਤੀਜੇ ਵਜੋਂ ਅੰਗਰੇਜ਼ ਸਰਕਾਰ ਨੇ ਇਨ੍ਹਾਂ ਦੇਸ਼ ਭਗਤਾਂ ਕਰਾਂਤੀਕਾਰੀ ਗੁੱਜਰਾਂ ਦੇ ਰਜਵਾੜੇ ਦੀਆਂ ਜਗੀਰਾਂ, ਜਮੀਨ, ਜਾਇਦਾਦ ਜਬਤ ਕਰਕੇ ਉਨ੍ਹਾਂ

ਦੇ ਆਪਣੇ ਵਫਾਦਾਰਾਂ ਨੂੰ ਇਨਾਮ ਵਿਚ ਦੇ ਦਿੱਤੀਆਂ ਸਨ ਜਿਹੜੇ ਅੰਗਰੇਜ਼ ਦੇ ਹਿਮਾਇਤੀ ਸਨ। ਜਿਨ੍ਹਾਂ ਮਾਲ ਗੁਜਾਰੀ ਅੰਗਰੇਜ਼ ਹਕੂਮਤ ਨੂੰ ਨਾ ਦੇਕੇ ਰਾਜਾ ਵਿਜਯ ਸਿੰਘ ਨੂੰ ਦਿੱਤੀ ਸੀ ਜਾਂ ਸਮੂਹਕ ਰੂਪ ਵਿਚ ਰਾਜਾ ਵਿਜਯ ਸਿੰਘ ਦੇ ਨਾਲ ਰਹੇ। ਅੰਗਰੇਜ਼ਾਂ ਨੇ ਉਨ੍ਹਾਂ ਪਿੰਡਾਂ ਨੂੰ ਅੱਗ ਲਾਕੇ ਸਾੜਿਆ ਤੇ ਰਾਖ ਕਰ ਦਿੱਤਾ।

ਸਨ 1857 ਤੋਂ ਪੈਂਤੀ ਸਾਲ ਪਹਿਲਾਂ ਅੰਗਰੇਜ਼ ਹਕੂਮਤ ਨੂੰ ਭਾਰਤ ਦੇਸ਼ ਤੋਂ ਕੱਢਣ ਵਾਸਤੇ ਯਤਨ ਦਾ ਉੱਦਮ ਰਾਜਾ ਵਿਜਯ ਸਿੰਘ ਤੇ ਕਲਿਆਣ ਸਿੰਘ ਨੇ ਕੀਤਾ ਹਾਲਾਂਕਿ ਉਹ ਸਫਲ ਨਾ ਹੋ ਸਕੇ। ਸਗੋਂ ਹੋਇਆ ਇਹ ਅੰਗਰੇਜ਼ ਹਕੂਮਤ ਦੇ ਖਿਲਾਫ ਇਕ ਵਾਤਾਵਰਣ ਪੈਦਾ ਕਰ ਦਿੱਤਾ ਸੀ ਜੋ 35 ਸਾਲ ਬਾਅਦ ਵਿਆਪਕ ਪੈਮਾਨੇ ਤੇ ਫੈਲ ਗਿਆ ਅਤੇ ਰਾਜਾ ਵਿਜਯ ਸਿੰਘ ਤੇ ਕਲਿਆਣ ਸਿੰਘ ਦੁਆਰਾ ਸਵਾਧੀਨਤਾ ਦੀ ਜਲਾਈ ਹੋਈ ਜੋਤੀ ਜਵਾਲਾ ਬਣ ਕੇ ਜਵਾਲਾਮੁਖੀ ਦੇ ਵਿਸਫੋਟ ਦਾ ਕਾਰਨ ਬਣ ਗਈ।

ਸਹਾਰਨਪੁਰ ਦੇ ਕਲੈਕਟਰ ਰਾਬਰਟਸਨ ਨੇ ਆਪਣੇ ਅੰਗਰੇਜ਼ੀ ਸ਼ਾਸਨ ਦਾ ਥੋੜ੍ਹਾ ਜਿਹਾ ਕਾਲਾ ਰੂਪ ਪੇਸ਼ ਕੀਤਾ ਹੈ, “ਕਿਸਾਨ ਸਾਡੇ ਰਾਜ ਤੋਂ ਘਿਰਣਾ ਇਸ ਲਈ ਕਰਦੇ ਹਨ ਕਿ ਦੁਨੀਆਂ ਵਿੱਚ ਸਭ ਤੋਂ ਜਿਆਦਾ ਬੇਈਮਾਨ ਸ਼ਾਹੂਕਾਰ ਵਰਗ ਨੂੰ ਅੰਗਰੇਜੀ ਕਾਨੂੰਨ ਨੇ ਮਾਸੂਮ ਤੇ ਭੋਲੇ ਭਾਲੇ ਲਾਪਰਵਾਹ ਵਰਗ ਦੇ ਕਿਸਾਨਾਂ ਦਾ ਖੂਨ ਚੂਸਣ ਦੀ ਇਜਾਜ਼ਤ ਦੇ ਦਿੱਤੀ ਹੈ। ਮੈਂ ਇਹ ਅਨੁਭਵ ਕੀਤਾ ਹੈ ਕਿ ਅਸੀਂ ਆਪ ਬਹੁਤੀ ਘਿਰਣਾ ਦੇ ਪਾਤਰ ਹੋ ਗਏ ਛੋਟੇ ਛੋਟੇ ਜਿੰਮੀਂਦਾਰ ਸਾਨੂੰ ਘਿਰਣਾ ਕਰਨ ਲੱਗੇ। ਜਿਨ੍ਹਾਂ ਦੀ ਸੰਪਤੀ ਜਾਇਦਾਦ ਬਾਣੀਆਂ ਦੇ ਰਾਹੀਂ ਸਾਡੀਆਂ ਅਦਾਲਤਾਂ ਦੇ ਜਰੀਏ ਖੋਹ ਲਈ ਸੀ। ਸੈਨਾ ਵਿਚ ਭਾਰਤੀ ਸਿਪਾਹੀਆਂ ਦੀ ਹਾਲਤ ਗੁਲਾਮਾਂ ਵਾਲੀ ਸੀ। ਉਨ੍ਹਾਂ ਦਾ ਰਹਿਣ ਸਹਿਣ ਬਹੁਤ ਨੀਵਾਂ ਸੀ। ਪੈਰ ਪੈਰ ਤੇ ਅੰਗਰੇਜ਼ ਅਫਸਰ ਉਨ੍ਹਾਂ ਨੂੰ ਅਪਮਾਨਿਤ ਕਰਦੇ ਰਹਿੰਦੇ ਸਨ। ਉੱਨਤੀ ਦੇ ਰਸਤੇ ਬੰਦ ਸਨ ਇਕ ਥੋੜ੍ਹਾ ਜਿਹਾ ਕੁਲੀਨ ਵਰਗ ਕਾਨੂੰਨ ਦੇ ਸਹਾਰੇ ਸ਼ੋਸਣ ਕਰਨ ਲੱਗਾ ਹੋਇਆ ਸੀ।”

ਜੇਕਰ ਰਾਬਰਟਸਨ ਦੇ ਉਪ੍ਰੋਕਤ ਵਿਚਾਰਾਂ ਦਾ ਬਾਰੀਕੀ ਨਾਲ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਇਸ ਨਾਲ ਸਹੀ ਸਥਿਤੀ 1857 ਦੀ ਹਾਲਤ ਨੂੰ ਸਪਸ਼ਟ ਕਰਦੀ ਹੈ। ਅੰਗਰੇਜ ਸਰਕਾਰ ਤੋਂ ਨਾ ਕਿਸਾਨ ਖੁਸ਼ ਸੀ ਨਾ ਸੈਨਿਕ ਖੁਸ਼ ਸਨ। ਭਾਰਤੀ ਜਨਤਾ ਦਾ ਸ਼ੋਸਣ ਅੰਗਰੇਜ਼ ਸਰਕਾਰ ਤੇ ਸ਼ਾਹੂਕਾਰ ਵਰਗ ਵੀ ਕਰ ਰਿਹਾ ਸੀ। ਇਤਨਾ ਹੀ ਨਹੀਂ ਸੈਨਿਕ ਦਾ ਜੀਵਨ ਕਦਮ-ਕਦਮ ਤੇ ਅਪਮਾਨ ਤੇ ਪੀੜਤ ਭਰਿਆ ਸੀ। ਇਸ ਗੁਲਾਮੀ ਤੋਂ ਇਲਾਵਾ ਉਨਤੀ ਦਾ ਕੋਈ ਰਸਤਾ ਨਜ਼ਰੀ ਨਹੀਂ ਸੀ ਆ ਰਿਹਾ। ਜਿਸ ਦੇਸ਼ ਦੀ ਜਨਤਾ ਇਤਨੀ ਪੀੜਤ ਹੋਵੇ ਉਸਦਾ ਵਰਤਮਾਨ ਹਾਲਤਾਂ ਵਿੱਚ ਬਗਾਵਤ ਕਰਨਾ ਸੁਵਾਭਿਕ ਹੀ ਹੈ।

ਸੰਨ 1822-25 ਤਕ ਕੇਵਲ ਗੁੱਜਰ ਜਾਤੀ ਦੀ ਅਗਵਾਈ ਵਿਚ ਪਹਿਲਾ ਸਵਾਧੀਨਤਾ ਸੰਗਰਾਮ ਲੜਿਆ ਗਿਆ। ਪ੍ਰੰਤੂ 1857 ਵਿੱਚ ਸੈਨਿਕ ਤੇ ਸਿਵਲੀਅਨ, ਜਨਤਾ, ਰਾਜਾ, ਮਹਾਰਾਜਾ, ਰਾਣੀ ਤੇ ਰਜਵਾੜੇ ਹੁਣ ਭੜਕ ਉਠੇ ਸਨ ਤੇ ਉਹ ਅੰਗਰੇਜ਼ਾਂ ਨੂੰ ਭਾਰਤ ਤੋਂ ਬਾਹਰ ਕੱਢਣ ਲਈ ਤਿਆਰ ਹੋ ਗਏ ਸਨ।

31 ਮਈ ਦਾ ਦਿਨ ਕਰਾਂਤੀ ਵਾਸਤੇ ਨੀਯਤ ਹੋ ਗਿਆ ਸੀ। ਪ੍ਰੰਤੂ ਹਾਲਾਤ ਇਤਨੇ ਖਰਾਬ ਹੋ ਗਏ ਸਨ ਕਿ ਮੇਰਠ ਛਾਉਣੀ ਦੇ ਰਿਸਾਲੇ ਵਿਚ ਆਜ਼ਾਦੀ ਦੀ ਚਿੰਗਾਰੀ 9 ਮਈ ਨੂੰ ਹਵਾ ਦਾ ਬੁਲਾ ਲਗਦਿਆਂ ਹੀ ਜਵਾਲਾਮੁਖੀ ਦਾ ਰੂਪ ਧਾਰਣ ਕਰਕੇ ਸਾਰੇ ਦੇਸ਼ ਜਿਥੇ ਜਿਥੇ ਵੀ ਸੈਨਿਕ ਛਾਉਣੀਆਂ ਸਨ ਅਤੇ ਸ਼ਹਿਰ ਤੇ ਸੜਕਾਂ ਦੇ ਨਾਲ ਪਿੰਡਾਂ ਵਿੱਚ ਵੀ ਅੰਗਰੇਜ਼ੀ ਸਮਾਰਾਜ ਨੂੰ ਜਲਾਕੇ ਰਾਖ ਕਰਨ ਲਈ ਕਰਾਂਤੀਕਾਰੀ ਉਤਾਵਲੇ ਹੋ ਗਏ ਸਨ। ਜਿਸਦਾ ਵਰਣਨ ਇਸ ਪੁਸਤਕ ਵਿਚ ਨਾ ਕੇਵਲ ਮੇਰੀ ਲਿਖੀ ਹੋਈ ਸਗੋਂ ਕਈ ਅੰਗਰੇਜ਼ ਅਫਸਰਾਂ ਦੀ ਕਲਮ ਤੋਂ ਲਿਖੇ ਹੋਏ ਬਹੁਤ ਦਿਲਚਸਪ ਤੇ ਰੋਮਾਂਟਿਕ ਤੇ ਦਿਲ ਦਹਿਲਾਉਣ ਵਾਲੇ ਸਨ 1857 ਦੇ ਕਿੱਸੇ ਪਾਠਕ ਪੜ੍ਹਨਗੇ।

ਭਾਰਤ ਦੇ ਅੰਤਿਮ ਮੁਗਲ ਬਾਦਸ਼ਾਹ ਬਹਾਦੁਰ ਸ਼ਾਹ ਜ਼ਫ਼ਰ ਦੇ ਮਨ ਦੀ ਕੀ ਹਾਲਤ ਸੀ ਗਵਾਹੀ ਸਾਕਸ਼ੀ ਇੱਕ ਪੱਤਰ ਵਿਚ ਹੈ ਜਿਸਦੀਆਂ ਪੰਗਤੀਆਂ ਨੀਚੇ ਦੇ ਰਹੇ ਹਾਂ। ਉਸਨੇ ਦੇਸ਼ੀ ਰਾਜਿਆਂ ਨੂੰ ਪੱਤਰ ਲਿਖਿਆ ਸੀ। ਉਹ ਆਪ ਉਸ ਵਕਤ ਕੇਵਲ ਨਾਮ ਦਾ ਬਾਦਸ਼ਾਹ ਸੀ। ਉਹ ਈਸਟ ਇੰਡੀਆ ਕੰਪਨੀ ਦਾ ਪੈਨਸ਼ਨ ਭੋਗੀ ਬਾਦਸ਼ਾਹ ਰਹਿ ਗਿਆ ਸੀ। ਉਸਦੇ ਸਾਮਰਾਜ ਦੀਆਂ ਸਰਹੱਦਾਂ ਲਾਲ ਕਿਲੇ ਵਿਚ ਹੀ ਉਸਦੀ ਰਿਹਾਇਸ਼ ਦੀਆਂ ਦੀਵਾਰਾਂ ਤੀਕਰ ਹੀ ਰਹਿ ਗਿਆ ਸੀ। ਉਸਨੇ ਰਾਜਿਆਂ ਨੂੰ ਪੱਤ੍ਰ ਲਿਖਕੇ ਕਿਹਾ ਸੀ। "ਮੇਰੀ ਇਹ ਦਿਲੀ ਖਾਹਸ਼ ਹੈ ਕਿ ਅੰਗਰੇਜ਼ਾਂ ਨੂੰ ਹਿੰਦੁਸਤਾਨ ਤੋਂ ਬਾਹਰ ਕੱਢ ਦਿੱਤਾ ਜਾਵੇ। ਮੇਰੀ ਜਬਰਦਸਤ ਖਾਹਸ਼ ਹੈ ਕਿ ਤਮਾਮ ਹਿੰਦੁਸਤਾਨ ਅਜਾਦ ਹੋ ਜਾਵੇ"।

-1850 ਬਹਾਦਰ ਸ਼ਾਹ

ਬਾਦਸ਼ਾਹ ਜਫਰ ਦਾ ਦਿਲ ਦੇਸ਼ ਭਗਤੀ ਨਾਲ ਲਬਾਲਬ ਭਰਿਆ ਹੋਇਆ ਸੀ। ਉਹ ਪੂਰੇ ਭਾਰਤ ਵਰਸ਼ ਤੋਂ ਅੰਗਰੇਜ਼ਾਂ ਨੂੰ ਭਜਾਉਣਾ ਚਾਹੁੰਦਾ ਸੀ ਤੇ ਮੁਲਕ ਦੇ ਸਵਾਧੀਨ ਹੋਣ ਦਾ ਸੁਪਨਾ ਦੇਖ ਰਿਹਾ ਸੀ, ਜੋ ਸਾਕਾਰ ਨਾ ਹੋ ਸਕਿਆ। ਉਹ ਜਿਉਂਦੇ ਜੀ ਦੇਸ ਨੂੰ ਆਜਾਦ ਨਾ ਕਰਵਾ ਸਕਿਆ ਉਸਦੇ ਅੰਤਮ ਦਿਨ ਰੰਗੂਨ ਦੀ ਜੇਲ੍ਹ ਵਿਚ ਗੁੱਜਰੇ ਤੇ ਜੇਲ ਵਿਚ ਉਸਦੀ ਜੀਵਨ ਲੀਲਾ ਧੂ ਧੂ ਕਰਕੇ ਹੀ ਸਮਾਪਤ ਹੋ ਗਈ।

ਆਜਾਦੀ ਦਾ ਸੰਗਰਾਮ (1857) ਦੇ ਮੋਹਰੀ ਸੈਨਾਨੀ ਮੰਗਲ ਪਾਂਡੇ, ਝਾਂਸੀ ਦੀ ਰਾਣੀ ਲਕਸ਼ਮੀ ਬਾਈ, ਬੇਗਮ ਹਜਰਤ ਮਹਲ, ਕਾਨਪੁਰ ਦੇ ਨਾਨਾ ਸਾਹਿਬ, ਬਿਹਾਰ ਦੇ ਕੰਵਰ ਕੁੰਵਰ ਸਿੰਘ, ਵਾਸੂਦੇਵ ਬਲਵੰਤ ਫੜਕੇ, ਤਾਂਤੀਆ ਟੋਪੇ ਸਤਾਰਾ ਦੇ ਰੰਗੋ ਬਾਪੂ ਜੀ, ਦਿੱਲੀ ਦੇ ਆਖਰੀ ਬਾਦਸ਼ਾਹ ਬਹਾਦਰ ਸ਼ਾਹ ਜਫਰ, ਰੁਹੇਲ ਖੰਡ ਦੇ ਖਾਨ ਬਹਾਦੁਰ ਖਾਂ ਨਾਨਾ ਸਾਹਿਬ ਦੇ ਮੰਤਰੀ ਅਜ਼ੀਮੁੱਲਾ ਖਾਂ, ਅਵਧ ਦੇ ਜਨਾਬ ਵਾਜ਼ਿਦ ਅਲੀ ਸ਼ਾਹ ਤੇ ਉਨ੍ਹਾਂ ਦੇ ਸਾਥੀ ਅਲੀਨਕੀ ਖਾਂ, ਫੈਜਾਬਾਦ ਦੇ ਮੌਲਵੀ ਅਹਿਮਦ ਸ਼ਾਹ ਰਿਵਾੜੀ ਦੇ ਰਾਉ ਤੁਲਾ ਰਾਮ (ਹਰਿਆਣਾ) ਝੱਜਰ ਦੇ ਨਵਾਬ ਅਬਦੁਰ ਰਹਿਮਾਨ ਖਾਂ, ਬਹਾਦਰਗੜ੍ਹ ਦੇ ਨਵਾਬ ਜੰਗ ਖਾਂ, ਰੋਹਤਕ ਦੇ ਬਾਬਰ ਖਾਂ, ਬੱਲਭਗੜ ਦੇ ਜਾਟ ਰਾਜਾ ਨਾਹਰ ਸਿੰਘ, ਫਾਰੂਖ ਨਗਰ ਦੇ ਨਵਾਬ ਅਹਿਮਦ ਅਲੀ, ਹਿਸਾਰ ਦੇ ਸ਼ਹਿਜਾਦਾ ਮਹੁੰਮਦ ਆਜਮ, ਨਵਾਬ ਝੱਜਰ ਦੇ ਦਮਾਦ ਜਰਨਲ ਸਮਦ ਖਾਂ, ਮੌਲਵੀ ਅਹਿਮਦੁਲਾ ਸ਼ਾਹ, ਬਰੇਲੀ ਦੇ ਬਖਤ ਖਾਂ, ਗੁਲਾਮ ਗੌਸ ਖਾਂ ਵਗੈਰਾ ਦਾ ਨਾਮ ਤਾਂ ਅਕਸਰ ਇਤਿਹਾਸ ਦੀਆ ਪੁਸਤਕਾਂ ਵਿੱਚ ਕਿਸੇ ਨਾ ਕਿਸੇ ਰੂਪ ਵਿਚ ਲਿਖਿਆ ਮਿਲ ਜਾਂਦਾ ਹੈ ਲੇਕਿਨ ਜਿਸ ਜਾਤੀ ਵਾਲੇ ਗੁੱਜਰ ਕੌਮ ਨੇ ਜਿਤਨਾ ਮਹਾਨ ਬਲੀਦਾਨ 1857 ਦੇ ਸਵਾਧੀਨਤਾ ਸੰਗਰਾਮ ਵਿੱਚ ਦਿੱਤਾ ਉਤਨਾ ਕਿਸੇ ਜਾਤ ਜਾਂ ਕੌਮ ਨੇ ਨਹੀਂ ਦਿੱਤਾ। ਪੂਰੇ ਭਾਰਤ ਵਿਚ ਗੁੱਜਰ ਕੌਮ ਅੰਗਰੇਜ਼ੀ ਹਕੂਮਤ ਨਾਲ ਉਸੇ ਢੰਗ ਨਾਲ ਲੜੀ ਜਿਸ ਪ੍ਰਕਾਰ ਗੁੱਜਰ ਸਮਰਾਟ ਵਿਦੇਸ਼ੀ ਹਮਲਾਵਰਾਂ ਨਾਲ 600 ਈ ਤੋਂ 1300 ਈਸਵੀ ਤੀਕਰ ਲੜਦੇ ਰਹੇ। ਇਹ ਉਨ੍ਹਾਂ ਦੀ ਇਤਿਹਾਸਿਕ ਪ੍ਰੰਪਰਾ ਸੀ ਕਿ ਉਨ੍ਹਾਂ ਕਦੇ ਭੀ ਵਿਦੇਸ਼ੀ ਹਕੂਮਤ ਨੂੰ ਪਸੰਦ ਨਹੀ ਕੀਤਾ।

ਦੇਸ਼ ਭਗਤ ਗੁੱਜਰਾਂ ਦੇ ਸ਼ਹੀਦ ਅਤੇ ਉਨ੍ਹਾਂ ਦੇ ਬਲੀਦਾਨ ਦੀ ਗੌਰਵ ਗਾਥਾ ਲਿਖਣ ਵੇਲੇ ਇਤਿਹਾਸਕਾਰਾਂ ਅਤੇ ਲੇਖਕਾਂ ਨੇ ਭੀ ਅਣਗੌਲੀ ਕੀਤੀ ਹੈ। ਮੈਨੂੰ ਇਸ ਪੁਸਤਕ ਦੇ ਲਿਖਣ ਦੀ ਪ੍ਰੇਰਨਾ ਅਜਿਹੇ ਸ਼ਹੀਦਾਂ ਅਤੇ ਸਵਾਧੀਨਤਾ ਸੈਨਾਨੀਆਂ ਦੀ ਅਮਰ ਆਤਮਾਵਾਂ ਦੁਆਰਾ ਹੀ ਮਿਲੀ ਹੈ। ਮੇਰਾ ਨਿਸ਼ਾਨਾ ਇਸ ਪੁਸਤਕ ਵਿਚ ਗੁੱਜਰ ਸ਼ਹੀਦਾਂ ਅਤੇ ਵੀਰਗਾਥਾ ਲਿਖਨ ਦਾ ਹੈ ਜਿਨ੍ਹਾਂ ਨੇ ਆਪਣੇ ਸਰਬੰਸ 1822-1825 ਤੱਕ ਅਤੇ 1857 ਵਿਚ ਭਾਰਤ ਮਾਤਾ ਦੀ ਸਵਾਧੀਨਤਾ ਵਾਸਤੇ ਵਾਰ ਦਿੱਤਾ ਸੀ। ਦੁਖ ਦੀ ਗੱਲ ਇਹੋ ਹੈ ਇਨ੍ਹਾਂ ਅਨਜਾਣੇ ਸ਼ਹੀਦਾਂ ਦਾ ਨਾਮ ਉਜਾਗਰ ਹੋ ਜਾਵੇ। ਜਿਨ੍ਹਾਂ ਦਾ ਇਤਿਹਾਸ ਦੇ ਪੰਨਿਆਂ ਤੇ ਨਾਮ ਵੀ ਨਹੀਂ ਹੈ। ਇਸ ਲਈ ਮੈਂ ਇਹ ਪੁਸਤਕ ਲਿਖਣ ਦੀ ਜਰੂਰਤ ਮਹਿਸੂਸ ਕੀਤੀ।

ਜਿਤਨਾ ਅਸੀਂ ਸਮੁੰਦਰ ਦੀ ਗਹਿਰਾਈ ਵਿੱਚ ਉਤਰਦੇ ਗਏ ਉਤਨੇ ਹੀ ਆਬਦਾਰ ਮੋਤੀ ਪਾਉਂਦੇ ਗਏ। ਮੈਂ ਪੰਜ ਸਾਲ ਦੇ ਲਗਭਗ ਇਸ ਖੋਜ ਵਿਚ ਲਾਏ

ਕਿ ਜਿਆਦਾ ਤੋਂ ਜਿਆਦਾ ਇਨ੍ਹਾਂ ਸ਼ਹੀਦਾਂ ਦੇ ਬਾਰੇ ਜਾਣਕਾਰੀ ਹਾਸਿਲ ਕੀਤੀ ਜਾਵੇ ਉਸ ਉਪਰੰਤ ਇਕ ਪੁਸਤਕ ਦਾ ਰੂਪ ਦੇ ਸਕਾਂ। ਤਾਂ ਕਿ ਉਸ ਭੁੱਲੇ ਵਿਸਰੇ ਹੋਏ ਮਣਕੇ ਤੇ ਮੋਤੀ ਮਾਲਾ ਦਾ ਸਰੂਪ ਬਣ ਜਾਵੇ। ਤੇ ਇਸ ਮਾਲਾ ਨੂੰ ਅਨਜਾਣੇ ਸ਼ਹੀਦਾਂ ਨੂੰ ਅਰਪਣ ਕਰ ਸਕਾਂ। ਜਿਨ੍ਹਾਂ ਦਾ ਪਤਾ ਖੋਜ ਵਿਚ ਮੇਰੇ ਕੋਲੋਂ ਸੀਮਤ ਸਾਧਨਾਂ ਕਰਕੇ ਰਹਿ ਗਿਆ ਹੈ। ਮੇਰੀ ਇਹ ਮਾਨਤਾ ਹੈ ਕਿ ਸਵਾਧੀਨਤਾ ਦੇ ਦੀਵਾਨਿਆਂ ਦਾ ਪੂਰਨ ਇਤਿਹਾਸ ਲਿਖਣਾ ਮੇਰੇ ਜਿਹੇ ਅਕਿੰਚਨ ਵਿਅਕਤੀ ਲਈ ਕਠਿਨ ਵੀ ਹੈ ਸੰਭਵ ਵੀ ਨਹੀਂ। ਸਨ 1857 ਦੇ ਸ਼ਹੀਦ ਗੁੱਜਰਾਂ ਦੇ ਬਾਰੇ ਵਿੱਚ ਜੋ ਜੋ ਸਮੱਗਰੀ ਮੈਨੂੰ ਜਿਥੋਂ ਜਿਥੋਂ ਮਿਲੀ ਹੈ ਉਸਨੂੰ ਮੈਂ ਇਸ ਪੁਸਤਕ ਵਿਚ ਸੰਗ੍ਰਿਹ ਕਰਨੇ ਦੀ ਕੋਸ਼ਿਸ਼ ਕੀਤੀ ਹੈ।

ਮੈਂ ਅੰਗਰੇਜ਼ ਲੇਖਕਾਂ ਦੇ ਉਹ ਉਦਾਹਰਣ ਵੀ ਇਸ ਪੁਸਤਕ ਵਿੱਚ ਲਿਖੇ ਹਨ ਜੋ ਉਨ੍ਹਾਂ ਨੇ ਗੁੱਜਰਾਂ ਦੇ ਬਾਰੇ ਵਿੱਚ ਆਪਣੀਆਂ ਪੁਸਤਕਾਂ ਵਿੱਚ ਦਸਤਾਵੇਜਾਂ ਤੇ ਗਜਟੀਅਰ ਤੇ ਰੀਪੋਰਟਾਂ ਵਿੱਚ ਲਿਖੇ ਸਨ। ਇਸ ਤੋਂ ਅੰਗਰੇਜਾਂ ਦਾ ਇਤਿਹਾਸ ਪ੍ਰੇਮ ਅਤੇ ਘਟਨਾਵਾਂ ਦਾ ਰਿਕਾਰਡ ਰੱਖਣ ਦੀ ਪ੍ਰੰਪਰਾ ਦੀ ਜਾਣਕਾਰੀ ਮਿਲਦੀ ਹੈ। ਅੰਗਰੇਜਾਂ ਨੇ ਇਨ੍ਹਾਂ ਲਿਖਤਾਂ ਵਿਚ ਗੁੱਜਰ ਜਾਤੀ ਦਾ ਅੰਗਰੇਜ਼ ਹਕੂਮਤ ਵਿਰੁੱਧ ਸੰਘਰਸ਼ ਤੇ ਸੰਗਰਾਮ ਦਾ ਵਰਨਣ ਮਿਲਦਾ ਹੈ ਜੋ ਗੁੱਜਰ ਜਾਤੀ ਦੀ ਵਿਦੇਸ਼ੀ ਹਕੂਮਤ ਦੇ ਪ੍ਰਤੀ ਘਿਰਣਾ ਅਤੇ ਦੇਸ਼ ਪ੍ਰੇਮ ਤੇ ਦੇਸ਼ ਭਗਤੀ ਦੀ ਝਲਕ ਦਾ ਪਰਿਚਾਇਕ  ਅਤੇ ਉਨ੍ਹਾਂ ਵਿਚ ਸੰਗਠਨ ਸ਼ਕਤੀ ਦਾ ਪ੍ਰਗਟਾਵਾ ਹੈ। ਜੇਕਰ ਅੰਗਰੇਜ਼ਾਂ ਦੇ ਹਵਾਲੇ ਸਾਡੇ ਪਾਸ ਨਾ ਹੁੰਦੇ ਤਾਂ ਅੰਗਰੇਜ਼ ਹਕੂਮਤ ਦੇ ਵਫਾਦਾਰ ਤਾਂ ਕਦੇ ਵੀ ਗੁੱਜਰ ਕੌਮ ਦੀ ਬਹਾਦਰੀ ਤੇ ਬਲੀਦਾਨਾਂ ਨੂੰ ਮਾਨਤਾ ਨਹੀਂ ਦਿੰਦੇ।

1857 ਅਤੇ 1858 ਵਿਚ ਜਿਨ੍ਹਾਂ ਲੋਕਾਂ ਦੀਆਂ ਜਗੀਰਾਂ ਅਤੇ ਜਮੀਨਾਂ ਅੰਗਰੇਜ ਹਕੂਮਤ ਨੇ ਆਪਣੇ ਵਫਾਦਾਰਾਂ ਨੂੰ ਦਿੱਤੀਆਂ ਉਹ ਜ਼ਮੀਨ ਜਾਇਦਾਦ ਗੁੱਜਰਾਂ ਤੇ ਹੋਰ ਦੇਸ਼ ਭਗਤਾਂ ਦੀ ਹੈ, ਜੋ ਜਬਤ ਕੀਤੀ ਗਈ ਸੀ। ਇਕ ਤਾਂ 1857 ਦੇ ਸ਼ਹੀਦਾਂ ਨੇ ਜਮੀਨ ਜਾਇਦਾਦ ਸਭ ਜਬਤ ਕਰਵਾ ਲਈ ਦੂਸਰੇ ਉਨ੍ਹਾਂ ਦੇ ਬਲੀਦਾਨਾਂ ਦਾ ਇਤਿਹਾਸ ਵਿਚ ਵਰਨਣ ਤਕ ਵੀ ਨਹੀਂ। ਅੰਗਰੇਜ਼ਾਂ ਦੇ ਚਾਪਲੂਸ ਅਤੇ ਚਹੇਤੇ ਇਨ੍ਹਾਂ ਦੇਸ਼ ਭਗਤਾਂ ਦੀ ਜਮੀਨ ਜਾਇਦਾਦ ਦੇ ਮਾਲਿਕ ਬਣੇ ਹੋਏ ਹਨ। ਦੇਸ਼ ਦੇ ਸਵਾਧੀਨ ਹੋ ਜਾਣ ਬਾਅਦ ਆਪਣੀ ਸਰਕਾਰ ਨੇ ਇਨ੍ਹਾਂ ਦੇਸ਼ ਭਗਤਾਂ ਦੀ ਸਜਾ ਨੂੰ ਬਹਾਲ ਨਹੀਂ ਕੀਤਾ ਅਤੇ ਅੱਜ ਤੱਕ ਵੀਰ ਜਾਤੀਆਂ ਜਿਵੇਂ ਕਿ ਗੁੱਜਰ, ਅਹੀਰ ਆਦਿ ਜਿਨ੍ਹਾਂ ਦੀ ਸੈਨਾ ਵਿਚ ਕੋਈ ਰੈਜੀਮੈਂਟ ਤਕ ਨਹੀਂ ਹੈ।

ਪੁਸਤਕ ਦੇ ਅੰਤ ਵਿਚ ਮੈਂ ਸਨ 1857 ਦੀ ਪ੍ਰਮੁਖ ਪੁਸਤਕਾਂ ਦਾ ਵਰਨਣ ਤੇ ਸੂਚੀ ਦੇ ਦਿੱਤੀ ਹੈ। ਜਿਨ੍ਹਾਂ ਤੋਂ ਅਸੀਂ ਕੁਝ ਪ੍ਰਮੁਖ ਅੰਗਰੇਜ਼ ਲੇਖਕਾਂ ਦੇ ਉਦਾਹਰਣ

ਦਿੱਤੇ ਹਨ। ਚਾਹੇ ਅੰਗਰੇਜ ਹਕੂਮਤ ਦੇ ਕਲ ਪੁਰਜੇ ਸਾਡੇ (ਗੁੱਜਰਾਂ) ਦੇ ਦੁਸ਼ਮਣ ਸਨ ਲੇਕਿਨ ਇਨ੍ਹਾਂ ਦਾ ਇਨਾਂ ਹੀ ਯੋਗਦਾਨ ਹੈ ਇਨ੍ਹਾਂ ਨੇ ਆਪਣੀ ਪੁਸਤਕ ਵਿੱਚ ਗੁੱਜਾਰਾਂ ਦੀ 1857 ਵਿੱਚ ਲੜਾਈ ਦੀ ਚਰਚਾ ਕੀਤੀ ਹੈ ਜੋ ਸਾਡੇ ਇਤਿਹਾਸ ਦੀ ਨਾ ਕੇਵਲ ਸਹਾਇਕ ਸਮਗਰੀ ਹੈ ਬਲਕਿ ਪ੍ਰਮਾਣਿਕ ਸਮਗਰੀ ਵੀ ਹੈ। ਜਿਸਦੀ ਮੈਂ ਜਿਥੇ ਜਰੂਰਤ ਸਮਝੀ ਉਸ ਥਾਂ ਜਿਉਂ ਦੀ ਤਿਉਂ ਇਸ ਪੁਸਤਕ ਵਿੱਚ ਪ੍ਰਯੋਗ ਕੀਤੀ ਹੈ। ਮੈਂ ਉਨ੍ਹਾਂ ਸਾਰੇ ਲੇਖਕਾਂ ਦਾ ਧੰਨਵਾਦੀ ਵੀ ਹਾਂ ਜਿਨ੍ਹਾਂ ਦੀਆਂ ਰਚਨਾਵਾਂ ਤੋਂ ਕਿਤੇ ਵੀ ਗੁੱਜਰ ਸ਼ਹੀਦਾਂ ਦੇ ਬਾਰੇ ਵਿਚ ਕੁਝ ਇਤਹਾਸਕ ਸਮਗਰੀ ਮਿਲੀ ਹੈ ਅਤੇ ਉਸ ਦਾ ਜਿਥੇ ਠੀਕ ਸਮਝਿਆ ਪ੍ਰਯੋਗ ਕੀਤਾ ਹੈ।

ਇਸ ਪੁਸਤਕ ਦੇ ਆਰੰਭ ਵਿਚ ਇਕ ਅਧਿਆਇ ਗੁੱਜਰ ਜਾਤੀ ਦਾ ਸੰਖੇਪ ਇਤਿਹਾਸ ਦੀ ਜਾਣਕਾਰੀ ਇਸ ਲਈ ਦਿੱਤੀ ਹੈ ਤਾਂ ਕਿ ਜਿਸ ਗੁੱਜਰ ਕੌਮ ਦੇ ਸ਼ਹੀਦਾਂ ਦੇ ਬਾਰੇ ਅਸੀਂ ਲਿਖ ਰਹੇ ਹਾਂ ਉਨ੍ਹਾਂ ਦੀ ਸੰਖੇਪ ਜਾਣਕਾਰੀ ਮਿਲ ਜਾਵੇ ਅਤੇ ਜੋ ਰਾਸ਼ਟਰ ਦੀ ਮੁਖ ਧਾਰਾ ਇਸ ਕੌਮ ਦੇ ਸਮੇਂ ਤੋ ਚਲੀ ਆ ਰਹੀ ਹੈ ਉਹ ਸਨ 1857 ਦੀ ਮਹਾਨ ਕਰਾਂਤੀ ਵਿਚ ਇਸ ਪ੍ਰਕਾਰ ਸਮਾ ਜਾਵੇ ਜਿਸ ਪ੍ਰਕਾਰ ਭਾਰਤ ਦੀਆਂ ਨਦੀਆਂ ਹਿੰਦ ਮਹਾਂਸਾਗਰ ਵਿਚ ਪਹੁੰਚ ਕੇ ਮਹਾਨ ਸਮੁੰਦਰ ਦਾ ਅੰਗ ਬਣ ਜਾਂਦੀਆਂ ਹਨ। ਗੁੱਜਰ ਜਾਤੀ ਵਿੱਚ ਵਿਦੇਸ਼ੀ ਸੱਤਾ ਨਾਲ ਨਫਰਤ ਅਤੇ ਭਾਰਤ ਦੀ ਏਕਤਾ ਅਤੇ ਅਖੰਡਤਾ ਨਾਲ ਪ੍ਰੇਮ ਦੀ ਭਾਵਨਾ ਸਮੇਂ ਸੰਸਕਾਰ ਅਚੇਤ ਹੀ ਨਹੀਂ ਬਣੇ ਸਗੋ ਇਨ੍ਹਾਂ ਦਾ ਮਹਾਨ ਇਤਿਹਾਸਿਕ ਪਿਛੋਕੜ ਹੈ। ਗੁੱਜਰ ਜਾਤੀ ਨੇ 600 ਤੋ 1300 ਈਸਵੀ ਤੀਕਰ ਰਾਜਨੀਤਿਕ ਸਿੰਘਾਸ਼ਨ ਦੀ ਸ਼ੋਭਾ ਵਧਾਈ ਹੈ। ਇਹ ਜਾਤੀ ਮਹਾਨ ਸਾਮਰਾਜ ਦੀ ਨਿਰਮਾਤਾ ਰਖਿਅਕ ਤੇ ਪੋਸ਼ਕ ਰਹੀ ਹੈ। ਇਸ ਮਹਾਨ ਜਾਤੀ ਨੇ ਸਮਰਾਟ ਮਿਹਰ ਭੋਜ ਜਿਹੇ ਮਹਾਨ ਸਮਰਾਟ ਤੇ ਸਰਦਾਰ ਪਟੇਲ ਜੈਸੇ ਅਸਾਧਾਰਣ ਪ੍ਰਸ਼ਾਸਕ ਪੈਦਾ ਕੀਤੇ ਹਨ।

ਸਮਰਾਟ ਮਿਹਰ ਭੋਜ ਦੇ ਰਾਜ ਦੀ ਸੀਮਾ ਅਟਕ ਤੋਂ ਕਟਕ ਤੀਕਰ ਸੀ। ਸਾਰਾ ਭਾਰਤ ਲਗਭਗ ਉਸ ਦੇ ਝੰਡੇ ਹੇਠ ਸੀ। ਉਸਦੀ ਮਹਾਨ ਸੈਨਾ ਦੀ ਜਿਸਦੀ ਤਾਦਾਦ 90 ਲੱਖ ਸੀ। ਉਹ ਸੈਨਾ ਚਤੁਰੰਗਣੀ ਸੀ। ਉਨ੍ਹਾਂ ਸਾਰਿਆਂ ਨੂੰ ਨਕਦ ਤਨਖਾਹ ਦਿੱਤੀ ਜਾਇਆ ਕਰਦੀ ਸੀ। ਪ੍ਰਤੀਹਾਰ ਸਮਰਾਟਾਂ ਤੋਂ ਪਹਿਲਾ ਨਕਦ ਤਨਖਾਹ ਮਿਲਣ ਦੀ ਪ੍ਰੰਪਰਾ ਹੀ ਨਹੀਂ ਸੀ ਸਿਰਫ ਰੋਟੀ ਕੱਪੜੇ ਵਾਸਤੇ ਸੈਨਿਕ ਬੰਧੂਆਂ ਮਜਦੂਰਾਂ ਵਾਂਗ ਰਿਹਾ ਕਰਦੇ ਸਨ। ਸਮਰਾਟ ਮਿਹਰ ਭੋਜ ਦੀ ਇਕ ਟਕਸਾਲ ਹਰਿਆਣਾ ਦੇ ਰੋਹਤਕ ਸ਼ਹਿਰ ਦੇ ਪਾਸ ਖੋਕਰਾ ਕੋਟ ਦੀ ਖੁਦਾਈ ਤੋਂ ਮਿਲੀ ਹੈ। ਮੈਂ ਖੁਦ ਹਰਿਆਣਾ ਦੇ ਗੁਰੂ ਕੁਲ ਝੱਜਰ (ਰੋਹਤਕ) ਵਿੱਚ ਅਚਾਰੀਆ ਭਗਵਾਨ ਦੇਵ ਜੀ (ਹੁਣ ਸੰਨਿਆਸੀ ਸਵਾਮੀ ਓਮਾਨੰਦ ਜੀ) ਦੇ ਯਤਨਾਂ ਨਾਲ ਸਥਾਪਿਤ

ਮਿਊਜ਼ੀਅਮ ਵਿੱਚ ਸਮਰਾਟ ਮਿਹਰ ਭੋਜ ਦੀ ਟਕਸਾਲ ਦੇ ਸਿੱਕੇ ਦੇਖੇ ਹਨ ਜਿਨ੍ਹਾਂ ਉੱਤੇ ਸਮਰਾਟ ਮਿਹਰ ਭੋਜ ਦਾ ਰਾਜ ਚਿੰਨ੍ਹ ਆਦਿ ਵਰਾਹ ਮੌਜੂਦ ਹੈ। ਉਸਦੇ ਸਾਮਰਾਜ ਵਿੱਚ ਚੋਰੀ ਡਕੈਤੀ ਦਾ ਭੈਅ ਨਾ ਮਾਤਰ ਵੀ ਨਹੀਂ ਸੀ। ਸਮਰਾਟ ਮਿਹਰ ਭੋਜ ਦੇ ਤੇ ਮਿਹਰਾਵਲੀ ਵਰਤਮਾਨ ਮਹਿਰੌਲੀ ਸ਼ਹਿਰ ਦਿੱਲੀ ਦੇ ਪਾਸ ਅੱਜ ਵੀ ਮੌਜੂਦ ਹੈ। ਉਸ ਜਮਾਨੇ ਵਿਚ ਮਿਹਰਾਵਲੀ ਨਾਮ ਨਾਲ ਪੁਕਾਰਿਆ ਜਾਂਦਾ ਸੀ। ਉਹ ਸਮਰਾਟ ਪ੍ਰਤੀਹਾਰ ਵੰਸ਼ ਦਾ ਵੰਸ਼ਜ ਸੀ। ਪ੍ਰਤੀਹਾਰਾਂ ਨੇ ਅਰਬ ਹਮਲਾਵਰਾਂ ਤੋਂ ਦੇਸ਼ ਦੀ ਰੱਖਿਆ ਕੀਤੀ ਸੀ। ਐਸੇ ਐਸੇ ਮਹਾਨ ਸਮਰਾਟ ਅਤੇ ਜਾਤੀ ਦੀ ਕੁੱਖ ਤੋਂ ਜਨਮੇ ਹਨ। ਮਹਾਨ ਸਮਰਾਟ ਇੱਕ ਨਹੀਂ ਅਨੇਕਾਂ ਨੇ ਇਸ ਜਾਤੀ ਦੇ ਗੌਰਵ ਵਿਚ ਵਾਧਾ ਕੀਤਾ।

ਇਸੇ ਤਰਾਂ ਮਹਾਨ ਗੁੱਜਰ ਸੈਨਾਪਤੀਆਂ ਵਿੱਚ ਸ਼ਿਵਾ ਜੀ ਦੇ ਸੈਨਾਪਤੀ ਪਰਤਾਪ ਰਾਓ, ਜੋਗ ਰਾਜ ਗੁੱਜਰ ਗੁੱਜਰ ਧਾਰ ਦਾ ਮਹਾਨ ਸੈਨਾਪਤੀ ਸਯੋਪਤਿ ਸਿੰਘ ਗੁੱਜਰ ਤੇ ਰਾਜਾ ਰਾਮਪਾਲ ਘੁਰੱਈਆ ਗੁੱਜਰ ਸੀ। ਬੁੰਧੇਲਖੰਡ ਵਿਚ ਸਮਸ਼ੇਰ ਗੜ ਤੇ ਸਮਥਰ ਰਾਜ ਦੀ ਸਥਾਪਨਾ ਕਰਨ ਵਾਲੇ ਸੈਨਾਪਤੀ ਨੰਨ ਸ਼ਾਹ ਗੁੱਜਰ, ਪ੍ਰੀਕਸ਼ਤ ਗੜ ਰਾਜ ਵਿਚ ਲੰਢੋਰਾ ਰਾਜ ਦੀ ਸਥਾਪਨਾ ਕਰਨ ਵਾਲੇ ਰਾਉ ਚੇਤ ਸਿੰਘ ਗੁੱਜਰ ਸਨ। ਗੜਵਾਲ ਦੀ ਰੱਖਿਆ ਕਰਨ ਵਾਲੇ ਮਹਾਨ ਸੈਨਾਪਤੀ ਰਾਉ ਮਨੋਹਰ ਸਿੰਘ ਅਤੇ ਰਾਮ ਦਯਾਲ ਸਿੰਘ ਗੁੱਜਰ ਸਨ। ਭਾਰਤ ਦੇ ਇਤਿਹਾਸ ਵਿੱਚ ਗੁੱਜਰ ਕੌਮ ਦੀ ਦੇਸ਼ ਭਗਤੀ ਅਤੇ ਦੇਸ਼ ਪ੍ਰੇਮ ਕੱਢ ਦਿੱਤਾ ਜਾਵੇ ਤਾਂ ਵਦੇਸ਼ੀ ਹਮਲਾਵਰਾਂ ਦੀ ਲੁੱਟ ਖਸੁੱਟ ਅਤੇ ਵਦੇਸ਼ੀ ਲੋਕਾਂ ਦੀ ਸੱਤਾ ਹੀ ਰਹਿ ਜਾਵੇਗੀ।

ਜਿੰਨਾ ਜੁਲਮ ਅੰਗਰੇਜ਼ ਹੁਕਮਰਾਨਾਂ ਨੇ ਗੁਰਜਰ ਜਾਂ ਗੁੱਜਰ ਜਾਤੀ ਉਤੇ ਕੀਤਾ ਹੈ ਉਸ ਤੋਂ ਜ਼ਿਆਦਾ ਅਤਿਆਚਾਰ ਇਤਿਹਾਸਕਾਰਾਂ ਨੇ ਗੁੱਜਰ ਜਾਤੀ ਨਾਲ ਕੀਤਾ ਹੈ। ਚਾਹੇ ਇਤਿਹਾਸਕਾਰ ਵਿਦੇਸ਼ੀ ਹੋਣ ਜਾਂ ਭਾਰਤੀ ਸਾਰਿਆਂ ਨੇ ਗੁੱਜਰਾਂ ਦੇ ਸੁਨਹਿਰੀ ਕਾਲ ਦੇ ਇਤਿਹਾਸ ਨੂੰ ਹੋਰ ਜਾਤੀਆਂ ਦੇ ਮੱਥੇ ਮੜ੍ਹ ਦਿੱਤਾ ਹੈ। ਗਨੀਮਤ ਇਹ ਹੈ ਕਿ ਗੁੱਜਰ ਸਮਰਾਟ ਰਾਜਾ ਮਹਾਰਾਜਾ ਆਪਣੇ ਨਾਮ ਦੇ ਨਾਲ ਗੁੱਜਰ ਮਹਾਰਾਜ, ਗੁੱਜਰੇਸ਼ਵਰ ਗੁੱਜਰ ਅਧਿਰਾਜ, ਗੁੱਜਰ ਸਮਰਾਟ ਆਦਿ ਆਪਣੇ ਸਿਲਾ ਲੇਖਾਂ ਤੇ ਲਿਖਵਾਉਦੇ ਰਹੇ ਹਨ। ਜਿਸ ਕਰਕੇ ਸ਼ਾਨਦਾਰ ਇਤਿਹਾਸ ਉਤੇ ਪਾਏ ਹੋਏ ਪਰਦੇ ਨੂੰ ਹਟਾਉਣ ਵਿੱਚ ਅਸਾਨੀ ਹੋ ਗਈ ਹੈ। ਸਭ ਤੋਂ ਵੱਧ ਗੁੱਜਰ ਜਾਤੀ ਦੇ ਗੌਰਵ ਨੂੰ ਉਜਾਗਰ ਕਰਨ ਵਿੱਚ ਕੇ ਐਸ ਮੁਨਸ਼ੀ ਦਾ ਯੋਗਦਾਨ ਹੈ। ਜਿਸਨੇ "ਗਲੋਰੀ ਦੈਟ ਵਾਜ ਗੁੱਜਰ ਦੇਸ਼" ਉਨ੍ਹਾਂ ਨੇ ਗੁੱਜਰਾਤ ਨੂੰ ਦੇਸ਼ ਮੰਨ ਕੇ ਗੁੱਜਰ ਸ਼ਬਦ ਨੂੰ ਸਮਝਣ ਵਿਚ ਭੁੱਲ ਕੀਤੀ ਹੈ। ਜਦੋਂ ਕਿ ਗੁਜਰਾਤ ਪ੍ਰਦੇਸ਼ ਦਾ ਨਾਮ ਹੀ ਗੁੱਜਰਾਂ ਦਾ ਦੇਸ਼ ਹੋਣ ਕਰਕੇ ਪਿਆ ਹੈ। ਇਹ ਸਚਾਈ ਹੈ ਗੁਜਰਾਤ ਦੇ

ਨਿਵਾਸੀ ਹੋਣ ਕਰਕੇ ਗੁੱਜਰ ਕਹਿਲਾਏ। ਗੁੱਜਰ ਇਤਿਹਾਸ ਤੇ ਕੁਝ ਪੁਸਤਕਾਂ ਲਿਖੀਆਂ ਗਈਆਂ ਹਨ। ਜਿਨ੍ਹਾਂ ਵਿਚ ਸਭ ਤੋਂ ਮਹੱਤਵਪੂਰਨ ਗੁੱਜਰ ਗਾਥਾ ਹੈ, ਜਿਸਦੇ ਲੇਖਕ ਰਤਨ ਲਾਲ ਵਰਮਾ ਹਨ। ਇਸ ਪੁਸਤਕ ਵਿੱਚ ਗੁੱਜਰ ਇਤਿਹਾਸ ਨੂੰ ਸੰਖੇਪ ਵਿਚ "ਗਾਗਰ ਵਿਚ ਸਾਗਰ" ਤਰਕ ਪੂਰਣ ਅਤੇ ਪ੍ਰਮਾਣ ਸਮੇਤ ਉਨ੍ਹਾਂ ਗਲਤ ਫਹਿਮੀਆਂ ਦਾ ਉੱਤਰ ਦਿੱਤਾ ਹੋਇਆ ਹੈ ਜੋ ਗੁੱਜਰ ਜਾਤੀ ਦੇ ਇਤਿਹਾਸ ਲਿਖਣ ਵਾਲਿਆਂ ਇਤਿਹਾਸ ਤੇ ਪਰਦੇ ਪਾਏ ਹੋਏ ਸਨ। ਭਵਿੱਖ ਵਿੱਚ ਗੁੱਜਰ ਜਾਤੀ ਦਾ ਇਤਿਹਾਸ ਲਿਖਣ ਵਾਲੇ ਨੂੰ ਗੁੱਜਰ ਵੀਰ ਗਾਥਾ ਤੋਂ ਬਹੁਤ ਵੱਡੀ ਸਹਾਇਤਾ ਮਿਲੇਗੀ, ਮੈਨੂੰ ਇਸ ਵਿੱਚ ਰੱਤੀ ਭਰ ਸੰਕਾ ਨਹੀਂ ਹੈ। ਵਰਮਾ ਜੀ ਦੀ ਦੂਸਰੀ ਕਿਤਾਬ 'ਭਾਰਤੀ ਸੰਸਕ੍ਰਿਤੀ ਦੇ ਰੱਖਿਅਕ, ਇਤਿਹਾਸ ਦੀ ਪੁਸਤਕ ਹੈ। ਜੋ ਕਿਸੇ ਦੀ ਪ੍ਰਸੰਸਾ ਦੀ ਮੁਹਤਾਜ ਨਹੀਂ ਹੈ।

ਮੈਂ ਇਕ ਵਾਰ ਦੁਬਾਰਾ ਸਾਰੇ ਲੇਖਕਾਂ ਦਾ ਧੰਨਵਾਦੀ ਹਾਂ ਜਿਨ੍ਹਾਂ ਦੀਆਂ ਪੁਸਤਕਾਂ ਤੋਂ ਮੈਨੂੰ ਗੁੱਜਰ ਜਾਤੀ ਦੇ ਸ਼ਹੀਦਾਂ ਤੇ ਉਨ੍ਹਾਂ ਗੌਰਵ ਪੂਰਣ ਇਤਿਹਾਸਕ ਜਾਣਕਾਰੀ ਤੇ ਹੋਰ ਦੇਸ਼ ਭਗਤਾਂ ਬਾਰੇ ਕੁਝ ਵਿਚਾਰ ਤੇ ਠੋਸ ਸਮੱਗਰੀ ਮਿਲੀ ਹੈ ਅਤੇ ਉਸਦਾ ਸਦ ਉਪਯੋਗ ਕਰਕੇ ਭਾਰਤ ਮਾਤਾ ਦੇ ਅਣਜਾਣੇ ਸਪੂਤਾਂ ਦੇ ਬਲੀਦਾਨਾਂ ਤੇ ਮਹਾਨ ਤਿਆਗ ਨੂੰ ਉਜਾਗਰ ਕਰਕੇ ਦੇਸ਼ ਦੀ ਭਾਵੀ ਪੀੜ੍ਹੀਆਂ ਨੂੰ ਪ੍ਰੇਰਨਾ ਦੇਣ ਵਾਸਤੇ ਪੁਸਤਕ ਦੀ ਰਚਨਾ ਕੀਤੀ ਹੈ। ਦੇਸ਼ ਦੀ ਏਕਤਾ, ਦੇਸ਼ ਪ੍ਰੇਮ ਰਾਸ਼ਟਰੀਅਤਾ ਦੇਸ਼ ਦੀ ਏਕਤਾ ਤੇ ਅਖੰਡਤਾ ਦੀ ਪ੍ਰੇਰਨਾ ਤੇ ਉਤਸ਼ਾਹ ਦਾ ਥੋੜ੍ਹਾ ਹੀ ਸੰਚਾਰ ਕੀਤਾ ਤਾਂ ਮੈਂ ਆਪਣੀ ਇਸ ਕੋਸ਼ਿਸ਼ ਨੂੰ ਧੰਨ ਸਮਝਾਂਗਾ।

ਗਣਪਤੀ ਸਿੰਘ

ਸ੍ਰੀ ਕੇ. ਐਸ. ਮੁਨਸ਼ੀ ਨੇ ਸਮਰਾਟ ਮਿਹਰ ਭੋਜ ਦੇ ਬਾਰੇ ਵਿੱਚ ਆਪਣੇ ਗ੍ਰੰਥ ਇਮਪੀਰੀਅਲ ਗੁੱਜਰ ਵਿਚ ਲਿਖਿਆ ਹੈ

ਗੁੱਜਰ ਸਮਰਾਟ ਮਿਹਰ ਭੋਜ ਦੀ ਤੁਲਨਾ ਸੰਸਾਰ ਦੇ ਉਸ ਸਮੇਂ ਦੇ ਸਮਰਾਟਾਂ ਵਿਸ਼ੇਸ਼ ਕਰਕੇ ਵਿਜੰਤੀ (ਰੋਮ) ਦੇ ਸਮਰਾਟਾਂ ਨਾਲ ਕਰਕੇ ਉਨ੍ਹਾਂ ਦੀ ਮਹਾਨਤਾ ਨੂੰ ਘੱਟ ਕਰਦੇ ਹਨ। ਵਾਸਤਵ ਵਿੱਚ ਗੁੱਜਰ ਸਮਰਾਟ ਮਿਹਰ ਭੋਜ ਸੰਸਾਰ ਦੇ ਸਮਰਾਟਾਂ ਵਿਚ ਅਦੁੱਤੀ ਸੀ ਉਨ੍ਹਾਂ ਸਾਰਿਆਂ ਤੋਂ ਮਹਾਨ ਸੀ"।

# ਗੁਰਜਰ (ਗੁੱਜਰ) ਜਾਤੀ ਦੀ ਜਾਣ ਪਛਾਣ

ਗੁੱਜਰ ਅਰਥਾਤ ਗੁਰਜਰ ਜਾਤੀ ਆਰੀਆ ਨਸਲ ਦੀ ਇਕ ਸ਼ਾਖਾ ਹੈ। ਨਵਵੰਸ਼ ਵਿਗਿਆਨੀ ਅਤੇ ਭਾਸ਼ਾ ਵਿਗਿਆਨਕਾਂ ਨੇ ਇਸ ਆਰੀਆ ਲਹੂ ਤੋਂ ਉਤਪੰਨ ਹੋਣਾ ਮੰਨਿਆਂ ਹੈ। ਪ੍ਰਸਿੱਧ ਪੁਰਤੱਤਵ ਵਿਗਿਆਨੀ ਸਰ ਹਰਬਰਟ ਰਿਜਲੇ ਦੀ 1901 ਈ: ਦੀ ਰੀਪੋਰਟ ਦੇ ਅਨੁਸਾਰ ਗੁੱਜਰ (ਜਾਤੀ) ਆਰੀਆਂ ਨਸਲ ਦੇ ਪਹਿਲੀ ਸ਼੍ਰੇਣੀ ਦੇ ਸਿੱਧ ਹੋਏ ਹਨ। ਇਨ੍ਹਾਂ ਦੇ ਨੱਕ ਦਾ ਇੰਡੈਕਸ 66.8 ਹੈ ਜੋ ਹੋਰ ਕਿਸੇ ਦੂਸਰੀ ਜਾਤੀ ਦਾ ਨਹੀਂ ਹੈ। ਗੁੱਜਰਾਂ ਦਾ ਲੰਬਾ ਸਿਰ ਅਤੇ ਚੌੜਾ ਮੱਥਾ, ਤਿੱਖਾ ਨੱਕ ਭੀ ਇਹੋ ਸਿੱਧ ਕਰਦਾ ਹੈ। ਗੁੱਜਰ ਜਾਤੀ ਅੰਤਰਰਾਸ਼ਟਰੀ ਜਾਤੀ ਹੈ ਜੋ ਪਾਕਿਸਤਾਨ, ਕਾਬੁਲ, ਇਰਾਨ, ਅਫਗਾਨਿਸਤਾਨ, ਜਾਰਜੀਆ (ਰੂਸ ਵਿਚ ਗੁਰਜੀਆ) ਬਸਕੇਰੀਆ (ਰੂਸ) ਬ੍ਰਾਜੀਲ, ਬ੍ਰਿਟਿਸ਼ ਗਾਇਨਾ ਵੈਸਟ ਇੰਡੀਜ਼, ਮਾਰੀਸ਼ਸ਼ ਆਦਿ ਵਿਦੇਸ਼ਾਂ ਵਿੱਚ ਅਬਾਦ ਹਨ। ਪਾਕਿਸਤਾਨ ਦੇ ਰਾਸ਼ਟਰਪਤੀ ਚੌਧਰੀ ਫਜ਼ਲ ਇਲਾਹੀ ਗੁੱਜਰ ਸਨ। ਭਾਰਤ ਦੇ ਰਾਸ਼ਟਰਪਤੀ ਸਵਰਗੀ ਸ੍ਰੀ ਫਖਰੂਦੀਨ ਅਲੀ ਅਹਿਮਦ ਕਸਾਨਾ ਗੋਤ ਦੇ ਗੁੱਜਰ ਸਨ। ਉਨ੍ਹਾਂ ਦਾ ਪਿੰਡ ਪੰਚਨ ਕਸਾਨਾ ਖਾਰੀਆਨਾ (ਗੁਜਰਾਤ) ਪਾਕਿਸਤਾਨ ਵਿੱਚ ਸੀ। ਉਨ੍ਹਾਂ ਦੇ ਪਿਤਾ ਸੈਨਾ ਵਿਚ ਮੇਜਰ ਸਨ। ਪਹਿਲੇ ਸੰਸਾਰ ਯੁਧ ਵਿੱਚ ਕਿਸੇ ਬਹਾਦੁਰੀ ਦੇ ਸਿਲਸਿਲੇ ਵਿੱਚ ਅੰਗਰੇਜ ਹਕੂਮਤ ਨੇ ਉਨ੍ਹਾਂ ਨੂੰ ਅਸਾਮ ਵਿੱਚ ਜਾਗੀਰ ਦਿੱਤੀ ਸੀ। ਆਪਣੀ ਜਮੀਨ ਜਾਇਦਾਦ ਦੇ ਪ੍ਰਬੰਧ ਲਈ ਉਹ ਬਹੁਤਾ ਕਰਕੇ ਅਸਾਮ ਵਿੱਚ ਹੀ ਰਹਿਣ ਲੱਗੇ ਸਨ। ਉਨ੍ਹਾਂ ਨੇ ਆਪਣੇ ਬੇਟੇ ਫਖਰੂਦੀਨ ਅਲੀ ਅਹਿਮਦ ਅਤੇ ਬੇਟੀਆਂ ਦੀਆਂ ਸ਼ਾਦੀਆਂ ਆਪਣੇ ਇਲਾਕੇ ਦੀ ਆਪਣੀ ਬਿਰਾਦਰੀ ਵਿਚ ਕੀਤੀਆਂ ਸਨ। ਉਨ੍ਹਾਂ ਦੀ ਇਕ ਸਕੀ ਭੈਣ ਪਾਕਿਸਤਾਨ ਵਿਚ ਸੀ। ਤੇ ਪਹਿਲੀ ਬੀਵੀ ਦਾ ਇਕ ਇਕ ਭਾਈ ਭੀ ਜਿੰਦਾ ਹੈ। ਉਨ੍ਹਾਂ ਦੀ ਭੈਣ ਅਤੇ ਹੋਰ ਪਰਿਵਾਰ ਵਾਲਿਆਂ ਨੇ ਅਜੇ ਤੀਕਰ ਕਿਸੇ ਹੋਰ ਬਿਰਾਦਰੀ ਵਿਚ ਰਿਸ਼ਤਾ ਨਾਤਾ ਨਹੀਂ ਕੀਤਾ। ਇਹ ਜਾਣਕਾਰੀ ਸਰਵ ਸ੍ਰੀ ਡਾ. ਗੁਲਾਮ ਹੁਸੈਨ ਜਹੀਰ ਦੇ ਸਹਿਯੋਗ ਨਾਲ ਗੁੱਜਰ ਰਾਨਾ ਫਜਲ ਹੁਸੈਨ ਤੋਂ ਮਿਲੀ। ਪਾਕਿਸਤਾਨ ਦੇ ਮੁਮਤਾਜ ਆਲਮ ਨਕਵੀ ਅਤੇ ਅਦੀਬ ਡਾ. ਗੁਲਾਮ ਹੁਸੈਨ ਜਹੀਰ  ਦੇ ਸੰਪਰਕ ਨਾਲ ਸੰਭਵ ਹੋ ਸਕਿਆ।

ਜੰਮੂ ਕਸ਼ਮੀਰ ਤੋਂ ਪ੍ਰਕਾਸ਼ਿਤ "ਗੁੱਜਰ ਦੇਸ਼" ਪਤ੍ਰਿਕਾ ਵਿੱਚ ਪਿਛਲੇ ਸਾਲਾਂ ਵਿਚ ਪ੍ਰਕਾਸ਼ਿਤ ਹੋਈ ਸੀ।

ਚੌਧਰੀ ਫਜਲ ਇਲਾਹੀ ਪਾਕਿਸਤਾਨ ਦੇ ਸਾਬਕਾ ਰਾਸ਼ਟਰਪਤੀ ਵੀ ਪੰਚਮ ਕਸਾਨਾ ਪਿੰਡ ਦੇ ਰਹਿਣ ਵਾਲੇ ਸਨ ਉਨ੍ਹਾਂ ਦਾ ਗੋਤ ਕਸਾਨਾ ਹੀ ਸੀ। ਬ੍ਰਿਟਿਸ਼ ਗਾਇਨਾ ਦੇ ਸਾਬਕਾ ਪ੍ਰਧਾਨ ਮੰਤਰੀ ਸ੍ਰੀ ਛੇਦੀ ਜਗਨ ਗੁੱਜਰ ਸਨ।

ਭਾਰਤ ਵਿਚ ਗੁੱਜਰ ਜਾਤੀ ਜੰਮੂ ਕਸ਼ਮੀਰ, ਹਿਮਾਚਲ, ਹਰਿਆਣਾ, ਦਿੱਲੀ, ਉਤਰ ਪ੍ਰਦੇਸ਼, ਮੱਧ ਪ੍ਰਦੇਸ, ਰਾਜਸਥਾਨ ਮਹਾਂਰਾਸ਼ਟਰ, ਕਰਨਾਟਕਾ, ਆਂਧਰਾ ਪ੍ਰਦੇਸ ਤੇ ਗੁਜਰਾਤ ਵਿਚ ਵੱਸੀ ਹੈ, ਜੋ ਵੱਖੋ ਵੱਖ ਧਰਮਾਂ ਨੂੰ ਮੰਨਣ ਵਾਲੇ ਹਨ। ਸਰਵ ਧਰਮ ਸਮਭਾਵ ਦਾ ਅਦਭੁਤ ਨਮੂਨਾ ਭਾਰਤ ਦੀ ਗੁੱਜਰ ਜਾਤੀ ਹੀ ਹੈ। ਪੰਜਾਬ ਦੇ ਬਹੁਤ ਸਾਰੇ ਗੁੱਜਰ ਸਿੱਖ ਧਰਮ ਵਿਚ ਉਘੇ ਰਹੇ ਹਨ। ਸੰਤ ਫਤਿਹ ਸਿੰਘ ਗੁੱਜਰ ਪਰਿਵਾਰ ਵਿਚੋਂ ਸਨ ਮਹਾਂਵੀਰ ਵਿਜੇਤਾ ਬ੍ਰਗੇਡੀਅਰ ਕੁਲਦੀਪ ਸਿੰਘ ਚਾਂਦਪੁਰੀ ਸਮੇਤ ਬਹੁਤ ਸਾਰੇ ਸੈਨਾ, ਵਾਯੂ ਸੈਨਾ ਵਿਚ ਆਪਣਾ ਕੌਸ਼ਲ ਵਿਖਾ ਚੁਕੇ ਹਨ। ਮੇਜਰ ਜਨਰਲ ਰਾਮ ਸਿੰਘ ਢੇਢੀ ਸਨ। ਨਾਭਾ ਰਿਆਸਤ ਦੇ ਪੂਰਵ ਪ੍ਰਾਈਮਨਿਸਟਰ ਸੰਤ ਸਿੰਘ ਜੀ ਚਾਂਦਪੁਰ ਪਿੰਡ ਦੇ ਸਨ।

ਕਸ਼ਮੀਰ ਦੇ ਮੁਸਲਮਾਨ ਨੇਤਾ ਅਤੇ ਇਤਿਹਾਸਕਾਰ ਚੌਧਰੀ ਵਜੀਰ ਮਹੁੰਮਦ ਹੱਕਲਾ ਨੇ ਭਾਰਤੀ ਗੁੱਜਰ ਸੰਮੇਲਨ ਵਿਚ (ਸਨ 1965) ਵਿਚ ਗਿਆਨੀ ਸਰੂਪ ਸਿੰਘ ਮੀਲੂ ਦੇ ਨਾਲ ਸਮੇਲਨ ਵਿਚ ਸ਼ਾਮਿਲ ਹੋਏ ਸਨ, ਉਨ੍ਹਾਂ ਨੇ ਸੰਮੇਲਨ ਵਿਚ ਕਿਹਾ ਸੀ "ਅਸੀਂ ਮਜਹਬ ਬਦਲੇ ਹਨ, ਆਪਣੇ ਬਾਪ ਦਾਦਾ ਨਹੀਂ ਬਦਲੇ। ਜਿਤਨਾ ਫ਼ਖਰ ਤੁਸੀਂ ਰਾਮ ਅਤੇ ਕ੍ਰਿਸ਼ਨ ਤੇ ਕਰਦੇ ਹੋ ਉਤਨਾ ਹੀ ਫ਼ਖਰ ਅਸੀਂ ਵੀ ਰਾਮ ਕ੍ਰਿਸ਼ਨ ਤੇ ਕਰਦੇ ਹਾਂ, ਗੁਰੂ ਸਾਹਿਬਾਂ ਦਾ ਸਤਿਕਾਰ ਕਰਦੇ ਹਾਂ। ਮਜਹਬ ਸਾਡੇ ਰਸਤੇ ਦੀ ਰੁਕਾਵਟ ਨਹੀਂ, ਸਾਡਾ ਰਿਸ਼ਤਾ ਖੂਨ ਦਾ ਹੈ ਜੋ ਕਦੇ ਅਲੱਗ ਨਹੀਂ ਹੋ ਸਕਦਾ। ਅਸੀਂ (ਗੁੱਜਰ) ਚਾਹੇ ਹਿੰਦੂ ਹੋਈਏ ਜਾਂ ਮੁਸਲਮਾਨ ਜਾਂ ਸਿੱਖ ਹੋਈਏ ਸਾਡੀ ਬਰਾਦਰੀ ਇੱਕ ਹੀ ਹੈ।"

# 1857 ਦੇ ਗੁੱਜਰ ਸ਼ਹੀਦ

ਸੰਨ 1857 ਤੋਂ ਪੈਂਤੀ ਸਾਲ ਪਹਿਲਾਂ ਅੰਗਰੇਜ਼ ਹਕੂਮਤ ਨੂੰ ਭਾਰਤ ਵਿੱਚੋਂ ਕੱਢਣ ਦਾ ਸਿਹਰਾ ਵਿਜਯ ਸਿੰਘ ਤੇ ਕਲਿਆਣ ਸਿੰਘ ਨੂੰ ਜਾਂਦਾ ਹੈ। ਹਾਲਾਂਕਿ ਉਹ ਸਫਲ ਨਹੀਂ ਹੋਏ। ਪ੍ਰੰਤੂ ਇੰਨਾ ਜ਼ਰੂਰ ਹੋਇਆ ਕਿ ਅੰਗਰੇਜ਼ੀ ਹਕੂਮਤ ਦੇ ਖਿਲਾਫ ਇੱਕ ਵਾਤਾਵਰਨ ਭਾਰਤ ਵਿੱਚੋਂ ਸ਼ੁਰੂ ਹੋਕੇ ਦੱਖਣੀ ਭਾਰਤ ਤੇ ਪੂਰਬ ਤੀਕਰ ਫੈਲ ਗਿਆ ਅਤੇ ਰਾਜਾ ਵਿਜਯ ਸਿੰਘ ਤੇ ਕਲਿਆਣ ਸਿੰਘ ਦੁਆਰਾ ਸਵਾਧੀਨਤਾ ਦੀ ਜਲਾਈ ਹੋਈ ਜੋਤ ਜਵਾਲਾ ਬਣਕੇ ਜਵਾਲਾਮੁਖੀ ਦੇ ਵਿਸਫੋਟ ਦਾ ਰੂਪ ਧਾਰਨ ਕਰ ਗਈ।

ਸਹਾਰਨਪੁਰ ਦੇ ਕਲੈਕਟਰ ਰਾਬਰਟਸਨ ਨੇ ਆਪਣੇ ਅੰਗਰੇਜ਼ੀ ਰਾਜ ਦਾ ਥੋੜ੍ਹਾ ਜਿਹਾ ਕਾਲਾ ਰੂਪ ਇਸ ਤਰ੍ਹਾਂ ਦਰਸਾਇਆ ਹੈ "ਕਿਸਾਨ ਸਾਡੇ ਰਾਜ ਦੇ ਖਿਲਾਫ ਘਿਰਨਾ ਕਰਨ ਲੱਗ ਪਏ ਸਨ। ਉਹ ਇਸ ਲਈ ਕਰਦੇ ਹਨ ਕਿ ਦੁਨੀਆਂ ਵਿੱਚ ਸਭ ਤੋਂ ਜ਼ਿਆਦਾ ਬੇਈਮਾਨ ਸ਼ਾਹੂਕਾਰ ਵਰਗ ਨੂੰ ਅੰਗਰੇਜੀ ਕਾਨੂੰਨ ਨੇ ਮਾਸੂਮ ਤੇ ਲਾਪ੍ਰਵਾਹ ਵਰਗ ਦੇ ਕਿਸਾਨਾਂ ਦਾ ਖੂਨ ਚੂਸਣ ਦੀ ਇਜਾਜ਼ਤ ਦੇ ਦਿੱਤੀ ਹੈ। ਮੈਂ ਇਹ ਅਨੁਭਵ ਕੀਤਾ ਹੈ ਕਿ ਸਾਡੇ ਕੋਲੋਂ ਜ਼ਿਆਦਾ ਘਿਰਨਾ ਛੋਟੇ ਛੋਟੇ ਜ਼ਿਮੀਂਦਾਰ ਕਰਦੇ ਸਨ। ਜਿਨ੍ਹਾਂ ਦੀ ਸੰਪਤੀ ਖੋਹ ਲੈਣਾ ਬਾਣੀਏ ਵਰਗ ਨੇ ਸਾਡੀਆਂ ਅਦਾਲਤਾਂ ਦੇ ਜ਼ਰੀਏ ਕੀਤਾ ਸੀ। ਸੈਨਾਂ ਵਿੱਚ ਸਿਪਾਹੀ ਦੀ ਹਾਲਤ ਗੁਲਾਮਾਂ ਤੋਂ ਵੀ ਗਈ ਗੁਜ਼ਰੀ ਹੋਈ ਸੀ। ਨਾ ਉਹਨਾਂ ਦੇ ਰਹਿਣ ਸਹਿਣ ਦਾ ਪੱਧਰ ਉਚਾ ਹੋਇਆ ਨਾ ਹੀ ਉਹਨਾਂ ਦੀ ਹਾਲਤ। ਉਨਤੀ ਦੇ ਰਸਤੇ ਬੰਦ ਸਨ। ਥੋੜਾ ਜਿਹਾ ਕੁਲੀਨ ਵਰਗ ਕਾਨੂੰਨ ਦੇ ਸਹਾਰੇ ਸ਼ੋਸਣ ਕਰਨ ਵਿੱਚ ਲੱਗਿਆ ਹੋਇਆ ਸੀ।"

ਜੇਕਰ ਰਾਬਰਟਸਨ ਦੇ ਉਪਰੋਕਤ ਕਥਨਾਂ ਦਾ ਬਰੀਕੀ ਨਾਲ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਸਹੀ ਸਥਿਤੀ 1857 ਦੇ ਹਾਲਤ ਦੀ ਸਪਸ਼ਟ ਹੋ ਜਾਂਦੀ ਹੈ। ਅੰਗਰੇਜ਼ ਸਰਕਾਰ ਸਮੇਂ ਕਿਸਾਨ ਅਤੇ ਸੈਨਿਕ ਬਹੁਤ ਦੁਖੀ ਸਨ। ਭਾਰਤੀ ਜਨਤਾ ਦਾ ਸ਼ੋਸ਼ਣ ਅੰਗਰੇਜ਼ ਸਰਕਾਰ ਅਤੇ ਸਾਹੂਕਾਰ ਵਰਗ ਕਰ ਰਿਹਾ ਸੀ। ਸੈਨਿਕ ਦਾ ਜੀਵਨ ਕਦਮ ਕਦਮ ਤੇ ਅਪਮਾਨ ਨਾਲ ਦੁਖੀ ਸੀ ਅਤੇ ਉਹਨਾਂ ਨੂੰ ਇਸ

ਗੁਲਾਮੀ ਦੇ ਇਲਾਜ ਲਈ ਕੋਈ ਰਸਤਾ ਨਜ਼ਰ ਨਹੀਂ ਆ ਰਿਹਾ ਸੀ। ਜਦ ਦੇਸ਼ ਦੀ ਜਨਤਾ ਇਤਨੀ ਪੀੜਤ ਹੋਵੇ ਉਹਨਾਂ ਦਾ ਵਰਤਮਾਨ ਪ੍ਰਸਥਿਤੀ ਦੇ ਵਿਰੁੱਧ ਬਗਾਵਤ ਕਰਨਾ ਸੁਭਾਵਕ ਹੀ ਹੈ।

ਸੰਨ। 822-1825 ਤੱਕ ਕੇਵਲ ਗੁੱਜਰ ਜਾਤੀ ਦੀ ਅਗਵਾਈ ਵਿੱਚ ਸਵਧੀਨਤਾ ਸੰਗਰਾਮ ਲੜਿਆ ਗਿਆ। ਲੇਕਿਨ ਸਨ 1857 ਵਿੱਚ ਸੈਨਿਕ, ਸਿਵਲੀਅਨ, ਜਨਤਾ, ਰਾਜਾ, ਮਹਾਰਾਜਾ, ਰਜਵਾੜੇ ਸਭ ਭੜਕ ਗਏ ਅਤੇ ਅੰਗਰੇਜ਼ਾਂ ਨੂੰ ਭਾਰਤ ਵਿੱਚੋਂ ਕੱਢਣ ਲਈ ਤਿਆਰ ਹੋ ਗਏ। 31 ਮਈ ਦਾ ਦਿਨ ਇਸ ਕਰਾਂਤੀ ਲਈ ਨਿਸ਼ਚਿਤ ਕੀਤਾ ਗਿਆ ਸੀ। ਪ੍ਰੰਤੂ ਹਾਲਾਤ ਇਤਨੇ ਖਰਾਬ ਹੋ ਚੁੱਕੇ ਸਨ ਕਿ ਮੇਰਠ ਛਾਉਣੀ ਦੇ ਰਿਸਾਲੇ ਵਿੱਚ ਸਵਾਧੀਨਤਾ ਦੀ ਚਿੰਗਾਰੀ 9 ਮਈ ਨੂੰ ਹਵਾ ਦਾ ਬੁੱਲਾ ਲਗਦੇ ਹੀ ਜਵਾਲਾਮੁਖੀ ਦਾ ਰੂਪ ਧਾਰਨ ਕਰ ਗਈ ਸਾਰੇ ਦੇਸ਼ ਵਿੱਚ ਜਿੱਥੇ ਜਿੱਥੇ ਸੈਨਿਕ ਛਾਉਣੀਆਂ ਸਨ ਅਤੇ ਸ਼ਹਿਰ ਤੇ ਸੜਕਾਂ ਦੇ ਨਾਲ ਪਿੰਡਾਂ ਵਿੱਚ ਵੀ ਅੰਗਰੇਜ਼ੀ ਸਾਮਰਾਜ ਨੂੰ ਜਲਾ ਕੇ ਖਾਕ ਕਰਨ ਲਈ ਕਰਾਂਤੀਕਾਰੀ ਉਤਾਵਲੇ ਹੋ ਗਏ ਜਿਸਦਾ ਵਰਣਨ ਇਸ ਪੁਸਤਕ ਵਿੱਚ ਨਾ ਕੇਵਲ ਮੇਰੀ ਲੇਖਣੀ ਨਾਲ ਬਲਕਿ ਕਈ ਅੰਗਰੇਜ਼ ਅਫਸਰਾਂ ਦੀ ਕਲਮ ਤੋਂ ਲਿਖੇ ਹੋਏ ਦਿਲਚਸਪ ਅਤੇ ਰੋਮਾਂਚਿਕ ਤੇ ਦਿਲ ਦਹਿਲਾਉਣ ਵਾਲੇ ਸਨ। 1857 ਦੇ ਕਿੱਸੇ ਪਾਠਕ ਪੜ੍ਹਨਗੇ।

ਭਾਰਤ ਦੇ ਅੰਤਿਮ ਸਮਰਾਟ ਬਹਾਦਰ ਸ਼ਾਹ ਜਫ਼ਰ ਦੇ ਮਨ ਦੀ ਕੀ ਹਾਲਤ ਸੀ। ਉਸਦੀ ਗਵਾਹੀ ਉਸਦੇ ਇੱਕ ਪੱਤਰ ਦੀਆਂ ਚੰਦ ਲਾਈਨਾਂ ਕਰ ਰਹੇ ਹਾਂ ਜੋ ਉਸਨੇ ਦੇਸ਼ੀ ਰਾਜਿਆਂ ਨੂੰ ਪੱਤਰ ਲਿਖਿਆ ਸੀ। ਬਹਾਦਰ ਸ਼ਾਹ ਜਫਰ ਆਪਣੇ ਦਿਲ ਤੋਂ ਕਵੀ ਸੀ। ਉਹ ਉਹਨਾਂ ਦਿਨਾਂ ਵਿੱਚ ਨਾਮ ਮਾਤਰ ਦਾ ਸਮਰਾਟ ਸੀ। ਉਹ ਈਸਟ ਇੰਡਿਆ ਕੰਪਨੀ ਦਾ ਪੈਨਸ਼ਨ ਭੋਗੀ ਬਾਦਸ਼ਾਹ ਰਹਿ ਗਿਆ ਸੀ। ਉਸਦੇ ਸਾਮਰਾਜ ਦੀਆ ਹੱਦਾਂ ਲਾਲ ਕਿਲ੍ਹੇ ਵਿੱਚ ਵੀ ਉਸਦੀ ਰਿਹਾਇਸ਼ ਤੀਕਰ ਹੀ ਸੀਮਤ ਸਨ। ਦੁਖੀ ਹੋਕੇ ਉਸਨੇ ਇੱਕ ਪੱਤਰ ਦੇਸੀ ਰਾਜਿਆਂ ਨੂੰ ਲਿਖਿਆ, "ਮੇਰੀ ਦਿਲੀ ਖੁਹਾਇਸ਼ ਹੈ ਕਿ ਜਿਸਦੇ ਜਰੀਏ ਨਾਲ ਭੀ ਅਤੇ ਜਿਸ ਕੀਮਤ ਪਰ ਭੀ ਹੋ ਸਕੇ ਫਿਰੰਗੀਆਂ ਨੂੰ ਅੰਗਰੇਜ਼ਾਂ ਨੂੰ ਹਿੰਦੋਸਤਾਨ ਤੋਂ ਬਾਹਰ ਕੱਢ ਦਿੱਤਾ ਜਾਏ। ਮੇਰੀ ਜਬਰਦਸਤ ਖੁਹਾਇਸ਼ ਹੈ ਕਿ ਤਮਾਮ ਹਿੰਦੁਸਤਾਨ ਅਜ਼ਾਦ ਹੋ ਜਾਏ।"

## 1857-1858 ਬਹਾਦਰ ਸ਼ਾਹ

ਬਹਾਦਰ ਸ਼ਾਹ ਦਾ ਦਿਲ ਦੇਸ਼ ਭਗਤੀ ਨਾਲ ਲਬਾਲਬ ਭਰਿਆ ਹੋਇਆ ਸੀ। ਇਸੇ ਲਈ ਉਹ ਪੂਰੇ ਭਾਰਤ ਵਿੱਚ ਅੰਗਰੇਜ਼ਾਂ ਨੂੰ ਭਜਾਉਣਾ ਅਤੇ ਭਾਰਤ ਨੂੰ ਸਵਾਧੀਨ ਕਰਵਾਉਣ ਦਾ ਸੁਪਨਾ ਵੇਖ ਰਿਹਾ ਸੀ। ਜਿਹੜਾ ਸਾਕਾਰ ਨਾ ਹੋ

ਸਕਿਆ। ਉਹ ਜਿਉਂਦੇ ਜੀ ਦੇਸ਼ ਨੂੰ ਸਵਾਧੀਨ ਨਾ ਕਰਾ ਸਕਿਆ। ਉਸਦਾ ਅੰਤਮ ਦਿਨ ਰੰਗੂਨ ਦੀ ਜੇਲ ਵਿੱਚ ਹੀ ਗੁਜ਼ਰੇ ਉਸਦੀ ਜੀਵਨ ਲੀਲਾ ਜੇਲ ਵਿੱਚ ਹੀ ਸਮਾਪਤ ਹੋ ਗਈ ਸੀ। ਸੁਤੰਤਰਤਾ ਸਮਾਗਮ 1857 ਦੇ ਪ੍ਰਮੁੱਖ ਸੈਨਾਨੀ ਮੰਗਲ ਪਾਂਡੇ, ਝਾਂਸੀ ਦੀ ਰਾਣੀ ਲਕਸ਼ਮੀ ਬਾਈ, ਬੇਗਮ ਹਜ਼ਰਤ ਮਹਲ, ਕਾਨਪੁਰ ਦੇ ਨਾਨਾ ਸਾਹਿਬ, ਬਿਹਾਰ ਦੇ ਕੰਵਰ ਸਿੰਘ, ਵਾਸੁਦੇਵ, ਬਲਵੰਤ ਫੜਕੇ ਤਾਂਤੀਆ ਟੋਪੇ, ਸਤਾਰਾ ਦੇ ਰੰਗੋ ਬਾਪੂ ਜੀ, ਦਿੱਲੀ ਦੇ ਅੰਤਿਮ ਸਮਰਾਟ ਬਹਾਦਰ ਸ਼ਾਹ ਜਫਰ, ਰੁਹੇਲਖੰਡ ਦੇ ਬਹਾਦਰ ਖਾਂ, ਨਾਨਾ ਸਾਹਿਬ ਦੇ ਮੰਤਰੀ ਅਜੀਮਉਲਾ ਖਾਂ, ਅਵਧ ਦੇ ਨਵਾਬ ਵਾਜਿਦ ਅਲੀ ਸ਼ਾਹ ਤੇ ਉਸਦੇ ਪੁਰਾਣੇ ਸਾਥੀ ਅਲੀਨਕੀ ਖਾਂ, ਫੈਜਾਬਾਦ ਦੇ ਮੌਲਵੀ ਅਹਿਮਦ ਸ਼ਾਹ, ਰਿਵਾੜੀ ਦੇ ਰਾਵ ਤੁਲਾ ਰਾਮ (ਹਰਿਆਣਾ) ਝੱਜਰ ਦੇ ਨਵਾਬ ਅਬਦੁਰ ਰਹਿਮਾਨ ਖਾਂ, ਬਹਾਦੁਰਗੜ੍ਹ ਦੇ ਨਵਾਬ ਜੰਗ ਖਾਂ, ਰੋਹਤਕ ਦੇ ਬਾਬਰ ਖਾਂ, ਬੱਲਭਗੜ੍ਹ ਦੇ ਜਾਟ ਰਾਜਾ ਨਾਹਰ ਸਿੰਘ, ਫਾਰੂਖ ਨਗਰ ਦੇ ਨਵਾਬ ਅਹਿਮਦ ਅਲੀ, ਹਿਸਾਰ ਦੇ ਸ਼ਹਿਜ਼ਾਦਾ ਮੁਹੰਮਦ ਆਜ਼ਮ ਨਵਾਬ, ਝੱਜਰ ਦੇ ਜਮਾਈ ਜਨਰਲ ਸਮਦ ਖਾਂ, ਮੌਲਵੀ ਅਹਿਮਦਉਲਾ ਸ਼ਾਹ, ਬਰੇਲੀ ਦੇ ਬਖਤ ਖਾਂ, ਗੁਲਾਮ ਗੌਸ ਖਾਂ, ਵਗੈਰਾ ਦੇ ਨਾਮ ਅਕਸਰ ਇਤਿਹਾਸ ਦੀਆ ਪੁਸਕਤਾਂ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਮਿਲ ਜਾਂਦੇ ਹਨ। ਲੇਕਿਨ ਜਿਸ ਜਾਤੀ ਵਿਸ਼ੇਸ਼ ਜਨ ਗੁੱਜਰ ਕੌਮ ਨੇ ਜਿਤਨਾ ਮਹਾਨ ਬਲੀਦਾਨ 1857 ਦੇ ਪਹਿਲੇ ਸਵਤੰਤਰਤਾ ਸੰਗਰਾਮ ਵਿੱਚ ਦਿੱਤਾ ਸੀ ਉਤਨਾ ਕਿਸੇ ਹੋਰ ਜਾਤੀ ਨੇ ਨਹੀਂ ਦਿੱਤਾ। ਪੂਰੇ ਭਾਰਤ ਵਿੱਚ ਗੁੱਜਰ ਕੌਮ ਅੰਗਰੇਜ਼ ਹਕੂਮਤ ਨਾਲ ਉਸੇ ਪ੍ਰਕਾਰ ਲੜੀ ਜਿਸ ਪ੍ਰਕਾਰ ਗੁੱਜਰ ਸਮਰਾਟ ਵਿਦੇਸ਼ੀ ਹਮਲਾਵਰਾਂ ਨਾਲ 600 ਈ; ਤੋਂ 1300 ਈਃ ਤੀਕਰ ਲੜਦੇ ਰਹੇ। ਇਹ ਉਹਨਾਂ ਦੀ ਇਤਿਹਾਸਿਕ ਪ੍ਰੰਪਰਾ ਸੀ , ਕਿ ਉਹ ਵਿਦੇਸ਼ੀ ਹਕੂਮਤ ਪਸੰਦ ਨਹੀਂ ਕਰਦੇ ਹਨ। ਇਹਨਾਂ ਦੇਸ਼ ਭਗਤ ਗੁੱਜਰ ਸ਼ਹੀਦ ਅਤੇ ਉਹਨਾਂ ਦੇ ਬਲੀਦਾਨ ਦੀ ਗੌਰਵ ਗਾਥਾ ਲਿਖਣ ਦੀ ਅਕਸਰ ਇਤਿਹਾਸਕਾਰਾਂ ਨੇ ਵੀ ਅਣਗੌਲਿਆਂ ਕੀਤੀ ਹੈ। ਮੈਨੂੰ ਇਸ ਪੁਸਤਕ ਦੇ ਲਿਖਣ ਦੀ ਪ੍ਰੇਰਨਾ ਕਈ ਇਤਿਹਾਸਕਾਰਾਂ ਅਤੇ ਲੇਖਕਾਂ ਤੋਂ ਉਮੀਦ ਸੀ। ਮੈਨੂੰ ਇਸ ਪੁਸਤਕ ਦੇ ਲਿਖਣ ਦੀ ਪ੍ਰੇਰਨਾ ਉਹਨਾਂ ਵਿਸਰੇ ਸ਼ਹੀਦਾਂ ਅਤੇ ਉਹਨਾਂ ਦੇ ਬਲੀਦਾਨ ਦੀ ਗੌਰਵ ਗਾਥਾ ਸਵਾਧੀਨਤਾ ਸੈਨਾਨੀਆਂ ਦੀ ਅਮਰ ਆਤਮਾਵਾਂ ਦੁਆਰਾ ਹੀ ਮਿਲੀ ਹੈ। ਮੇਰਾ ਨਿਸ਼ਾਨਾ ਇਸ ਪੁਸਤਕ ਵਿੱਚ ਗੁੱਜਰ ਸ਼ਹੀਦਾਂ ਦੀ ਵੀਰ ਗਾਥਾ ਲਿਖਣ ਦਾ ਹੈ। ਇਸ ਪੁਸਤਕ ਵਿੱਚ ਮੇਰਾ ਆਪਣਾ ਕੁਝ ਨਹੀਂ ਬਲਕਿ ਗੁਜਰ ਸ਼ਹੀਦਾਂ ਜਿਨ੍ਹਾਂ ਨੇ 1822 ਤੋਂ 1825 ਅਤੇ 1857 ਈਃ ਦੇ ਭਾਰਤ ਮਾਂ ਦੀ ਸਵਾਧੀਨਤਾ ਦੇ ਲਈ ਅਪਣਾ ਸਭ ਕੁਝ ਵਾਰ ਦਿੱਤਾ। ਜਿਹਨਾਂ ਨੇ ਆਪਣੇ ਖੂਨ ਤੇ ਚਰਬੀ ਨਾਲ

ਆਜ਼ਾਦੀ ਦੀ ਜੋਤ ਜਗਾਈ। ਦੁਖ ਦੀ ਗੱਲ ਹੈ ਕਿ ਇਤਿਹਾਸ ਦੇ ਪੰਨਿਆਂ ਤੇ ਕਿਧਰੇ ਨਾਮ ਤਕ ਵੀ ਨਹੀਂ ਹੈ। ਮੈ ਚਾਹੁੰਦਾ ਹਾਂ ਉਨ੍ਹਾਂ ਅਣਜਾਣ ਸ਼ਹੀਦਾਂ ਦਾ ਨਾਂ ਉਜਾਗਰ ਹੋਵੇ। ਇਸ ਲਈ ਮੈਂ ਇਸ ਪੁਸਤਕ ਨੂੰ ਲਿਖਣ ਦੀ ਜ਼ਰੂਰਤ ਮਹਿਸੂਸ ਕੀਤੀ।

ਜਿਤਨਾ ਅਸੀਂ ਸਮੁੰਦਰ ਦੀ ਗਹਿਰਾਈ ਵਿੱਚ ਉਤਰਦੇ ਜਾਵਾਂਗੇ ਉਤਨੇ ਹੀ ਅਸੀਂ ਮੋਤੀ ਪਾਉਂਦੇ ਜਾਵਾਂਗੇ। ਮੈਂ ਪੰਜ ਸਾਲ ਦੇ ਲਗਭਗ ਇਸ ਖੋਜ ਵਿੱਚ ਲਾਏ ਕਿ ਵੱਧ ਤੋਂ ਵੱਧ ਗੁੱਜਰ ਸ਼ਹੀਦਾਂ ਦੇ ਬਾਰੇ ਜਾਣਕਾਰੀ ਹਾਸਲ ਕਰਕੇ ਇੱਕ ਪੁਸਤਕ ਦੇ ਰੂਪ ਵਿੱਚ ਦੇ ਦੇਵਾਂ। ਇਹ ਬਿਖਰੇ ਹੋਏ ਮਣਕੇ ਤੇ ਮੋਤੀ ਇਕੱਤਰ ਕਰਕੇ ਮੋਤੀਆਂ ਦੀ ਮਾਲਾ ਦਾ ਰੂਪ ਦੇਕੇ ਇਸ ਮਾਲਾ ਨੂੰ ਅਣਜਾਣੇ ਸ਼ਹੀਦਾਂ ਨੂੰ ਸਮਰਪਣ ਕਰ ਦੇਵਾਂ। ਜਿਹਨਾਂ ਦਾ ਪਤਾ ਅਤੇ ਖੋਜ ਮੇਰੇ ਕੋਲੋਂ ਸੀਮਤ ਸਾਧਨਾਂ ਕਰਕੇ ਰਹਿ ਗਿਆ ਹੈ। ਮੇਰੀ ਇਹ ਮਾਨਤਾ ਹੈ ਕਿ ਸਵਾਧੀਨਤਾ ਦੇ ਦਿਵਾਨਿਆਂ ਦਾ ਪੂਰਨ ਇਤਿਹਾਸ ਲਿਖਣਾ ਮੇਰੇ ਜਿਹੇ ਛੋਟੇ ਤੇ ਸੀਮਤ ਸਾਧਨਾਂ ਵਾਲੇ ਮਨੁੱਖ ਲਈ ਕਠਿਨ ਵੀ ਹੈ ਸੰਭਵ ਵੀ ਨਹੀਂ ਹੈ। ਸੰਨ 1857 ਦੇ ਸ਼ਹੀਦ ਗੁੱਜਰਾਂ ਦੇ ਬਾਰੇ ਜੋ ਜੋ ਸਮੱਗਰੀ ਮੈਨੂੰ ਜਿੱਥੇ ਜਿੱਥੇ ਮਿਲੀ ਹੈ ਇਸ ਪੁਸਤਕ ਵਿੱਚ ਸੰਗ੍ਰਹਿ ਕਰਨ ਦੀ ਕੋਸ਼ਿਸ਼ ਕੀਤੀ ਹੈ।

ਮੈਂ ਅੰਗਰੇਜ਼ ਲੇਖਕਾਂ ਦੇ ਉਦਾਹਰਣ ਵੀ ਇਸ ਪੁਸਤਕ ਵਿੱਚ ਦਿੱਤੇ ਹਨ ਜੋ ਉਹਨਾਂ ਨੇ ਗੁੱਜਰਾਂ ਦੇ ਬਾਰੇ ਆਪਣੀਆਂ ਪੁਸਤਕਾਂ, ਦਸਤਾਵੇਜਾਂ ਗਜ਼ਟੀਅਰਜ਼ ਤੇ ਰਿਪੋਰਟਾਂ ਵਿੱਚ ਲਿਖੇ ਹਨ। ਉਹਨਾਂ ਤੋਂ ਅੰਗਰੇਜ਼ਾਂ ਦਾ ਇਤਿਹਾਸ ਪ੍ਰੇਮ ਅਤੇ ਘਟਨਾਵਾਂ ਦਾ ਰਿਕਾਰਡ ਰੱਖਣ ਦਾ ਪ੍ਰੰਪਰਾ ਦੀ ਜਾਣਕਾਰੀ ਵੀ ਮਿਲਦੀ ਹੈ। ਅੰਗਰੇਜ਼ਾਂ ਦੇ ਇਹਨਾਂ ਲੇਖਾਂ ਤੋਂ ਗੁੱਜ਼ਰ ਜਾਤੀ ਦਾ ਅੰਗਰੇਜ਼ ਹਕੂਮਤ ਨਾਲ ਸੰਘਰਸ਼ ਤੇ ਸੰਗਰਾਮ ਦਾ ਵਰਣਨ ਮਿਲਦਾ ਹੈ ਜੋ ਗੁਜ਼ਰ ਜਾਤੀ ਦੀ ਵਿਦੇਸ਼ੀ ਹਕੂਮਤ ਦੇ ਪ੍ਰਤਿ ਘਿਰਣਾ ਅਤੇ ਦੇਸ਼ ਪ੍ਰੇਮ ਤੇ ਦੇਸ਼ ਭਗਤੀ ਦੀ ਲਲਕ ਦਾ ਪ੍ਰਗਟਾਵਾ ਤੇ ਪਹਿਚਾਣ ਅਤੇ ਉਹਨਾਂ ਸੰਗਠਨ ਸ਼ਕਤੀ ਦਾ ਵਾਚਕ ਹੈ। ਜੇਕਰ ਅੰਗਰੇਜ਼ਾਂ ਦੇ ਲਿਖੇ ਕਈ ਹਵਾਲੇ ਸਾਡੇ ਪਾਸ ਨਾ ਹੁੰਦੇ ਤਾਂ ਅੰਗਰੇਜ਼ ਹਕੂਮਤ ਦੇ ਵਫਾਦਾਰ ਤਾਂ ਕਦੇ ਵੀ ਗੁੱਜ਼ਰਾਂ ਦੀ ਸ਼ਹਾਦਤ ਤੇ ਬਲੀਦਾਨ ਨੂੰ ਮਾਨਤਾ ਨਾ ਦਿੰਦੇ। ਸਨ 1857-58 ਦੇ ਜਿਨ੍ਹਾਂ ਜਿਨ੍ਹਾਂ ਲੋਕਾਂ ਨੂੰ ਜਗੀਰਾਂ ਅਤੇ ਜ਼ਮੀਨਾਂ ਅੰਗਰੇਜ਼ਾਂ ਨੇ ਦਿੱਤੀਆਂ ਸਨ ਉਹ ਸਭ ਜ਼ਮੀਨ ਜਾਇਦਾਦ ਗੁਜ਼ਰਾਂ ਅਤੇ ਹੋਰ ਦੇਸ਼ ਭਗਤਾਂ ਦੀ ਹੈ। 1857 ਦੇ ਸ਼ਹੀਦਾਂ ਨੇ ਜਮੀਨ ਜਾਇਦਾਦ ਸਭ ਆਪਣੀ ਜਬਤ ਕਰਵਾ ਲਈ ਅਤੇ ਦੂਸਰੇ ਉਹਨਾਂ ਦੇ ਬਲੀਦਾਨ ਦਾ ਇਤਿਹਾਸ ਵਿੱਚ ਨਾਂ ਤਕ ਵੀ ਨਹੀਂ। ਅੰਗਰੇਜ਼ਾਂ ਦੇ ਚਾਪਲੂਸ ਅਤੇ ਚਹੇਤੇ ਉਹਨਾਂ ਦੇਸ਼ ਭਗਤਾਂ ਦੀ ਜਮੀਨ ਜਾਇਦਾਦ

ਦੇ ਮਾਲਿਕ ਬਣ ਗਏ। ਦੇਸ਼ ਦੇ ਸਵਾਧੀਨ ਹੋਣ ਦੇ ਬਾਅਦ ਅੱਜ ਤੀਕਰ ਦੇਸ਼ ਭਗਤਾਂ ਦੀ ਸਜਾ ਨੂੰ ਬਹਾਲ ਨਹੀਂ ਕੀਤਾ। ਅੱਜ ਤੀਕਰ ਉਹ ਵੀਰ ਜਾਤੀਆਂ ਜਿਵੇਂ ਗੁੱਜਰ, ਅਹੀਰ ਆਦਿ ਇਹਨਾਂ ਦੀ ਸੈਨਾ ਵਿੱਚ ਕੋਈ ਰਜਮੰਟ ਤਕ ਨਹੀਂ ਹੈ।

ਪੁਸਤਕ ਦੇ ਅੰਤ ਵਿੱਚ ਸੰਨ 1857 ਦੀ ਪ੍ਰਮੁੱਖ ਪੁਸਤਕਾਂ ਦਾ ਵਰਣਨ ਤੇ ਸੂਚੀ ਦੇ ਦਿੱਤੀ ਹੈ ਜਿਥੇ ਜਿਹਨਾਂ ਵਿੱਚ ਅਸੀਂ ਪ੍ਰਮੁੱਖ ਅੰਗਰੇਜ਼ ਲੇਖਕਾਂ ਦੇ ਉਦਾਹਰਣ ਦਿੱਤੇ ਹਨ। ਚਾਹੇ ਉਹ ਅੰਗਰੇਜ਼ ਹਕੂਮਤ ਦੇ ਕਲ ਪੁਰਜ਼ੇ ਸਨ। ਤੇ ਉਹ ਸਾਡੇ (ਗੁਜ਼ਰਾਂ) ਦੇ ਦੁਸ਼ਮਣ ਸਨ। ਲੇਕਿਨ ਉਹਨਾਂ ਦਾ ਇਤਨਾ ਹੀ ਯੋਗਦਾਨ ਹੈ, ਕਿ ਉਹਨਾਂ ਨੇ ਆਪਣੀਆਂ ਪੁਸਤਕਾਂ ਵਿੱਚ ਗੁਜਰਾਂ ਦੀ 1857 ਦੀ ਲੜਾਈ ਵਿੱਚ ਚਰਚਾ ਕੀਤੀ ਹੈ, ਜੋ ਸਾਡੇ ਇਤਿਹਾਸ ਦੀ ਕੇਵਲ ਸਹਾਇਕ ਸਮਗਰੀ ਹੈ ਬਲਕਿ ਪ੍ਰਮਾਣਿਕ ਸਮਗਰੀ ਦਿੱਤੀ ਹੈ। ਜਿਸ ਦੀ ਜਰੂਰਤ ਸਮਝੀ ਮੈਂ ਜਿਉਂ ਦੀ ਤਿਉਂ ਇਸ ਪੁਸਤਕ ਵਿੱਚ ਪ੍ਰਯੋਗ ਕੀਤੀ ਹੈ। ਇਸ ਤੋਂ ਬਿਨਾਂ ਮੈਂ ਉਹਨਾਂ ਲੇਖਕਾਂ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਦੀਆਂ ਰਚਨਾਵਾਂ ਵਿੱਚ ਕਿਤੇ ਵੀ ਮੈਨੂੰ ਗੁੱਜਰ ਸੂਰਬੀਰਾਂ ਦੇ ਬਾਰੇ ਕੁਝ ਇਤਿਹਾਸਿਕ ਸਮੱਗਰੀ ਮਿਲੀ ਹੈ।

ਇਸ ਪੁਸਤਕ ਦੇ ਆਰੰਭ ਵਿੱਚ ਮੈਂ ਇਕ ਅਧਿਆਇ ਗੁਜਰ ਜਾਤੀ (ਕੌਮ) ਦਾ ਸੰਖੇਪ ਇਤਿਹਾਸਿਕ ਜਾਣ ਪਛਾਣ ਦਾ ਇਸ ਲਈ ਦਿੱਤਾ ਹੈ, ਤਾਂ ਕਿ ਜਿਸ ਗੁਜਰ ਕੌਮ ਦੇ ਸ਼ਹੀਦਾਂ ਬਾਰੇ ਵਿੱਚ ਅਸੀਂ ਲਿਖ ਰਹੇ ਹਾਂ ਉਸ ਦੀ ਪੂਰੀ ਜਾਣਕਾਰੀ ਮਿਲੇ। ਰਾਸ਼ਟਰ ਦੀ ਮੁੱਖ ਧਾਰਾ ਵਿੱਚ ਜੋ ਇਸ ਜਾਤੀ ਦਾ 1857 ਦੀ ਆਜ਼ਾਦੀ ਦੀ ਲੜਾਈ ਵਿੱਚ ਮਹਾਨ ਯੋਗਦਾਨ ਰਿਹਾ ਹੈ, ਦਾ ਪਤਾ ਚਲ ਸਕੇ। ਗੁੱਜਰ ਕੌਮ ਨੇ 600 ਈਸਵੀ ਤੋਂ 1300 ਈਸਵੀ ਤੀਕਰ ਭਾਰਤ ਦੇ ਰਾਜਨੀਤਕ ਸਿੰਘਾਸਨ ਦੀ ਸ਼ੋਭਾ ਵਧਾਈ ਹੈ। ਇਹ ਜਾਤੀ ਮਹਾਨ ਸਾਮਰਾਜਾਂ ਦਾ ਨਿਰਮਾਤਾ ਰੱਖਿਅਕ ਅਤੇ ਪੋਸ਼ਕ ਰਹੀ ਹੈ। ਇਸ ਮਹਾਨ ਜਾਤੀ ਨੇ ਸਮਰਾਟ ਮਿਹਰਭੋਜ ਵਰਗੇ ਮਹਾਨ ਸਮਰਾਟ ਤੇ ਸਰਦਾਰ ਪਟੇਲ ਵਰਗੇ ਅਸਾਧਾਰਣ ਰਾਜਨੀਤਿਕ ਪੈਦਾ ਕੀਤੇ ਹਨ।

ਸਮਰਾਟ ਮਿਹਰਭੋਜ ਦੇ ਰਾਜ ਦੀ ਸੀਮਾ ਅਟਕ ਤੋਂ ਕਟਕ ਤੱਕ ਸੀ। ਸਾਰਾ ਭਾਰਤ ਲਗਭਗ ਉਸਦੇ ਝੰਡੇ ਦੇ ਨੀਚੇ ਸੀ। ਉਸਦੀ ਮਹਾਨ ਸੈਨਾ ਸੀ ਜਿਸਦੀ ਤਦਾਦ 90 ਲੱਖ ਸੀ। ਇਹ ਸੈਨਾ ਚਤੁਰੰਗਨੀ ਸੀ। ਸਾਰੀ ਸੈਨਾ ਨੂੰ ਨਕਦ ਤਨਖਾਹ ਮਿਲਦੀ ਸੀ। ਪ੍ਰਤਿਹਾਰ ਸਮਰਾਟਾਂ ਤੋਂ ਪਹਿਲਾਂ ਭਾਰਤ ਵਿੱਚ ਸੈਨਾ ਨੂੰ ਨਗਦ ਤਨਖਾਹ ਦੇਣ ਦੀ ਪ੍ਰੰਪਰਾ ਹੀ ਨਹੀਂ ਸੀ। ਉਹਨਾਂ ਸਿਰਫ ਰੋਟੀ ਕੱਪੜੇ ਹੀ ਦਿੱਤੇ ਜਾਂਦੇ ਸਨ ਤੇ ਉਹ ਸੈਨਿਕ ਬੰਧੂਆਂ ਮਜ਼ਦੂਰਾਂ ਦੀ ਤਰ੍ਹਾਂ ਹੀ ਰਹਿੰਦੇ ਸਨ। ਸਮਰਾਟ ਮਿਹਰਭੋਜ ਦੀ ਇਕ ਟਕਸਾਲ ਹਰਿਆਣਾ ਦੇ ਰੋਹਤਕ ਸਹਿਰ ਦੇ ਪਾਸ ਖੋਕਰਾ ਕੋਟ ਦੀ ਖੁਦਾਈ ਕਰਨ ਤੋਂ ਮਿਲੀ ਹੈ। ਮੈਂ ਆਪ ਹਰਿਆਣਾ ਦੇ ਗੁਰੂਕੁਲ

ਝੱਜਰ (ਰੋਹਤਕ) ਵਿੱਚ ਆਚਾਰੀਆ ਭਗਵਾਨ ਦੇਵ ਦੀ ਹੁਣ ਸੰਨਿਆਸੀ ਸਵਾਮੀ ਉਮਾਨੰਦ ਜੀ, ਦੇ ਯਤਨਾਂ ਨਾਲ ਸਥਾਪਿਤ ਹਰਿਆਣਾ ਮਿਊਜ਼ੀਅਮ ਵਿੱਚ ਸਮਰਾਟ ਮਿਹਰਭੋਜ ਦੀ ਟਕਸਾਲ ਦੇ ਸਿੱਕੇ ਦੇਖੇ ਹਨ। ਜਿਨ੍ਹਾਂ ਉਤੇ ਸਮਰਾਟ ਮਿਹਰਭੋਜ ਦੀ ਰਾਜ ਚਿੰਨ੍ਹ ਅਤੇ ਸਾਲ ਮੌਜੂਦ ਹੈ। ਉਸਦੇ ਸਾਮਰਾਜ ਵਿੱਚ ਚੋਰੀ ਡਕੈਤੀ ਦਾ ਡਰ ਭੈ ਨਾ ਮਾਤਰ ਵੀ ਨਹੀਂ ਸੀ। ਸਮਰਾਟ ਮਿਹਰਭੋਜ ਦੇ ਨਾਮ ਤੇ ਹੀ ਵਰਤਮਾਨ ਮਹਿਰੌਲੀ ਸ਼ਹਿਰ ਦਿੱਲੀ ਦੇ ਪਾਸ ਅੱਜ ਵੀ ਮੌਜੂਦ ਹੈ। ਇਹ ਸਮਰਾਟ ਪ੍ਰਤਿਹਾਰ ਵੰਸ਼ ਦਾ ਸੀ। ਪ੍ਰਤਿਹਾਰਾਂ ਨੇ ਅਰਬ ਹਮਲਾਵਰਾਂ ਤੋਂ ਦੇਸ ਦੀ ਰੱਖਿਆ ਕੀਤੀ ਸੀ। ਇਹੋ ਜਿਹੇ ਮਹਾਨ ਸਮਰਾਟ ਵੀਰ ਜਾਤੀ ਦੀ ਕੁੱਖ ਤੋਂ ਜਨਮੇ ਸਨ। ਮਹਾਨ ਸਮਰਾਟ ਇੱਕ ਨਹੀਂ ਅਨੇਕ ਇਸ ਜਾਤੀ ਦੇ ਗੌਰਵ ਨੂੰ ਵਧਾਉਂਦੇ ਦੱਸੇ ਜਾਂਦੇ ਹਨ।

ਇਸੇ ਪ੍ਰਕਾਰ ਮਹਾਨ ਗੁੱਜਰ ਸੈਨਾਪਤੀ ਸ਼ਿਵਾਜੀ ਦੇ ਸੈਨਾਪਤੀ ਪ੍ਰਤਾਪ ਰਾਓ ਗੁਜਰ ਸਨ। ਸਰਵਖਾਪ ਦੀ ਸੈਨਾ ਸੈਨਾਪਤੀ ਜੋਗਰਾਜ ਗੁੱਜਰ ਗੁਰਜਰਧਾਰ ਦਾ ਮਹਾਨ ਸੈਨਾਪਤੀ ਸਯੋਪਤਿ ਗੁਰਜਰ ਰਾਜਾ ਰਾਮਪਾਲ ਘੁਰੋਈਆ ਗੁੱਜਰ ਸਨ।

ਬੁੰਦੇਲਖੰਢ ਦੇ ਸ਼ਮਸ਼ਰਗੜ ਅਤੇ ਸ਼ਮਥਰ ਰਾਜ ਦੀ ਸਥਾਪਨਾ ਕਰਨ ਵਾਲੇ ਸੈਨਾਪਤੀ ਨੌਨੇ ਸ਼ਾਹ ਗੁਜ਼ਰ ਸਨ। ਪ੍ਰੀਕਸ਼ਤਗੜ ਲੰਟੋਰਾ ਰਾਜ ਦੀ ਸਥਾਪਨਾ ਕਰਨ ਵਾਲੇ ਰਾਓ ਜੈਤ ਸਿੰਘ ਗੁਜਰ ਸਨ। ਗੜਵਾਲ ਦੀ ਰੱਖਿਆ ਕਰਨ ਵਾਲੇ ਮਹਾਨ ਸੈਨਾਪਤੀ ਰਾਓ ਮਨੋਹਰ ਸਿੰਘ ਤੇ ਰਾਮ ਦਯਾਲ ਸਿੰਘ ਗੁਜਰ ਸਨ। ਗੁਜ਼ਰ ਕੌਮ ਦੀ ਦੇਸ਼ ਭਗਤੀ ਅਤੇ ਦੇਸ਼ ਪ੍ਰੇਮ ਭਾਰਤ ਦੇ ਇਤਿਹਾਸ ਦੀ ਅਨੂਪਮ ਧਰੋਹਰ ਹੈ। ਜੇਕਰ ਭਾਰਤ ਦੇ ਇਤਿਹਾਸ ਵਿੱਚੋਂ ਗੁਜਰ ਜਾਤੀ ਦੀ ਗੌਰਵ ਗਾਥਾ ਨੂੰ ਕੱਢ ਦਿੱਤਾ ਜਾਵੇ ਤਾਂ ਭਾਰਤ ਦੇ ਇਤਿਹਾਸ ਵਿੱਚ ਵਿਦੇਸ਼ੀ ਹਮਲਾਵਰਾਂ ਦੀ ਲੁੱਟ ਖਸੁੱਟ ਅਤੇ ਵਿਦੇਸ਼ੀ ਲੋਕਾਂ ਦੀ ਸੱਤਾ ਹੀ ਰਹਿ ਜਾਏਗੀ।

ਜਿਤਨਾ ਜ਼ੁਲਮ ਅੰਗਰੇਜ਼ ਹੁਕਮਰਾਨਾਂ ਨੇ ਗੁਜ਼ਰ ਜਾਤੀ ਨਾਲ ਕੀਤਾ ਹੈ, ਉਸ ਤੋਂ ਵੀ ਵੱਡਾ ਜ਼ੁਲਾਮ ਤੇ ਅੱਤਿਆਚਾਰ ਇਤਿਹਾਸਕਾਰਾਂ ਨੇ ਗੁੱਜਰ ਜਾਤੀ ਨਾਲ ਕੀਤਾ ਹੈ ਚਾਹੇ ਇਤਿਹਾਸਕਾਰ ਵਿਦੇਸ਼ੀ ਰਹੇ ਹੋਣ ਅਥਵਾ ਭਾਰਤੀ, ਸਾਰਿਆਂ ਨੇ ਗੁੱਜਰਾਂ ਦੇ ਸੁਨਹਿਰੀ ਕਾਲ ਦੇ ਇਤਿਹਾਸ ਨੂੰ ਦੂਜੀਆਂ ਜਾਤੀਆਂ ਸਿਰ ਮੜ ਦਿੱਤਾ ਹੈ। ਖੁਸ਼ਕਿਸਮਤੀ ਇਹ ਹੈ ਕਿ ਗੁਰਜਰ ਸਮਰਾਟ ਮਹਾਰਾਜਾ ਆਪਣੇ ਨਾਂ ਨਾਲ ਗੁਰਜਰ ਮਹਾਰਾਜ ਗੁਰਜੇਸ਼ਵਰ ਗੁੱਰਜਰ ਅਧਿਰਾਜ ਗੁੱਰਜਰ ਸਮਰਾਟ ਆਦਿ ਆਪਣੇ ਸ਼ਿਲੇਲੇਖਾਂ ਉਤੇ ਲਿਖਵਾਉਂਦੇ ਸਨ ਜਿਸ ਨਾਲ ਗਰਜਰ ਜਾਤੀ ਦੇ ਸ਼ਾਨਦਾਰ ਇਤਿਹਾਸ ਤੋਂ ਪਰਦਾ ਚੁੱਕਣ ਵਿੱਚ ਆਸਾਨੀ ਹੋ ਗਈ ਹੈ। ਸਭ ਤੋਂ ਅਧਿਕ ਗੁਜਰ ਜਾਤੀ ਦੇ ਗੌਰਵ ਨੂੰ ਉਜਾਗਰ ਕਰਨ ਵਿੱਚ ਸ੍ਰੀ ਕੇ.ਐਸ. ਮੁਨਸ਼ੀ ਨੂੰ ਸਿਹਰਾ

ਮਿਲਦਾ ਹੈ ਜਿਸਨੇ "ਦੀ ਗਲੋਰੀ ਦੈਟ ਵਾਜ਼ ਏ ਗੁਰਜਰ ਦੇਸ਼" ਅਤੇ "ਇੰਪੀਰੀਅਲ ਗੁਰਜਰਸ" "ਪਾਟਨ ਕਾ ਪ੍ਰਭੁਤਵ", ਗੁਜਰਾਤ ਦੇ ਨਾਥ ਆਦਿ ਗੁਜਰਾਂ ਬਾਰੇ ਗ੍ਰੰਥ ਲਿਖੇ ਹਨ। ਮੈਂ ਇੱਕ ਵਾਰ ਦੁਬਾਰਾ ਉਹਨਾਂ ਲੇਖਕਾਂ ਦਾ ਧੰਨਵਾਦੀ ਹਾਂ ਜਿਹਨਾਂ ਦੀਆਂ ਪੁਸਤਕਾਂ ਤੋਂ ਮੈਨੂੰ ਗੁਰਜਰ ਜਾਤੀ ਦੇ ਸ਼ਹੀਦਾਂ ਦੇ ਗੌਰਵ ਪੂਰਣ ਇਤਿਹਾਸਿਕ ਗਾਥਾਵਾਂ ਅਤੇ ਦੇਸ਼ ਭਾਰਤ ਦੇ ਵਿਸ਼ੇ ਵਿੱਚ ਠੋਸ ਸਮੱਗਰੀ ਮਿਲੀ ਹੈ।

# ਗੁੱਜਰ ਜਾਤੀ ਦੀ ਜਾਣ ਪਛਾਣ

ਗੁੱਜਰ ਅਰਥਾਤ ਗੁਰਜਰ ਜਾਤੀ ਆਰੀਆ ਨਸਲ ਦੀ ਸ਼ਾਖਾ ਹੈ। ਪ੍ਰਸਿੱਧ ਪੁਰਾਤੱਤਵ ਵਿਗਿਆਨਕ ਸਰ ਹਰਬਰਟਸ ਰਿਜਲੇ ਨੇ ਇਸਨੂੰ ਆਰੀਆ ਖ਼ੂਨ ਤੋਂ ਉਤਪੰਨ ਮੰਨਿਆ ਹੈ। 1901 ਈਃ ਦੀ ਰਿਪੋਰਟ ਦੇ ਅਨੁਸਾਰ ਗੁੱਜਰ ਜਾਤੀ ਆਰੀਆ ਨਸਲ ਪਹਿਲੀ ਸ਼੍ਰੇਣੀ ਦੇ ਸਿੱਧ ਹੋਏ ਹਨ। ਇਹਨਾਂ ਦੀ ਨਸਲ ਦਾ ਇੰਡੈਕਸ 66.8 ਹੈ ਜੋ ਕਿਸੇ ਵੀ ਦੂਸਰੀ ਜਾਤੀ ਦਾ ਨਹੀਂ ਹੈ। ਗੁੱਜਰਾਂ ਦਾ ਲੰਬਾ ਸਿਰ ਤੇ ਚੌੜਾ ਮਸਤਕ ਤਿੱਖੀ ਨੱਕ ਵੀ ਇਹੋ ਸਿੱਧ ਕਰਦੀ ਹੈ। ਗੁੱਜਰ ਜਾਤੀ ਅੰਤਰ ਰਾਸ਼ਟਰੀਜਾਤੀ ਹੈ, ਜੋ ਪਾਕਿਸਤਾਨ, ਕਾਬੁਲ, ਇਰਾਨ, ਅਫਗਾਨਿਸਤਾਨ, ਜਾਰਜੀਆ (ਰੂਸ ਵਿੱਚ ਗੁਜਰੀਆ), ਬਸਕੇਰੀਆ (ਰੂਸ਼) ਬਰਾਜ਼ੀਲ, ਬ੍ਰਿਟਿਸ਼ ਗਾਇਨਾ, ਵੈਸਟ ਇੰਡੀਜ਼, ਮਾਰੀਸ਼ਸ ਆਦਿ ਵਿਦੇਸ਼ਾਂ ਵਿੱਚ ਆਬਾਦ ਹੈ। ਪਾਕਿਸਤਾਨ ਦੇ ਸਾਬਕਾ ਰਾਸ਼ਟਰਪਤੀ ਚੌਧਰੀ ਫਜਲ ਇਲਾਹੀ ਗੁੱਜਰ ਸਨ। ਭਾਰਤ ਦੇ ਸਾਬਕਾ ਰਾਸ਼ਟਰਪਤੀ ਸਵਃ ਫਖ਼ਰੂਦੀਨ ਅਲੀ ਅਹਿਮਦ ਕਸਾਨਾ ਗੋਤ ਦੇ ਗੁਜਰ ਸਨ। ਉਹਨਾਂ ਦਾ ਪਿੰਡ ਪੰਚਨ ਕਸਾਨਾ ਖਾਰਿਆਨਾ (ਗੁਜਰਾਤ) ਪਾਕਿਸਤਾਨ ਵਿੱਚ ਸੀ। ਉਨ੍ਹਾਂ ਦੇ ਪਿਤਾ ਸੈਨਾ ਵਿੱਚ ਮੇਜਰ ਸਨ ਪਹਿਲੇ ਮਹਾਂਯੁੱਧ ਵਿੱਚ ਕਿਸੀ ਬਹਾਦਰੀ ਦੇ ਸਿਲਸਿਲੇ ਵਿੱਚ ਅੰਗਰੇਜ਼ੀ ਹਕੂਮਤ ਨੇ ਆਸਾਮ ਵਿੱਚ ਉਹਨਾਂ ਨੂੰ ਜਾਗੀਰ ਦਿੱਤੀ ਸੀ। ਆਪਣੀਆ ਜਮੀਨਾਂ ਦੇ ਇੰਤਜ਼ਾਮ ਦੇ ਸਿਲਸਿਲੇ ਵਿੱਚ ਉਹ ਜ਼ਿਆਦਾਤਰ ਆਸਾਮ ਵਿੱਚ ਹੀ ਰਹਿਣ ਲੱਗ ਪਏ ਸਨ। ਉਹਨਾਂ ਨੇ ਆਪਣੇ ਬੇਟੇ ਫਖ਼ਰੂਦੀਨ ਅਲੀ ਅਹਿਮਦ ਅਤੇ ਬੇਟੀਆਂ ਦੀਆਂ ਸ਼ਾਦੀਆਂ ਆਪਣੇ ਇਲਾਕੇ ਦੀ ਆਪਣੀ ਬਿਰਾਦਰੀ ਵਿੱਚ ਕੀਤੀਆਂ ਸਨ। ਇਹਨਾਂ ਦੀ ਆਖਰੀ ਪਤਨੀ ਸ਼੍ਰੀਮਤੀ ਆਬਿਦਾ ਬੇਗਮ ਪਾਰਲੀਮੈਂਟ ਦੀ ਮੈਂਬਰ ਹੈ। ਉਹਨਾਂ ਦੀ ਇਕ ਸਕੀ ਭੈਣ ਪਾਕਿਸਤਾਨ ਵਿੱਚ ਜਿੰਦਾ ਸੀ ਅਤੇ ਪਹਿਲੀ ਬੀਵੀ ਤੋਂ ਇੱਕ ਭਾਈ ਵੀ ਜਿੰਦਾ ਸੀ। ਇਹਨਾਂ ਦੀ ਭੈਣ ਅਤੇ ਹੋਰ ਪਰਿਵਾਰ ਦੇ ਜੀਆਂ ਨੇ ਅਜੇ ਤੀਕਰ ਕਿਸੇ ਹੋਰ ਬਿਰਾਦਰੀ ਵਿੱਚ ਰਿਸ਼ਤਾ ਨਾਤਾ ਨਹੀਂ ਕੀਤਾ ਹੈ। ਇਹ ਜਾਣਕਾਰੀ ਸਰਵਸ਼੍ਰੀ ਗੁਰਜਰ ਰਾਣਾ ਫਜ਼ਲ ਹੁਸੈਨ ਪਾਕਿਸਤਾਨ ਦੇ ਮੁਮਤਾਜ ਆਲਮ ਨਕਵੀ ਅਤੇ ਅਦੀਬ ਗੁਲਾਮ ਹੁਸੈਨ ਜਹੀਰ ਦੀ ਮਿਹਰਬਾਨੀ ਨਾਲ ਪ੍ਰਾਪਤ ਹੋਈ ਹੈ ਜੋ ਜੰਮੂ ਤੋਂ ਪ੍ਰਕਾਸ਼ਿਤ ਗੁਰਜਰ ਦੇਸ਼ ਪੱਤ੍ਰਿਕਾ ਵਿੱਚ ਪਿਛਲੇ ਸਾਲ ਪ੍ਰਕਾਸ਼ਿਤ ਹੋਈ ਸੀ। ਚੌਧਰੀ

ਫਜਲ ਇਲਾਹੀ ਪਾਕਿਸਤਾਨ ਦੇ ਸਾਬਕਾ ਰਾਸ਼ਟਰਪਤੀ ਵੀ ਪੰਚਮ ਕਸਾਨਾ ਪਿੰਡ ਦੇ ਰਹਿਣ ਵਾਲੇ ਗੋਤ ਦੇ ਗੁਜ਼ਰ ਸਨ। ਬ੍ਰਿਟਿਸ਼ ਗਾਇਨਾ ਦੇ ਸਾਬਕਾ ਪ੍ਰਧਾਨ ਮੰਤਰੀ ਛੇਦੀ ਜਗਨ ਗੁੱਜਰ ਸਨ।

ਭਾਰਤ ਵਿੱਚ ਗੁੱਜਰ ਜਾਤੀ ਜੰਮੂ ਕਸ਼ਮੀਰ, ਹਿਮਾਚਲ, ਪੰਜਾਬ, ਹਰਿਆਣਾ, ਦਿੱਲੀ, ਉਤਰ ਪ੍ਰਦੇਸ਼, ਮੱਧ ਪ੍ਰਦੇਸ਼, ਰਾਜਸਥਾਨ, ਮਹਾਰਾਸ਼ਟਰ, ਕਰਨਾਟਕ, ਆਂਧਰਾ ਪ੍ਰਦੇਸ਼ ਤੇ ਗੁਜਰਾਤ ਪ੍ਰਦੇਸ਼ ਵਿੱਚ ਵਸੀ ਹੋਈ ਹੈ। ਗੁਜਰਾਂ ਦੀ ਤਾਦਾਦ ਲਗਭਗ 11 ਕਰੋੜ ਭਾਰਤ ਵਿੱਚ ਹੀ ਹੈ ਜੋ ਵਿਭਿੰਨ ਧਰਮਾਂ ਨੂੰ ਮੰਨਣ ਵਾਲੇ ਹਨ। ਸਰਵ ਧਰਮ ਸਮਭਾਵ ਦਾ ਅਦੁਭੁਤ ਨਮੂਨਾ ਗੁੱਜਰ ਜਾਤੀ ਹੈ। ਕਸ਼ਮੀਰ ਦੇ ਮੁਸਲਮਾਨ ਗੁੱਜਰ ਨੇਤਾ ਅਤੇ ਇਤਿਹਾਸਕਾਰ ਵਜ਼ੀਰ ਮੁਹੰਮਦ ਹਾਕਲਾ ਨੇ ਸੰਨ 1965 ਵਿਚ ਸਰਵ ਭਾਰਤੀ ਗੁੱਜਰ ਸਮਾਜ ਸੁਧਾਰ ਸੰਮੇਲਨ ਦੇ ਬਦਰਪੁਰ (ਦਿਲੀ) ਵਿਖੇ ਸਪਸ਼ਟ ਸ਼ਬਦਾਂ ਵਿੱਚ ਐਲਾਨ ਕੀਤਾ ਸੀ। ਅਸੀਂ ਧਰਮ ਬਦਲਿਆ ਹੈ ਆਪਣੇ ਬਾਪ ਦਾਦਾ ਨਹੀਂ ਬਦਲੇ ਜਿਤਨਾ ਮਾਣ ਆਪ ਲੋਕਾਂ ਨੂੰ ਰਾਮ ਅਤੇ ਕ੍ਰਿਸ਼ਨ ਜੀ ਤੇ ਹੈ ਉਤਨਾ ਹੀ ਮਾਣ ਅਸੀਂ ਰਾਮ ਕ੍ਰਿਸ਼ਨ ਜੀ ਦਾ ਕਰਦੇ ਹਾਂ। ਧਰਮ ਸਾਡੇ ਰਸਤੇ ਵਿੱਚ ਕੋਈ ਰੋੜਾ ਨਹੀਂ ਹੈ। ਸਾਡਾ ਰਿਸ਼ਤਾ ਖ਼ੂਨ ਦਾ ਹੈ□ਜੋ ਕਦੇ ਅਲੱਗ ਨਹੀਂ ਹੋ ਸਕਦਾ। ਅਸੀਂ (ਗੁੱਜਰ) ਚਾਹੇ ਹਿੰਦੂ ਹਾਂ ਚਾਹੇ ਮੁਸਲਮਾਨ ਸਾਡੀ ਬਿਰਾਦਰੀ ਇੱਕ ਹੈ। ਇਸੇ ਸੰਮੇਲਨ ਵਿੱਚ ਗਿਆਨੀ ਸਰੂਪ ਸਿੰਘ ਮੀਲੂ ਆਪਣੇ ਭਾਣਜੇ ਗਿਆਨੀ ਬਚਨ ਸਿੰਘ ਚੇਢੀ ਨਾਲ ਸ਼ਾਮਿਲ ਹੋਏ ਸਨ। (ਅਨੁਵਾਦਕ) ਬਦਰਪੁਰ ਦੇ ਵਿਸ਼ਾਲ ਸੰਮੇਲਨ ਵੇਲੇ ਲਿਖਿਆ ਹੋਇਆ ਵੇਰਵਾ ਦਿੱਲੀ ਦੇ ਦੁਆਲੇ ਦੇ ਗੁਜਰ ਇਸੇ ਲੇਖਕ ਵੱਲੋਂ ਕੀਤੇ ਪੰਜਾਬੀ ਦੇ ਅਨੁਵਾਦ ਉਪਲਬਧ ਹਨ।

ਜੰਮੂ ਕਸ਼ਮੀਰ ਦੀ ਪੂਰੀ ਆਬਾਦੀ ਦਾ ਲਗਭਗ ਇਕ ਤਿਹਾਈ ਆਬਾਦੀ ਗੁਜ਼ਰਾਂ ਦੀ ਹੈ। ਇਹ ਸਾਰੇ ਇਸਲਾਮ ਧਰਮ ਦੇ ਅਨੁਯਾਈ ਹਨ। ਲੇਕਿਨ ਰਸਮ ਰਿਵਾਜ ਅਜੇ ਵੀ ਹਿੰਦੂ ਗੁਜਰਾਂ ਦੀ ਤਰ੍ਹਾਂ ਹੀ ਹਨ। ਉਨ੍ਹਾਂ ਦੀ ਵੇਸ਼ ਭੂਸ਼ਾ ਤੇ ਗਹਿਣੇ ਵੀ ਹਿੰਦੂ ਗੁੱਜਰਾਂ ਵਾਂਗ ਹੀ ਹਨ। ਥੋੜ੍ਹਾ ਜਿਹਾ ਵੀ ਫਰਕ ਨਹੀਂ ਹੈ। ਉਹਨਾਂ ਦੀ ਭਾਸ਼ਾ ਠੇਠ ਗੁੱਜਰੀ ਹੈ। ਇਹ ਲੋਕ ਕਿਸੇ ਵੇਲੇ ਰਾਜਸਥਾਨ ਤੋਂ ਰਾਜਨੀਤਿਕ ਕਾਰਨਾਂ ਕਰਕੇ ਕਸ਼ਮੀਰ ਚਲੇ ਗਏ ਸਨ। ਇਹ ਆਪਣੇ ਨਾਮ ਦੇ ਨਾਲ ਆਪਣਾ ਗੋਤ ਜ਼ਰੂਰ ਲਿਖਦੇ ਹਨ ਅਤੇ ਮੁਸਲਮਾਨ ਤੋਂ ਪਹਿਲਾਂ ਗੁੱਜਰ ਦੱਸਦੇ ਹਨ। ਹੋਰ ਹਿੰਦੂ ਗੁੱਜਰਾਂ ਦੀ ਤਰ੍ਹਾਂ ਪਸ਼ੂ ਪਾਲਣ ਅਤੇ ਖੇਤੀਬਾੜੀ ਕਰਦੇ ਹਨ। ਇੱਥੋਂ ਦੇ ਕੁਝ ਕਬੀਲੇ ਆਪਣੇ ਮਾਲ ਡੰਗਰ ਇੱਕ ਥਾਂ ਤੋਂ ਦੂਸਰੇ ਸਥਾਨ ਤੱਕ ਲੈਕੇ ਘੁੰਮਦੇ ਹਨ ਅਤੇ ਜ਼ਿਆਦਾ ਕਰਕੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਵਸਦੇ ਹਨ। ਜਿੱਥੇ ਵਰਤਮਾਨ ਰੇਲਵੇ ਸਟੇਸ਼ਨ ਜੰਮੂ ਹੈ ਇਹ ਜ਼ਮੀਨ ਗੁੱਜਰਾਂ ਦੀ ਸੀ। ਇਸ

ਜ਼ਮੀਨ ਨੂੰ ਸਰਕਾਰ ਵਲੋਂ ਖਰੀਦੇ ਜਾਣ ਤੇ ਗੁੱਜਰਾਂ ਨੇ ਜੰਮੂ ਵਿੱਚ ਗੁੱਜਰ ਨਗਰ ਆਬਾਦ ਕੀਤਾ।

ਜੰਮੂ ਕਸ਼ਮੀਰ ਦੀ ਵੈਸ਼ਣੋ ਦੇਵੀ ਦੇ ਸਵਾਮੀ ਗੁੱਜਰ ਹਨ। ਇਹਨਾਂ ਨੂੰ (ਮੰਦਰ) ਦੇ ਚੜ੍ਹਾਵੇ ਵਿੱਚੋਂ ਬਕਾਇਦਾ ਹਿੱਸਾ ਮਿਲਦਾ ਹੈ। ਇਹਨਾਂ ਦੇ ਧਾਰਮਿਕ ਨੇਤਾ ਪੀਰ ਨਿਜ਼ਾਮੂਦੀਨ ਸਨ। ਸਰਦਾਰ ਵੱਲਭ ਭਾਈ ਪਟੇਲ ਜੋ ਉਸ ਸਮੇਂ ਭਾਰਤ ਸਰਕਾਰ ਦੇ ਗ੍ਰਿਹ ਮੰਤਰੀ ਉਹਨਾਂ ਦਿਨਾਂ ਵਿੱਚ ਕਸ਼ਮੀਰ ਗਏ ਸਨ ਅਤੇ ਪੀਰ ਨਿਜ਼ਾਮੂਦੀਨ ਨੂੰ ਮਿਲੇ ਸਨ। ਜਦੋਂ ਦੋਵੇਂ ਮਹਾਨ ਗੁੱਜਰ ਨੇਤਾ ਇੱਕ ਦੂਜੇ ਦੇ ਗਲੇ ਲੱਗ ਕੇ ਮਿਲੇ ਸਨ ਤਾਂ ਗਦ ਗਦ ਹੋ ਗਏ। ਸਰਦਾਰ ਪਟੇਲ ਉਸ ਦਿਨ ਖੁਲ੍ਹ ਕੇ ਹੱਸੇ ਸਨ ਪੀਰ ਨਿਜ਼ਾਮੂਦੀਨ ਨੇ ਹੱਥ ਉਚਾ ਕਰਕੇ ਸਰਦਾਰ ਪਟੇਲ ਨੂੰ ਭਰੋਸਾ ਦਿੱਤਾ ਸੀ, "ਪਟੇਲ ਸਾਹਿਬ ਜਦੋਂ ਤੱਕ ਗੁੱਜਰ ਜਾਤੀ ਦਾ ਇੱਕ ਵੀ ਬੱਚਾ ਜਿੰਦਾ ਰਹੇਗਾ ਕਸ਼ਮੀਰ ਨੂੰ ਪਾਕਿਸਤਾਨੀ ਕਬਾਇਲੀਆਂ ਨੂੰ ਨਹੀਂ ਜਾਣ ਦੇਵਾਂਗੇ।"

ਸਰਦਾਰ ਪਟੇਲ ਦਿੱਲੀ ਆਏ ਤਾਂ ਪ੍ਰਧਾਨ ਮੰਤਰੀ ਪੰ. ਜਵਾਹਰ ਲਾਲ ਨਹਿਰੂ ਨੂੰ ਉਥੋਂ ਦੀ ਸਥਿਤੀ ਦਾ ਜਾਇਜ਼ਾ ਦਿੱਤਾ ਤੇ ਹਾਸੇ ਵਿੱਚ ਕਿਹਾ "ਪੰਡਤ ਜੀ ਕਸ਼ਮੀਰ ਤੁਹਾਡਾ ਹੀ ਨਹੀਂ ਸਾਡਾ ਵੀ ਹੈ।" ਅਰਥਾਤ ਕੇਵਲ ਪੰਡਤਾਂ ਦਾ ਹੀ ਨਹੀਂ ਇਹ ਗੁੱਜਰਾਂ ਦਾ ਵੀ ਹੈ। 'ਗੁੱਜਰ' ਨੇਤਾ ਪੀਰ ਨਿਜਾਮੂਦੀਨ ਨੇ ਜੋ ਵਾਇਦਾ ਆਪਣੇ ਕੌਮੀ ਅਤੇ ਰਾਸ਼ਟਰੀ ਨੇਤਾ ਸਰਦਾਰ ਪਟੇਲ ਨਾਲ ਕੀਤਾ ਸੀ ਉਸਨੂੰ ਕਸ਼ਮੀਰ ਦੇ ਮੁਸਲਮਾਨ ਗੁੱਜਰਾਂ ਨੇ ਪੂਰਾ ਨਿਭਾਇਆ ਹੈ। ਕਸ਼ਮੀਰ ਦੀ ਜੌਨੀ ਗੁੱਜਰੀ, ਮਾਲੀ ਗੁੱਜਰੀ, ਸ਼ਰਬਾ ਗੁੱਜਰੀ ਅਤੇ ਮੁਹੰਮਦ ਦੀਨ ਗੁੱਜਰ ਨੂੰ ਪਦਮਸ਼੍ਰਿਰੀ ਖਿਤਾਬ ਭਾਰਤ ਸਰਕਾਰ ਨੇ ਉਹਨਾਂ ਦੀ ਦੇਸ਼ ਭਗਤੀ ਅਤੇ ਹੌਸਲੇ ਵਾਲੇ ਕਾਰਨਾਮਿਆਂ ਦੇ ਕਰਨ ਦੇ ਇਨਾਮ ਵਜੋਂ ਦਿੱਤਾ ਸੀ।

ਪੰਜਾਬ ਵਿੱਚ ਗੁੱਜਰ ਚੰਡੀਗੜ੍ਹ, ਜ਼ਿਲ੍ਹਾ ਹੁਸ਼ਿਆਰਪੁਰ, ਪਟਿਆਲਾ, ਰੋਪੜ, ਸੰਗਰੂਰ, ਲੁਧਿਆਣਾ ਆਦਿ ਜ਼ਿਲ੍ਹਿਆਂ ਕਾਫੀ ਗਿਣਤੀ ਵਿੱਚ ਹਨ। ਪੰਜਾਬ ਦੀ ਗੁੱਜਰ ਜਾਤੀ ਸਰਵ ਧਰਮ ਸਮਭਾਵ ਅਰਥਾਤ ਧਰਮ ਨਿਰਪੱਖ ਸਰੂਪ ਸਪੱਸ਼ਟ ਹੁੰਦਾ ਹੈ। ਇਹ ਲੋਕ ਖੇਤੀ, ਪਸ਼ੂ ਪਾਲਣ ਉਦਯੋਗ ਸਰਵਿਸ ਅਤੇ ਸਿੱਖਿਆ ਦੇ ਖੇਤਰ ਵਿੱਚ ਹੋਰ ਪੰਜਾਬੀਆਂ ਦੇ ਨਾਲ ਕਦਮ ਮਿਲਾ ਕੇ ਚੱਲ ਰਹੇ ਹਨ। ਡਾ. ਦੇਵ ਰਾਜ ਭੂਮਲਾ ਤੇ ਓ.ਪੀ. ਮੀਲੂ ਖੇਤੀਬਾੜੀ ਵਿਗਿਆਨਕਾਂ ਵਿੱਚ ਸੰਸਾਰ ਭਰ ਵਿੱਚ ਜਾਣੇ ਜਾਂਦੇ ਹਨ। ਇਸੇ ਤਰ੍ਹਾਂ ਹੋਰ ਉਨਤੀਸ਼ੀਲ ਗੁਜਰ ਪਿਛੜੀ ਹਾਲਤ ਵਿੱਚੋਂ ਨਿਕਲ ਕੇ ਮਹਾਰਾਸ਼ਟਰ ਦੇ ਪਾਟਿਲ ਅਤੇ ਗੁਜਰਾਤ ਦੇ ਪਟੇਲ ਹਜ਼ਾਰ ਸਾਲ ਪਹਿਲਾਂ ਜ਼ਿਲ੍ਹਾ ਹੁਸ਼ਿਆਰਪੁਰ ਤੋਂ ਗਏ ਹਨ। ਇਸ ਦਾ ਭੇਤ ਇਹਨਾਂ ਦੇ ਬਡੌਦਾ ਵਿੱਚ ਰਹਿੰਦੇ ਚਾਰਣ ਅਤੇ ਭੱਟਾਂ ਦਾ ਲੜੀਵਾਰ ਰਿਕਾਰਡ ਹੈ।

ਮਾਣਯੋਗ ਰਾਸ਼ਟਰਪਤੀ ਗਿਆਨੀ ਜੈਲ ਸਿੰਘ ਨੇ 10 ਦਸੰਬਰ 1983 ਨੂੰ ਨਵੀਂ ਦਿੱਲੀ ਵਿੱਚ ਇੱਕ ਹਸਪਤਾਲ ਦੀ ਨੀਂਹ ਰੱਖੀ ਸੀ। ਇਸ ਹਸਪਤਾਲ ਦਾ ਨਾਮ ਮਾਤਾ ਸੁੰਦਰੀ (ਗੁੱਜਰੀ) ਰੱਖਿਆ ਸੀ। ਮਾਤਾ ਸੁੰਦਰੀ ਗੁੱਜਰੀ ਸ਼੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੀ ਧਰਮ ਪਤਨੀ ਅਤੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਾਤਾ ਸਨ। ਮਾਤਾ ਸੁੰਦਰੀ ਜੈਸੀ ਮਾਂ ਉਤੇ ਨਾ ਕੇਵਲ ਪੰਜਾਬ ਪ੍ਰਦੇਸ਼ ਨੂੰ ਮਾਣ ਹੈ ਬਲਕਿ ਸਾਰੇ ਭਾਰਤ ਵਾਸੀਆਂ ਨੂੰ ਗਰਵ ਹੈ ਜਿਸਦੀ ਪੁਨੀਤ ਕੁੱਖ ਤੋਂ ਸ਼੍ਰੀ ਗੁਰੂ ਗੋਬਿੰਦ ਸਿੰਘ ਜੈਸੇ ਮਹਾਂਪੁਰਸ਼, ਧਰਮ ਰੱਖਿਅਕ, ਧਰਮ ਪਰਿਵਰਤਕ, ਮਹਾਨ ਜੋਧੇ, ਮਹਾਨ ਸਾਹਿਤਕਾਰ, ਕਵੀ ਤੇ ਦੇਸ਼ ਭਗਤ ਦਾ ਜਨਮ ਹੋਇਆ।

ਹਿਮਾਚਲ ਦੇ ਗੁਜਰ ਵੀ ਕਸ਼ਮੀਰ ਦੇ ਗੁੱਜਰਾਂ ਵਾਂਗ ਘੁਮੱਕੜ ਅਤੇ ਨਾਗਰਿਕ ਜੀਵਨ ਬਸਰ ਕਰਦੇ ਹਨ। ਉਥੋਂ ਦੇ ਘੁਮੱਕੜ ਗੁੱਜਰਾਂ ਨੂੰ ਮਤਦਾਨ ਕਰਨ ਦਾ ਅਧਿਕਾਰ ਵੀ ਨਹੀਂ ਸੀ। ਜਦੋਂ ਇਸ ਸਬੰਧ ਵਿੱਚ ਗੁੱਜਰ ਨੇਤਾਵਾਂ ਨੇ ਆਵਾਜ਼ ਉਠਾਈ ਤਾਂ ਜਾਕੇ ਉਹਨਾਂ ਨੂੰ ਇਹ ਸਹੂਲਤ ਪ੍ਰਾਪਤ ਹੋਈ। ਇਹ ਲੋਕ ਵੀ ਪਸ਼ੂ ਪਾਲਣ ਅਤੇ ਖੇਤੀ ਬਾੜੀ ਕਰਕੇ ਜੀਵਨ ਬਸਰ ਕਰਦੇ ਹਨ। ਸਭ ਤੋਂ ਪਹਿਲਾਂ (1960–61) ਵਿੱਚ ਚੂਹੜਪੁਰ (ਹੁਣ ਵਿਕਾਸ ਨਗਰ ਜ਼ਿਲ੍ਹਾ ਦੇਹਰਾਦੂਨ ਵਿੱਚ) ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਇੱਕ ਗੁੱਜਰ ਕਾਨਫਰੰਸ ਬੁਲਾਈ, ਜਿਸ ਵਿੱਚ ਕਸ਼ਮੀਰ ਦੇ ਮੁੱਖ ਮੰਤਰੀ ਬਖਸ਼ੀ ਗੁਲਾਮ ਮੁਹੰਮਦ, ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਤਾਮ ਸਿੰਘ ਕੈਰੋਂ ਅਤੇ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਚੰਦਰ ਭਾਨ ਗੁਪਤ ਸ਼ਾਮਲ ਹੋਏ ਸਨ। ਜਿੱਥੇ ਯੂ.ਪੀ., ਪੰਜਾਬ (ਉਨ੍ਹਾਂ ਦਿਨ੍ਹਾਂ ਵਿੱਚ ਹਰਿਆਣਾ ਤੇ ਵਰਤਮਾਨ ਹਿਮਾਚਲ ਪ੍ਰਦੇਸ਼ ਦਾ ਵਜੂਦ ਨਹੀਂ ਸੀ ਅਤੇ ਇਹ ਖੇਤਰ ਪੰਜਾਬ ਵਿੱਚ ਸੀ) ਅਤੇ ਕਸ਼ਮੀਰ ਦੇ ਘੁਮੱਕੜ□ਗੁੱਜਰਾਂ ਦੇ ਵਰਤਮਾਨ ਹਾਲਾਤ ਵਿੱਚ ਸੁਧਾਰ ਕਰਨ ਲਈ ਇੱਕ ਗੁੱਜਰ ਵੈਲਫੇਅਰ ਬੋਰਡ ਵੀ ਕਾਗਜਾਂ ਵਿੱਚ ਬਣਿਆ ਸੀ। ਪਰ ਉਸ ਨਾਲ ਗੁੱਜਰਾਂ ਨੂੰ ਕੋਈ ਫਾਇਦਾ ਨਹੀਂ ਪਹੁੰਚਿਆ ਬਲਕਿ ਗੈਰ ਗੁੱਜਰ ਅਤੇ ਸਵਾਰਥੀ ਲੋਕ ਫਾਇਦਾ ਉਠਾਉਂਦੇ ਰਹੇ ਹਨ। ਹਿਮਾਚਲ ਦੇ ਕੁਝ ਇਲਾਕਿਆਂ ਵਿੱਚ ਗੁੱਜਰ ਜਾਤੀ ਨੂੰ ਅਨੁਸੂਚਿਤ ਜਨ ਜਾਤੀਆਂ ਦੀ ਸਹੂਲਤ ਵੀ ਉਥੋਂ ਦੀ ਸਰਕਾਰ ਨੇ ਪ੍ਰਦਾਨ ਨਹੀਂ ਕੀਤੀ ਹੈ। ਜਦੋਂ ਕਿ ਸਾਰੇ ਹਿਮਾਚਲੀ ਗੁੱਜਰਾਂ ਨੂੰ ਇਹ ਸਹੂਲਤ ਮਿਲਣੀ ਚਾਹੀਦੀ ਸੀ।

ਹਰਿਆਣਾ ਪ੍ਰਦੇਸ਼ ਵਿੱਚ ਗੁੱਜਰ ਵਧੇਰੇ ਕਰਕੇ ਹਿੰਦੂ ਧਰਮਾਂ ਨੂੰ ਮੰਨਣ ਵਾਲੇ ਹਨ ਕੁਝ ਪਿੰਡ ਮੁਸਲਿਮ ਵੀ ਹਨ। ਇਹਨਾਂ ਦੀ ਜਿਆਦਾ ਆਬਾਦੀ ਜ਼ਿਲ੍ਹਾ ਫਰੀਦਾਬਾਦ, ਮਹਿੰਦਰਗੜ੍ਹ, ਹਿਸਾਰ, ਗੁੜਗਾਓਂ, ਭਿਵਾਨੀ, ਸਿਰਸਾ, ਅੰਬਾਲਾ, ਕੁਰੂਕਸ਼ੇਤਰ, ਸੋਨੀਪਤ, ਜੀਂਦ, ਰੋਹਤਕ, ਕਰਨਾਲ ਵਿੱਚ ਪਾਈ ਜਾਂਦੀ ਹੈ। ਉਂਝ

ਹਰਿਆਣਾ ਵੀ ਜਨਤਾ ਦੇ ਨਾਲ ਨਾਲ ਗੁੱਜਰ ਜਾਤੀ ਵੀ ਤਰੱਕੀ ਵੱਲ ਵਧੀ ਹੈ। ਹਰਿਆਣਾ ਦੇ ਹਿਸਾਰ ਸ਼ਹਿਰ ਵਿੱਚ ਗੁੱਜਰੀ ਮਹਲ ਮੌਜੂਦ ਹੈ ਜਿਸਨੂੰ 14ਵੀਂ ਸਦੀ ਵਿੱਚ ਫਿਰੋਜ਼ਸ਼ਾਹ ਤੁਗਲਕ ਨੇ ਕਿਲ੍ਹੇ ਦੇ ਰੂਪ ਵਿੱਚ ਬਣਵਾਇਆ ਸੀ।

ਦਿੱਲੀ ਪ੍ਰਦੇਸ਼ ਦੇ ਗੁੱਜਰ ਦਿੱਲੀ ਦੇ ਇਰਦ ਗਿਰਦ ਆਬਾਦ ਹਨ। ਰਾਜਧਾਨੀ ਦੇ ਨੇੜੇ ਹੋਣ ਕਾਰਨ ਜਦੋਂ ਦਿੱਲੀ ਦਾ ਵਿਸਤਾਰ ਅਤੇ ਵਿਕਾਸ ਹੋਇਆ ਦਿੱਲੀ ਦੇ ਗੁੱਜਰਾਂ ਨੂੰ ਆਰਥਿਕ ਹਾਨੀ ਬਹੁਤੀ ਉਠਾਉਣੀ ਪਈ ਹੈ। ਜਿਸ ਥਾਂ ਅੱਜ ਰਾਸ਼ਟਰਪਤੀ ਭਵਨ, ਪਾਰਲੀਮੈਂਟ ਹਾਊਸ, ਸੈਂਟਰਲ ਸੈਕਟਰੀਏਟ, ਨਵੀਂ ਦਿੱਲੀ ਨਗਰ ਪਾਲਿਕਾ ਖੇਤਰ, ਸਫਦਰਜੰਗ ਹਵਾਈ ਅੱਡਾ, ਇੰਡੀਆ ਗੇਟ ਦਾ ਵਿਸ਼ਾਲ ਮੈਦਾਨ, ਇਹ ਸਭ ਦਿੱਲੀ ਦੇ ਗੁੱਜਰਾਂ ਦੇ ਪੰਜਾਹ ਪਿੰਡ ਉਜਾੜ ਕੇ ਬਣਾਏ ਗਏ ਸਨ। ਸਨ 1911 ਵਿੱਚ ਲਾਰਡ ਹਾਰਡਿੰਗ ਵਾਇਸਰਾਏ ਨੇ ਕੋਲਕਾਤਾ ਤੋਂ ਬਦਲ ਕੇ ਨਵੀਂ ਦਿੱਲੀ ਨੂੰ ਰਾਜਧਾਨੀ ਬਣਾਇਆ। ਜਿਸ ਕਰਕੇ ਗੁੱਜਰਾਂ ਦੇ ਪਿੰਡ ਭੂਮੀ ਹੀਨ ਹੋ ਗਏ ਹਨ। ਇਹ ਪਸ਼ੂ ਪਾਲਣ ਦਾ ਧੰਦਾ ਵੀ ਕਰਦੇ ਹਨ। ਇਹਨਾਂ ਨੂੰ ਆਪਣੇ ਪਸ਼ੂਆਂ ਲਈ ਚਾਰਾ ਵੀ ਹੁਣ ਬਜ਼ਾਰ ਤੋਂ ਖਰੀਦਣਾ ਪੈਂਦਾ ਹੈ। ਸਿੱਖਿਆ ਦੇ ਖੇਤਰ ਵਿੱਚ ਹੁਣ ਗੁੱਜਰਾਂ ਨੇ ਤਰੱਕੀ ਕੀਤੀ ਹੈ। 1950 ਜਦੋਂ ਕਾਕਾ ਕਲੇਲਕਰ ਪਿਛੜਾ ਵਰਗ ਕਮਿਸ਼ਨ ਬੈਠਿਆ ਸੀ। ਉਸ ਵੇਲੇ ਦਿੱਲੀ ਦੇ ਗੁੱਜਰ ਇਲਾਕੇ ਵਿੱਚ ਕੇਵਲ ਚਾਰ ਗਰੈਜੂਏਟ ਸਨ। 1857 ਦੀ ਕਰਾਂਤੀ ਵਿੱਚ ਕਿਉਂਕਿ ਗੁੱਜਰ ਇਲਾਕੇ ਦਾ ਹਰ ਇੱਕ ਪਿੰਡ ਨੇ ਸਰਗਰਮ ਭਾਗ ਲਿਆ ਸੀ ਜਿਸ ਦੇ ਕਾਰਨ ਇਹਨਾਂ ਰਾਜਧਾਨੀ ਦੇ ਨੇੜੇ ਰਹਿਣ ਵਾਲੇ ਗੁੱਜਰਾਂ ਤੇ ਬਹੁਤ ਅੱਤਿਆਚਾਰ ਹੋਇਆ ਸੀ। ਗੁੱਜਰਾਂ ਨੂੰ ਅੰਗਰੇਜ਼ ਨੌਕਰੀਆਂ ਵਿੱਚ ਬਿਲਕੁਲ ਨਹੀਂ ਸਨ ਲੈਂਦੇ। ਦਿੱਲੀ ਦਾ ਜਦੋਂ ਵੀ ਵਿਸਤਾਰ ਹੋਇਆ ਸਭ ਤੋਂ ਪਹਿਲਾਂ ਗੁੱਜਰਾਂ ਦੀ ਜ਼ਮੀਨ ਹੀ ਇਕਵਾਇਰ ਕੀਤੀ ਗਈ। ਇਹ ਸਿਲਸਿਲਾ ਆਜ਼ਾਦੀ ਤੋਂ ਬਾਅਦ ਵੀ ਚਲਿਆ ਆਉਂਦਾ ਹੈ। ਹੁਣ ਜਦੋਂ ਗੁਜਰ ਬਿਲਕੁਲ ਭੂਮੀਹੀਣ ਹੋ ਗਏ ਹਨ ਤਾਂ ਹੋਰ ਜਾਤੀਆਂ ਦੀ ਜਮੀਨ ਸਰਕਾਰ ਇਕਵਾਇਰ ਕਰਨ ਲੱਗੀ ਹੈ। ਦਿੱਲੀ ਦੇ ਆਂਚਲ ਵਿੱਚ ਰਹਿਣ ਵਾਲੇ ਗੁੱਜਰ ਡੇੜੀਏ, ਬਾਸਟੇ, ਬੈਸੋਏ, ਵਿਘੂੜੀ, ਖਾਰੀ, ਲੋਹਮੋੜ, ਅਵਾਨੇ, ਬੈਸਲੇ, ਤੰਵਰ ਅਤੇ ਕਸਾਨੇ ਆਦਿ ਗੋਤਰ ਆਬਾਦ ਹਨ। ਸਮਾਜਿਕ ਤੌਰ ਤੇ ਕਾਫੀ ਜਾਗਰੂਕ ਹਨ, ਪ੍ਰੰਤੂ ਸਮਾਜਿਕ ਕੁਰੀਤੀਆਂ ਦੇ ਕੁਚਕਰ ਵਿੱਚ ਪੀਸੇ ਜਾ ਰਹੇ ਹਨ। ਜਿਵੇਂ ਜਿਵੇਂ ਸਿੱਖਿਆ ਦਾ ਪਸਾਰ ਹੋਇਆ ਹੈ ਬਾਲ ਵਿਆਹ ਦੀ ਪ੍ਰਥਾ ਸਮਾਪਤ ਜਿਹੀ ਹੋ ਗਈ ਹੈ ਪ੍ਰੰਤੂ ਵਿਆਹਾਂ ਵਿੱਚ ਫਜੂਲ ਖਰਚੀ ਅਤੇ ਵਿਖਾਵੇ ਉਤੇ ਪੈਸਾ ਪਾਣੀ ਵਾਂਗ ਵਹਾਇਆ ਜਾਂਦਾ ਹੈ।

ਉਤਰ ਪ੍ਰਦੇਸ਼ ਦੇ ਗੁੱਜਰਾਂ ਦੀ ਬਹੁਤੀ ਆਬਾਦੀ ਮੇਰਠ ਕਮਿਸ਼ਨਰੀ, ਆਗਰਾ,

ਕਮਿਸ਼ਨਰੀ, ਬੁੰਦੇਲਖੰਡ, ਰੁਹੇਲਖੰਡ ਆਦਿ ਖੇਤਰਾਂ ਵਿੱਚ ਦੇਹਰਾਦੂਨ, ਸਹਾਰਨਪੁਰ, ਮੁਜਫਰਨਗਰ, ਮੇਰਠ, ਗਾਜੀਆਬਾਦ, ਬੁਲੰਦ ਸ਼ਹਿਰ ਅਤੇ ਅਲੀਗੜ੍ਹ, ਹਾਥਰਸ, ਹਾਪੁੜ, ਆਗਰਾ, ਇਟਾਵਾ, ਝਾਂਸੀ, ਜਾਲੌਨ, ਲਲਿਤਪੁਰ, ਹਮੀਰਪੁਰ, ਬੰਦਾਯੂ, ਬਿਜਨੌਰ, ਰਾਮਪੁਰ, ਜਲਾਲਾਬਾਦ, ਨੈਨੀਤਾਲ, ਮੁਰਾਦਾਬਾਦ, ਪੀਲੀਭੀਤ, ਉਤਰਕਾਸ਼ੀ, ਪੌੜ੍ਹੀ ਗੜਵਾਲ, ਬਸਤੀ, ਬਾਰਾਬੰਕੀ, ਸੁਲਤਾਨਪੁਰ, ਰਾਏਬਰੇਲੀ, ਮਿਰਜਾਪੁਰ, ਲਖਨਊ, ਇਲਾਹਾਬਾਦ, ਜੌਨਪੁਰ ਵਿੱਚ ਜਿਆਦਾ ਪਾਏ ਜਾਂਦੇ ਹਨ। ਉਤਰ ਪ੍ਰਦੇਸ਼ ਵਿੱਚ ਮੁਸਲਮਾਨ ਗੁੱਜਰ ਵੀ ਆਬਾਦ ਹਨ। ਇਹ ਆਮ ਕਰਕੇ ਫਰੁਖਾਬਾਦ, ਸਹਾਰਨਪੁਰ, ਦੇਹਰਾਦੂਨ, ਜਾਯਸ, ਰਾਏ ਬਰੇਲੀ ਤੇ ਅਮੇਠੀ ਖੇਤਰਾਂ ਵਿੱਚ ਵੱਸੇ ਹੋਏ ਹਨ, ਕੁਝ ਘੁਮੱਕੜ ਗੁੱਜਰ ਵੀ ਪਹਾੜੀ ਇਲਾਕਿਆਂ ਵਿੱਚੋਂ ਆਪਣੇ ਮਾਲ ਡੰਗਰਾਂ ਦੇ ਨਾਲ ਜੰਗਲਾਂ ਵਿੱਚ ਸ਼ੇਰਾਂ ਦੀ ਤਰ੍ਹਾਂ ਨਿਰਭੈ ਘੁੰਮਦੇ ਰਹਿੰਦੇ ਹਨ।

ਉਤਰ ਪ੍ਰਦੇਸ਼ ਦੇ ਗੁੱਜਰਾਂ ਨੇ ਵੀ 1857 ਦੀ ਕਰਾਂਤੀ ਵਿੱਚ ਵਧ ਚੜ੍ਹ ਕੇ ਭਾਗ ਲਿਆ ਸੀ। 1857 ਵਿੱਚ ਪੈਂਤੀ ਸਾਲ ਪਹਿਲਾਂ ਸਹਾਰਨਪੁਰ ਜ਼ਿਲ੍ਹੇ ਦੇ ਗੁੱਜਰਾਂ ਨੇ ਲਗਾਤਾਰ ਤਿੰਨ ਸਾਲ ਤੱਕ ਅੰਗਰੇਜ਼ ਸਰਕਾਰ ਨਾਲ ਟੱਕਰ ਲਈ ਸੀ। ਜਦੋਂਕਿ 1857 ਦੀ ਕਰਾਂਤੀ ਲਗਭਗ 9 ਮਹੀਨੇ ਵਿੱਚ ਪੂਰੀ ਤਰ੍ਹਾਂ ਕੁਚਲ ਦਿੱਤੀ ਗਈ ਸੀ। ਜਿਸ ਵਿੱਚ ਕੁਝ ਦੇਸੀ ਰਜਵਾੜੇ, ਗੁੱਜਰ, ਅਹੀਰ, ਮੇਵ ਰੋੜ ਰੰਘੜ, ਮੁਸਲਮਾਨ ਆਦਿ ਜਾਤੀਆਂ ਆਪਣੇ ਆਪਣੇ ਨੇਤਾਵਾਂ ਦੀ ਅਗਵਾਈ ਵਿੱਚ ਅੰਗਰੇਜ਼ ਸਰਕਾਰ ਨੂੰ ਦੇਸ਼ ਤੋਂ ਬਾਹਰ ਕੱਢਣ ਵਾਸਤੇ ਯਤਨਸ਼ੀਲ ਹੋਏ। 1857 ਵਿੱਚ ਲਖਨਊ ਛਾਉਣੀ ਵਿੱਚ ਘੱਟੋ ਘੱਟ 5 ਲੱਖ ਗੁੱਰਜਰ ਮਾਰੇ ਗਏ ਸਨ। ਇਸੇ ਕਾਰਨ ਅੰਗਰੇਜ਼ ਇਸਨੂੰ 'ਗੁੱਜਰ ਗਦਰ' ਆਖਦੇ ਸਨ। ਪੂਰੇ ਦੇਸ਼ ਵਿੱਚ ਇਸ ਤੋਂ ਇਲਾਵਾ 12 ਲੱਖ ਤੋਂ ਜਿਆਦਾ ਗੁੱਜਰ ਸ਼ਹੀਦ ਹੋਏ ਸਨ। ਲੰਢੌਰਾ ਰਿਆਸਤ ਨੂੰ ਅੰਗੇਰਜ਼ 1857 ਤੱਕ ਮੁਸ਼ਕਿਲ ਨਾਲ ਜਿੱਤ ਸਕੇ ਸਨ।

ਗੁੱਜਰ ਕੌਮ ਨੂੰ ਸਭ ਤੋਂ ਜ਼ਿਆਦਾ ਹਾਨੀ ਉਸ ਕਰਾਂਤੀ ਵਿੱਚ ਉਠਾਉਣੀ ਪਈ ਸੀ ਜਿਸਦੀ ਘਾਟ ਅਜੇ ਤੱਕ ਪੂਰੀ ਨਹੀਂ ਹੋਈ। ਬੁੰਦੇਲਖੰਡ ਵਿੱਚ ਖੁਜਰਾਹੋ ਗੁਰਜਰ ਰਾਜ ਦੀਆਂ ਗੁਫਾਵਾਂ ਚੰਦੇਲੇ ਗੁੱਜਰ ਰਾਜਿਆਂ ਦੀ ਕਲਾ ਪ੍ਰੇਮ ਦੇ ਨਮੂਨੇ ਹਨ

ਮੱਧ ਪ੍ਰਦੇਸ਼ ਵਿੱਚ ਗੁੱਜਰਾਂ ਦੀ ਆਬਾਦੀ ਮੁਰੈਨਾ, ਗਵਾਲੀਅਰ, ਹੈਰਦਾ, ਇੰਦੌਰ, ਥਾਰ, ਹੈਮਾਰ (ਨਵਈ), ਹੋਸ਼ੰਗਾਬਾਦ, ਨਾਗਪੁਰ ਅਤੇ ਨਰਬਦਾ ਦੀ ਘਾਟੀ ਵਿੱਚ ਪਾਈ ਜਾਂਦੀ ਹੈ। ਜਿਆਦਾਤਰ ਉਹ ਹਿੰਦੂ ਧਰਮ ਨੂੰ ਮੰਨਦੇ ਹਨ। ਭੂਪਾਲ ਵਿੱਚ ਗੁੱਜਰ ਭਵਨ ਨਿਰਮਾਣ ਕਰਕੇ ਉਨ੍ਹਾਂ ਨੇ ਜਾਤੀ ਦੀ ਤਰੱਕੀ ਅਤੇ

ਸੰਗਠਨ ਦਾ ਪ੍ਰਗਟਾਵਾ ਕੀਤਾ ਹੈ। ਏਕਤਾ ਵਿਖਾਈ ਹੈ। ਗਵਾਲੀਅਰ ਵਿੱਚ ਗੁੱਜਰੀ ਮਹੱਲ ਮ੍ਰਿਗਨਯਨੀ ਗੁੱਜਰ ਰਾਣੀ ਦਾ ਇਹ ਮਹੱਲ ਸੰਸਾਰ ਭਰ ਵਿੱਚ ਪ੍ਰਸਿੱਧ ਹੈ। ਮੱਧ ਪ੍ਰਦੇਸ਼ ਦੇ ਵਿੱਚ ਸਵਾਧੀਨਤਾ ਤੋਂ ਬਾਅਦ ਸਮਾਜਿਕ ਤੇ ਰਾਜਨੀਤਿਕ ਚੇਤਨਾ ਆਈ ਹੈ। ਜਿਵੇਂ ਜਿਵੇਂ ਵਿੱਦਿਆ ਦਾ ਪ੍ਰਸਾਰ ਹੁੰਦਾ ਜਾ ਰਿਹਾ ਹੈ ਇਹ ਲੋਕ ਉਨਤੀ ਵੱਲ ਵਧ ਰਹੇ ਹਨ। ਇਨ੍ਹਾਂ ਦਾ ਮੁੱਖ ਪੇਸ਼ਾ ਖੇਤੀ ਅਤੇ ਪਸ਼ੂ ਪਾਲਣਾ ਪ੍ਰਧਾਨ ਹੈ।

ਰਾਜਸਥਾਨ ਦੀ ਧਰਤੀ ਵੀਰਾਂ ਦੀ ਜਨਮਦਾਤੀ ਹੈ। ਕਸ਼ਮੀਰ ਵਿੱਚ ਅੱਜ ਜੋ ਮੁਸਲਮਾਨ ਗੁੱਜਰ ਹਨ, ਉਹ ਰਾਜਸਥਾਨ ਤੋਂ ਹੀ ਗਏ ਹਨ। ਰਾਜਸਥਾਨ ਦੇ ਉਹ ਗੋਤਰ ਵੀ ਪਾਏ ਜਾਂਦੇ ਹਨ ਜੋ ਹੋਰ ਪ੍ਰਾਂਤਾਂ ਵਿੱਚ ਨਹੀਂ ਹਨ। ਰਾਜਸਥਾਨ ਵਿੱਚ ਕੁਝ ਘੁਮੱਕੜ ਗੁੱਜਰ ਵੀ ਹਨ ਜੋ ਪਸ਼ੂ ਪਾਲਣ ਦਾ ਕੰਮ ਕਰਦੇ ਹਨ। ਹੋਰ ਗੁੱਜਰ ਖੇਤੀ ਬਾੜੀ ਅਤੇ ਪਸ਼ੂ ਪਾਲਣ ਦਾ ਮੁੱਖ ਧੰਦਾ ਕਰਦੇ ਹਨ। ਰਾਜਸਥਾਨ ਵਿੱਚ ਗੁੱਜਰ ਭਰਤਪੁਰ, ਧੌਲਪੁਰ, ਆਬੂ ਖੇਤਰ, ਕੋਟਾ, ਬੂੰਦੀ, ਝਾਲਾਵਾੜ, ਮਾਲਵਾ, ਭੀਲਵਾੜਾ, ਮੇਵਾੜ, ਟੌਂਕ, ਸੀਕਰ, ਸਵਾਈ ਮਾਧੋਪੁਰ, ਕਰੌਲੀ, ਚਿਤੌੜ, ਬਾਰਾ ਆਦਿ ਖੇਤਰਾਂ ਵਿੱਚ ਆਬਾਦ ਹਨ।

ਮਹਾਰਾਸ਼ਟਰ ਵਿੱਚ ਗੁੱਜਰ ਜਿਆਦਾ ਕਰਕੇ ਜ਼ਿਲ੍ਹਾ ਜਲਗਾਂਵ, ਧੂਲੀਆ, ਸ਼ਾਹਦਾ, ਨਾਗਪੁਰ ਆਦਿ ਇਲਾਕਿਆਂ ਵਿੱਚ ਵਸੇ ਹੋਏ ਹਨ। ਵੈਸੇ ਮਹਾਰਾਸ਼ਟਰ ਦੇ ਕੁਝ ਕੁ ਪਿੰਡਾਂ ਜਿਵੇਂ ਕਿ ਮਾਲੇਗਾਂਵ ਦੇ ਆਸ ਪਾਸ ਕਈ ਪਿੰਡ ਗੁੱਜਰਾਂ ਦੇ ਆਬਾਦ ਹਨ। ਮਹਾਰਾਸ਼ਟਰ ਦੇ ਗੁੱਜਰਾਂ ਦੀ ਆਰਥਿਕ ਹਾਲਤ ਚੰਗੀ ਹੈ। ਮਹਾਰਾਸ਼ਟਰ ਦੇ ਗੁੱਜਰਾਂ ਦੀ ਸਹਿਕਾਰਤਾ ਅੰਦੋਲਨ ਨੇ ਉਥੋਂ ਦੀ ਆਰਥਿਕ ਹਾਲਤ ਵਿੱਚ ਬਹੁਤ ਵੱਡਾ ਸੁਧਾਰ ਕੀਤਾ ਹੈ। ਧੂਲੀਆ ਜ਼ਿਲ੍ਹੇ ਦੇ ਸ਼ਾਹਦਾ ਵਿੱਚ ਸਤਪੁੜਾ ਤਾਪਤੀ ਦੁਆਬ ਸਹਿਕਾਰੀ ਗੁੱਜਰ ਮਿੱਲ ਨੇ ਇਸ ਇਲਾਕੇ ਦੀ ਗੁੱਜਰ ਜਨਤਾ ਦੀ ਕਾਇਆ ਪਲਟ ਦਿੱਤੀ ਹੈ ਜਿਸਦਾ ਸਿਹਰਾ ਇਸ ਇਲਾਕੇ ਦੇ ਗੁੱਜਰ ਨੇਤਾ ਅਤੇ ਸਹਿਕਾਰੀ ਨੇਤਾ ਸ੍ਰੀ ਪੀ.ਕੇ. ਪਾਟਿਲ ਦੇ ਸਿਰ ਬੱਝਦਾ ਹੈ। ਨਾਗਪੁਰ ਵਿੱਚ ਗੁੱਜਰੀ ਮਹਿਲ ਹੈ ਜੋ ਸ਼ਿਵਾ ਜੀ ਨੇ ਪ੍ਰਤਾਪ ਰਾਉ ਗੁੱਜਰ ਸੈਨਾਪਤੀ ਨੂੰ ਉਸਦੀ ਸੇਵਾ ਤੋਂ ਪ੍ਰਸੰਨ ਹੋਕੇ ਭੇਂਟ ਕੀਤਾ ਸੀ। ਨਾਲ ਹੀ ਆਪਣੀ ਪੁੱਤਰੀ ਦਾ ਵਿਆਹ ਪ੍ਰਤਾਪ ਰਾਵ ਗੁੱਜਰ ਦੇ ਪੁੱਤਰ ਨਾਲ ਕਰ ਦਿੱਤਾ ਸੀ। ਇਹ ਵੀ ਕਿਹਾ ਜਾਂਦਾ ਹੈ ਕਿ ਗੁੱਜਰੀ ਮਹੱਲ ਕੰਨਿਆਦਾਨ ਵਿੱਚ ਦਿੱਤਾ ਗਿਆ ਸੀ।

ਗੁਜਰਾਤ ਦਾ ਗੁੱਜਰ ਕੌਮ ਨਾਲ ਗਹਿਰਾ ਸਬੰਧ ਹੈ। ਗੁਜਰਾਤ ਦੇ ਸੋਮਨਾਥ ਮੰਦਰ ਦੇ ਗੁੱਜਰ ਰਾਜਾ ਰਖਵਾਲੇ ਤੇ ਨਿਰਮਾਤਾ ਰਹੇ ਹਨ। ਸਰਦਾਟ ਪਟੇਲ ਗੁੱਜਰ ਸਨ ਉਹਨਾਂ ਦੀ ਜਨਮ ਭੂਮੀ ਵੀ ਗੁਜਰਾਤ ਹੀ ਸੀ। ਉਥੋਂ ਦੇ ਗੁੱਜਰ ਖੇਤੀਬਾੜੀ

ਪਸ਼ੂ ਪਾਲਣ ਤੇ ਵਿਉਪਾਰ ਵਿੱਚ ਰੁੱਝੇ ਹੋਏ ਹਨ। ਕਪਾਹ ਤੇ ਤੰਬਾਕੂ ਦੀ ਖੇਤੀ ਬਹੁਤ ਹੈ। ਨੀਲ ਦੀ ਖੇਤੀ ਵੀ ਉਹ ਕਰਦੇ ਹਨ। ਬਾਰਦੌਲੀ-ਖੇੜਾ, ਅਹਿਮਦਾਬਾਦ, ਕੱਛ, ਅਨਿਹਵਾੜਾ, ਜੂਨਾਗੜ, ਸੂਰਤ ਖੰਬਾਵਤ ਵਿੱਚ ਗੁੱਜਰਾਂ ਦੀ ਆਬਾਦੀ ਹੈ। ਇਹ ਪਟੇਲ ਅਤੇ ਪਾਟਿਲ ਕਹਾਉਂਦੇ ਹਨ। ਇਹਨਾਂ ਵਿੱਚ ਰਾਜਨੀਤਿਕ ਜਾਗ੍ਰਤੀ ਬਹੁਤ ਹੈ। ਸਰਦਾਰ ਵੱਲਭ ਭਾਈ ਪਟੇਲ ਦੀ ਅਗਵਾਈ ਵਿੱਚ ਬਾਰਦੌਲੀ ਤੇ ਖੇੜਾ ਦਾ ਕਿਸਾਨ ਸੱਤਿਆਗ੍ਰਹਿ ਸਵਾਧੀਨਤਾ ਦੇ ਅੰਦੋਲਨ ਦੇ ਦਿਨਾਂ ਵਿੱਚ ਚੱਲਿਆ ਸੀ ਅਤੇ ਉਸ ਵਿੱਚ ਕਿਸਾਨਾਂ ਦੀ ਜਿੱਤ ਹੋਈ ਸੀ। ਉਸ ਵੇਲੇ ਤੋਂ ਉਸ ਜਗ੍ਹਾ ਖਾਸ ਕਰਕੇ ਗੁੱਜਰਾਂ ਵਿੱਚ ਰਾਜਨੀਤਿਕ ਚੇਤਨਾ ਪ੍ਰਸੰਸਾਯੋਗ ਹੈ। ਗੁਜਰਾਤ ਦੀ ਇੱਕ ਛੋਟੀ ਜਿਹੀ ਰਿਆਸਤ ਦਰਬਾਰ ਗੋਪਾਲਪੁਰ ਸੀ। ਜਿਸਨੇ ਸਰਦਾਰ ਪਟੇਲ ਦੇ ਆਖੇ ਤੇ ਸਭ ਤੋਂ ਪਹਿਲਾਂ ਰਾਸ਼ਟਰੀ ਏਕਤਾ ਤੇ ਅਖੰਡਤਾ ਦੇ ਲਈ ਭਾਰਤ ਸਰਕਾਰ ਦੇ ਸਾਹਮਣੇ ਪ੍ਰਸੰਨਤਾ ਨਾਲ ਸਮਰਪਣ ਕਰ ਦਿੱਤਾ ਸੀ ਜੋ ਤਿਆਗ ਦਾ ਇੱਕ ਆਦਰਸ਼ ਸੀ। ਹੋਰ ਦੇਸੀ ਰਜਵਾੜਿਆਂ ਲਈ ਇਸ ਗੁੱਜਰ ਰਿਆਸਤ ਨੇ ਪਹਿਲ ਕਰਕੇ ਦੇਸ਼ ਦੀ ਏਕਤਾ ਦੇ ਲਈ ਇੱਕ ਨਮੂਨਾ ਪੇਸ਼ ਕੀਤਾ ਸੀ।

ਗੁਜਰਾਤ ਦੀ ਆਬਾਦੀ ਲਗਭਗ 4 ਕਰੋੜ ਹੈ ਜਿਸ ਵਿੱਚ ਗੁੱਜਰਾਂ ਦੀ ਆਬਾਦੀ ਲਗਭਗ ਡੇਢ ਕਰੋੜ ਹੈ ਯਾਨੀ ਜਨ ਸੰਖਿਆ ਦਾ 40 ਪ੍ਰਤੀਸ਼ਤ ਗੁੱਜਰ ਹਨ। ਵਰਤਮਾਨ ਵਿਧਾਨ ਸਭਾ ਦੇ 45 ਵਿਧਾਇਕ (ਐਮ.ਐਲ.ਏ.) ਗੁੱਜਰ ਹਨ। ਸੰਸਦ ਵਿੱਚ ਛੇ ਗੁੱਜਰ (ਐਮ.ਪੀ.) ਜਨਤਾ ਪਾਰਟੀ ਦੇ ਰਾਜਕਾਲ ਵਿੱਚ ਸ਼੍ਰੀ ਬਾਬੂ ਭਾਈ ਪਟੇਲ ਮੁੱਖ ਮੰਤਰੀ ਰਹਿ ਚੁੱਕੇ ਹਨ। ਸ੍ਰੀ ਚਿਮਨ ਭਾਈ ਪਟੇਲ ਦੋ ਵਾਰ ਗੁਜਰਾਤ ਦੇ ਮੁੱਖ ਮੰਤਰੀ ਰਹਿ ਚੁੱਕੇ ਹਨ ਉਹ ਲੇਵਾ ਖਾਪ ਦੇ ਗੁੱਜਰ ਹਨ। ਸ਼੍ਰੀ ਮੋਰਾਰ ਜੀ ਦੇਸਾਈ ਦੇ ਮੰਤਰੀ ਮੰਡਲ ਵਿੱਚ ਕੇਂਦਰ ਦੇ ਸ਼੍ਰੀ ਐਚ.ਐਮ. ਪਟੇਲ ਵਿੱਤ ਮੰਤਰੀ ਰਹਿ ਚੁੱਕੇ ਉਹ ਵੀ ਗੁੱਜਰ ਕੌਮ ਦੇ ਗੌਰਵ ਹਨ।

ਕਰਨਾਟਕ ਦੇ ਗੁੱਜਰ ਲੰਬਾੜੇ ਅਖਵਾਉਂਦੇ ਹਨ। ਇਹਨਾਂ ਦਾ ਧਰਮ ਜੈਨ ਹੈ। ਇਹ ਬਹੁਤ ਕਰਕੇ ਘੁਮੱਕੜ ਜੀਵਨ ਪਸੰਦ ਕਰਦੇ ਹਨ। ਇਹਨਾਂ ਲੰਬਾੜੇ ਗੁੱਜਰਾਂ ਦਾ ਪਹਿਰਾਵਾ ਰਾਜਸਥਾਨ ਦੇ ਗੁੱਜਰ ਤੇ ਗੁੱਜਰੀਆਂ ਨਾਲ ਮਿਲਦਾ ਹੈ। ਇਹ ਪਸ਼ੂ ਪਾਲਣ ਦਾ ਧੰਦਾ ਕਰਦੇ ਹਨ। ਇਹਨਾਂ ਵਿੱਚ ਕੁਝ ਆਦਿਵਾਸੀ ਵੀ ਹਨ। ਕਰਨਾਟਕ ਅਤੇ ਆਂਧਰਾ ਪ੍ਰਦੇਸ਼ ਵਿੱਚ ਵੀ ਅੱਜ ਤੱਕ ਗੁੱਜਰ ਬਿਰਾਦਰੀ ਦਾ ਸੰਗਠਨ ਜਾਂ ਸੰਸਥਾ ਦਾ ਪ੍ਰਵੇਸ਼ ਨਹੀ ਹੋਇਆ ਹੈ।

# ਗੁੱਜਰ ਜਾਤੀ ਦਾ ਗੌਰਵ ਤੇ ਵੈਭਵ

ਗੁੱਜਰ ਜਾਤੀ ਦੇ ਨਾਮ ਤੇ ਗੁੱਜਰ ਭੂਮੀ ਗੁੱਰਜਰਾਤਰਾ ਗੁੱਰਜਰ ਦੇਸ਼ ਗੁੱਰਜਰ ਮੰਡਲ, ਗੁਜਰਾਤ, ਗੁੱਜਰਾਂਵਾਲਾ, ਗੁਜਰਖਾਨ, ਗਜਰਖਾਸੀ, ਗੁੱਜਰਧਾਰਾ ਗੁੱਜਰ ਖਾਂ, ਗੁਰਜਿਸਤਾਨ (ਰੂਸ) ਗਜਨੀ ਦੇ ਗੁਜਰਾਨੀ, ਗੁਜਰਾਤ (ਪਾਕਿਸਤਾਨ) ਗੁੱਜਰ ਤਾਲ, ਗੁੱਜਰ ਨਗਰ (ਜੰਮੂ) ਗੁੱਜਰਗੜ (ਗਵਾਲੀਅਰ) ਆਦਿ ਭੂ ਖੰਡਾਂ ਅਤੇ ਅਣਗਣਿਤ ਇਲਾਕੇ ਪ੍ਰਸਿੱਧ ਹਨ ਇਹ ਗੁੱਜਰਾਂ ਦੇ ਪ੍ਰਾਚੀਨ ਰਾਜਵੰਸ਼ਾਂ ਦੀ ਯਾਦ ਦਿਲਾਉਂਦੇ ਹਨ। ਸਮੇਂ ਦੇ ਥਪੇੜੇ ਵੀ ਇਹਨਾਂ ਨਾਵਾਂ ਨੂੰ ਮਿਟਾ ਨਹੀਂ ਸਕੇ। ਇਸੇ ਪ੍ਰਕਾਰ ਗੁੱਜਰਾਂ ਦੇ ਕੁਝ ਗੋਤਾਂ ਦੇ ਨਾਮ ਤੇ ਕੁਝ ਪ੍ਰਸਿੱਧ ਰਾਜ ਘਰਾਣਿਆਂ ਦੇ ਨਾਮ ਅਜੇ ਤੀਕ ਮੌਜੂਦ ਹਨੇ ਪੰਜਾਬ ਗੁੱਰਜਰ ਕਾਲ (500-1300) ਗੁੱਜਰ ਦੇਸ਼ ਦਾ ਉਤਰੀ ਭਾਗ ਸੀ ਜਿਸ ਵਿੱਚ ਗੁੱਜਰਾਂ ਦੇ ਅਨੇਕ ਰਾਜ ਸਥਾਪਿਤ ਸਨ ਜੈਸੇ ਲੋਰ ਗੁੱਜਰਾਂ ਦਾ ਲਾਹੌਰ (ਪਾਕਿਸਤਾਨ)। ਖਾਰੀ ਗੁੱਜਰਾਂ ਦਾ ਖਰਿਆਨ (ਪਾਕਿਸਤਾਨ), ਅੰਮਬਾਵਤੇ ਗੁੱਜਰਾਂ ਦਾ ਅੰਬਾਲਾ (ਹਰਿਆਣਾ) ਰਾਵਲ ਗੁੱਜਰਾਂ ਦੇ ਰਾਵਲਪਿੰਡੀ (ਪਾਕਿਸਤਾਨ), ਚੇਚੀ ਗੁੱਜਰਾਂ ਦਾ ਚੇਚੀਯਾਨ (ਪਾਕਿਸਤਾਨ) ਭਾਟੀ ਗੁੱਜਰਾਂ ਦਾ ਬਠਿੰਡਾ (ਪੰਜਾਬ) ਫਾਲਤੂ ਵੰਸੀ ਗੁੱਜਰਾਂ ਦਾ ਫਾਲਿਆਨ (ਪਾਕਿਸਤਾਨ) ਆਦਿ। ਵਰਤਮਾਨ ਗੁਜਰਾਤ ਨਗਰ (ਪਾਕਿਸਤਾਨ) ਦੀ ਸਥਾਪਨਾ ਗੁੱਜਰ ਪ੍ਰਤੀਹਾਰ ਸਮਰਾਟ ਮਿਹਰਭੋਜ ਦੇ ਸੈਨਾਪਤੀ ਤੇ ਸਾਮੰਤ ਟੌਂਕ ਵੰਸ਼ੀ ਗੁੱਜਰ ਅਲਕਾਨਦੇਵ ਨੇ ਭਾਰਤ ਦੀ ਉਤਰੀ ਸੀਮਾ ਨੂੰ ਸੁਰੱਖਿਅਤ ਕਰਨ ਵਾਸਤੇ ਕੀਤੀ ਸੀ। ਪੰਜਾਬ ਦੇ ਉਸ ਸਮੇਂ ਛੋਟੇ ਛੋਟੇ ਰਾਜਾਂ ਨੂੰ ਏਕਤਾ ਦੇ ਸੂਤਰ ਵਿੱਚ ਪਰੋਕੇ ਉਤਰੀ ਪੱਛਮੀ ਸੀਮਾ ਨੂੰ ਮਜ਼ਬੂਤ ਕੀਤਾ ਸੀ। ਉਸ ਸਮੇਂ ਗੁੱਜਰ ਸਾਮਰਾਜ ਦੀ ਰਾਜਧਾਨੀ ਕੰਨੋਜ ਸੀ। ਇਸ ਪ੍ਰਕਾਰ ਮੱਧ ਭਾਰਤ ਦਾ ਇਕ ਵਿਸ਼ਾਲ ਭੂ-ਖੰਡ ਗੁਜਰ ਜਾਤੀ ਦੇ ਪ੍ਰਭਾਵ ਹੇਠ ਹੋਣ ਕਾਰਨ ਗੁਜਰਾਧਾਰ ਅਖਵਾਉਂਦੇ ਸੀ, ਜੋ ਬਾਦ ਵਿਚ ਗਵਾਲੀਅਰ ਰਾਜ ਦਾ ਇਕ ਜ਼ਿਲ੍ਹਾ ਬਣ ਗਿਆ। ਗੁਰਜਰਧਾਰ ਵਿੱਚ ਗੁਜਰਾਂ ਦੀਆਂ ਅਨੇਕਾਂ ਖਾਪਾਂ ਸਨ ਜਿਨ੍ਹਾਂ ਵਿੱਚ ਛਾਵੜੀ ਤੇ ਘੁਰੱਈਆ ਗੁਜਰਾਂ ਦਾ ਰਾਜ ਵਰਣਨਯੋਗ ਹਨ ਖੂਬੜ ਪੰਵਾਰ ਖਾਪ ਦੇ ਗੁੱਜਰਾਂ ਦੇ ਪ੍ਰਭਾਵ ਕਾਰਨ ਕਰਨਾਲ (ਹਰਿਆਣਾ) ਸਹਾਰਨਪੁਰ (ਉਤਰ ਪ੍ਰਦੇਸ਼) ਆਦਿ ਭੂ ਭਾਗ 18ਵੀਂ ਸਦੀ ਤੱਕ ਗੁਜਰਾਤ ਅਖਵਾਉਂਦਾ ਸੀ।

ਦਿੱਲੀ ਦੇ ਬਾਰੇ ਪ੍ਰਸਿੱਧ ਪੀਰ ਨਿਜਾਮੁਦੀਨ ਔਲੀਆ ਨੇ ਕਿਹਾ ਸੀ। ਦਿੱਲੀ ਵਿੱਚ ਜਾਂ ਤਾਂ ਗੁੱਜਰ ਰਹਿਣਗੇ ਜਾਂ ਉਹ ਉਜੜ ਜਾਵੇਗੀ। ਦਿੱਲੀ ਦੇ ਤੰਵਰ ਗੁੱਜਰ ਪ੍ਰਤਿਹਾਰਾਂ ਦੇ ਅਧੀਨ ਸਾਮੰਤ ਸਨ। ਪ੍ਰਤੀਹਾਰਾਂ ਦੇ ਪਤਨ ਉਪਰੰਤ ਇਹ ਸੋਲੋਕੀ ਗੁੱਜਰਾਂ ਦੇ ਭੀਮ ਦੇਵ ਸਿੱਧਰਾਜ ਆਦਿ ਦੇ ਅਧੀਨ ਰਹੇ। ਤੰਵਰ ਵੰਸ ਦੇ ਪ੍ਰਸਿੱਧ ਮਹਾਰਾਜਾ ਅਨੰਗਪਾਲ ਅਤੇ ਅਨੰਦਪਾਲ ਸਨ ਇਨ੍ਹਾਂ ਦੀ ਰਾਜਧਾਨੀ ਮਹਿਰੌਲੀ ਸੀ। ਜਿਸਦਾ ਪੁਰਾਤਨ ਨਾਮ ਮਿਹਰਾਂਵਾਲੀ ਸੀ। ਸਮਰਾਟ ਮਿਹਰਭੋਜ ਦੇ ਨਾਮ ਤੇ ਇਹ ਨਗਰ ਵਸਾਇਆ ਗਿਆ। ਬਾਅਦ ਵਿੱਚ ਤੰਵਰਾਂ ਨੇ ਗਵਾਲੀਅਰ ਦੀ ਸਥਾਪਨਾ ਕੀਤੀ। ਗਵਾਲੀਅਰ ਦਾ ਰਾਜਾ ਮਾਨ ਸਿੰਘ ਮਿਹਰਾ ਨੈਣੀ ਗੁੱਜਰੀ ਨਾਲ ਉਸ ਦੀ ਵੀਰਤਾ ਤੇ ਖੂਬਸੂਰਤੀ ਕਰਕੇ ਸ਼ਾਦੀ ਕੀਤੀ ਸੀ। ਤੰਵਰ ਗੋਤ ਦੇ ਗੁੱਜਰਾਂ ਦੇ 200 ਪਿੰਡ ਗਵਾਲੀਅਰ ਦੇ ਆਸ ਪਾਸ ਆਬਾਦ ਹਨ। ਤੰਵਰ ਹਰਿਆਣਾ ਦੇ ਅੰਬਾਲਾ ਵਿੱਚ ਵੀ ਹਨ। ਕਰਮਾਦਿਤ ਨਾਮਕ ਤੰਵਰ ਗੁੱਜਰ ਆਪਣੇ ਤਿੰਨਾਂ ਪੁੱਤਰਾਂ ਸਲਵਾਹਨ, ਭਵਾਨੀ ਪ੍ਰਤਾਪ ਸਹਿਤ ਮਹਾਰਾਣਾ ਪ੍ਰਤਾਪ ਦੇ ਹਲਦੀਘਾਟੀ ਦੇ ਮੈਦਾਨ ਲੜਿਆ ਸੀ। ਤੰਵਰ ਵੰਸੀ ਗੁੱਜਰ (ਰਾਜਪੂਤ) ਜੈਪੁਰ ਦੇ ਪਾਟਨ ਦੌਸਾ ਤੰਵਰਘਾਟੀ ਵਿੱਚ ਵੀ ਵਸਦੇ ਹਨ। ਤੰਵਰ ਗੋਤਰ ਗੁੱਜਰਾਂ ਤੇ ਰਾਜਪੂਤਾਂ ਤੋਂ ਇਲਾਵਾ ਇਸਦੇ ਰਵੇ ਤੇ ਜਾਟਾਂ ਵਿੱਚ ਵੀ ਹੈ।

ਅਸਲ ਵਿੱਚ ਰਾਜਪੂਤ ਨਾਮੀ ਜਾਤੀ ਇਤਿਹਾਸ ਵਿੱਚ ਤੇਰਵੀਂ ਸਦੀ ਤੱਕ ਨਹੀਂ ਮਿਲਦੀ। ਗੁੱਜਰ ਰਾਜ ਦੇ ਪਤਨ ਤੋਂ ਬਾਅਦ ਰਾਜਪੁੱਤਰ ਸ਼ਬਦ ਅਪਭੰਸ਼ ਹੋਕੇ ਰਾਜਪੂਤ ਬਣ ਗਿਆ। ਹੁਣ ਇਹ ਰਾਜਪੂਤ ਆਪਣੇ ਆਪ ਨੂੰ ਗੁੱਜਰਾਂ ਤੇ ਹੋਰ ਕਸ਼ੱਤਰੀਆਂ ਤੋਂ ਵੱਖ ਮੰਨਦੇ ਹਨ। ਵਿਦੇਸ਼ੀ ਤੇ ਪੱਖਪਾਤੀ ਇਤਿਹਾਸਕਾਰਾਂ ਨੇ ਵੱਖਰੀ ਰਾਜਪੂਤ ਜਾਤੀ ਪੈਦਾ ਕਰਨ ਵਿੱਚ ਯੋਗਦਾਨ ਪਾਇਆ।

ਦਿੱਲੀ ਦੇ ਨੇੜੇ ਡੇੜੀਏ ਗੁੱਜਰਾਂ ਦੀ ਇੱਕ ਗੜ੍ਹੀ ਸ਼ਹਾਦਤਪੁਰ ਵਿੱਚ ਸੀ। ਜਿਸਦਾ ਇਲਾਕਾ ਸ਼ਾਹਦਰਾ ਤੋਂ ਸੂਰਜਪੁਰ ਤੱਕ ਸੀ ਜੋ ਕਿ 1857 ਵਿੱਚ ਅੰਗਰੇਜ਼ਾਂ ਨੇ ਬਰਬਾਦ ਕਰ ਦਿੱਤਾ ਸੀ।

ਹਰਿਆਣਾ ਦੇ ਭੜ੍ਹਾਣੇ ਗੁੱਜਰਾਂ ਦੀ ਪਾਲੀ ਪਾਖਲ ਪ੍ਰਸਿੱਧ ਗੜ੍ਹੀਆਂ ਸਨ। ਇਹਨਾਂ ਦਾ ਪ੍ਰਭਾਵ ਬਹੁਤ ਵਿਆਪਕ ਸੀ। ਇਹ ਪਿੰਡ ਫਰੀਦਾਬਾਦ ਜ਼ਿਲ੍ਹੇ ਵਿੱਚ ਹਨ। ਇਹ ਦਿੱਲੀ ਦੇ ਰਾਜਿਆਂ ਜਾਂ ਬਾਦਸ਼ਾਹਾਂ ਨੂੰ ਆਪਣਾ ਅੰਨਦਾਤਾ ਜਾਂ ਮਹਾਰਾਜਾ ਨਹੀਂ ਮੰਨਦੇ ਸਨ। ਸ਼ੇਰ ਸ਼ਾਹ ਸੂਰੀ ਦੀ ਸੈਨਾ ਭੜ੍ਹਾਨੇ ਗੁੱਜਰਾਂ ਤੋਂ ਹਾਰਕੇ ਦਿੱਲੀ ਪਰਤ ਗਈ ਸੀ। ਸ਼ੇਰ ਸ਼ਾਹ ਸੂਰੀ ਨੇ ਗੁੱਸੇ ਵਿੱਚ ਆਕੇ ਭੜਾਣੇ ਗੁੱਜਰਾਂ ਤੋਂ ਬਦਲਾ ਲੈਣ ਲਈ ਸੈਨਾ ਦੀ ਕਮਾਨ ਆਪਣੇ ਹੱਥ ਵਿੱਚ ਲੈ ਕੇ ਪਾਲੀ, ਪਾਖਲ ਆਕੇ ਘੋਰ ਸੰਗਰਾਮ ਕੀਤਾ ਸੀ। ਪੂਰਾ ਜ਼ੋਰ ਲਗਾਕੇ ਭੜਾਨੇ ਗੁੱਜਰਾਂ ਦੀਆਂ ਦੋਵੇਂ

ਗੜ੍ਹੀਆਂ ਦਾ ਤਹਿਸ ਨਹਿਸ ਕਰ ਦਿੱਤਾ। ਇਸ ਲਈ 16 ਤੋਪਾਂ ਨੇ ਜ਼ੋਰ ਲਾਇਆ ਸੀ। ਇਸ ਯੁੱਧ ਵਿੱਚ ਭਾਰੀ ਕਤਲੇਆਮ ਹੋਇਆ। ਇਕ ਵਾਰ ਪਾਲੀ ਪਾਖਲ ਦੀ ਗੜ੍ਹੀ ਦੇ ਭੜ੍ਹਾਣੇ ਗੁੱਜਰ ਬਾਦਸ਼ਾਹ ਸ਼ੇਰ ਸ਼ਾਹ ਸੂਰੀ ਦੇ ਹਾਥੀ ਹੱਕਕੇ ਲੈ ਆਏ ਅਤੇ ਉਹਨਾਂ ਨੂੰ ਅਰਾਵਲੀ ਦੀਆਂ ਪਹਾੜੀਆਂ ਵਿੱਚ ਛਿਪਾ ਦਿੱਤਾ। ਫਲਸਰੂਪ ਸ਼ੇਰ ਸ਼ਾਹ ਦਿੱਲੀ ਦਾ ਬਾਦਸ਼ਾਹ ਪਾਲੀ ਪਾਖਲ ਆਕੇ ਗੁੱਜਰਾਂ ਦਾ ਪ੍ਰਭੂਤਵ ਸਵੀਕਾਰ ਕੀਤਾ ਉਹਨਾਂ ਪੀਲਵਾਨਾਂ ਤੇ ਹਾਥੀਆਂ ਨੂੰ ਮੁੜਵਾ ਕੇ ਲੈ ਗਿਆ। ਉਸਦੇ ਬਾਅਦ ਦਿੱਲੀ ਸ਼ਹਿਰ ਦੇ ਫਾਟਕ ਸੂਰਜ ਛਿਪਣ ਤੋਂ ਸੂਰਜ ਚੜ੍ਹਨ ਤੱਕ ਬੰਦ ਹੀ ਰੱਖੇ ਜਾਣ ਲੱਗੇ ਸਨ।

ਭਾਟੀ ਗੁੱਜਰਾਂ ਦੀ ਪ੍ਰਸਿੱਧ ਗੜ੍ਹੀ ਦਾਦਰੀ (ਗਾਜੀਆਬਾਦ ਜ਼ਿਲ੍ਹਾ) ਤੇ ਕਾਸਨਾ ਵਿੱਚ ਸੀ ਜੋ ਹੁਣ ਜ਼ਿਲ੍ਹਾ ਬੁਲੰਦ ਸ਼ਹਿਰ (ਉੱਤਰ ਪ੍ਰਦੇਸ) ਵਿੱਚ ਹੈ। ਇਸ ਇਲਾਕੇ ਵਿੱਚ ਭਾਟੀ ਗੁੱਜਰਾਂ ਤੇ ਭਾਟੀ ਰਾਜਪੂਤਾਂ ਦੀ ਇਕ ਨਿਰੋਲ ਆਬਾਦੀ ਹੈ। ਇਹ ਭਟਨੇਰ ਕਹਿਲਾਉਂਦਾ ਹੈ। ਦਾਦਰੀ ਦਾ ਆਜ਼ਾਦੀ ਸੰਗਰਾਮ ਵਿੱਚ ਵੱਡਾ ਤੇ ਮਹੱਤਵਪੂਰਨ ਯੋਗਦਾਨ ਰਿਹਾ। ਇਥੋਂ ਦੇ ਕ੍ਰਾਂਤੀਕਾਰੀ ਰਾਜਾ ਰਾਉ ਉਮਰਾਵ ਸਿੰਘ ਦਾ ਬੜਾ ਦਬਦਬਾ ਸੀ। ਉਸਨੂੰ ਬੁਲੰਦ ਸ਼ਹਿਰ ਦੀ ਜੇਲ ਦੇ ਅੰਦਰ ਹਾਥੀ ਦੇ ਪੈਰਾਂ ਹੇਠ ਕੁਚਲ ਕੇ 1857 ਵਿੱਚ ਅੰਗਰੇਜ਼ ਹਕੂਮਤ ਨੇ ਬਦਲੇ ਦੀ ਭਾਵਨਾ ਸ਼ਾਂਤ ਕੀਤੀ ਸੀ।

ਗੁੱਜਰ ਯੋਧਿਆਂ ਨੇ ਸਭ ਤੋਂ ਪਹਿਲਾਂ (500 ਈਸਵੀ ਦੇ ਲਗਭਗ) ਭਿਨਮਾਲ ਨਾਮਕ ਨਗਰ ਨੂੰ ਆਪਣੀ ਕੇਂਦਰੀ ਰਾਜਧਾਨੀ ਬਣਾਇਆ ਸੀ। ਪ੍ਰਸਿੱਧ ਚੀਨੀ ਯਾਤਰੂ ਹਿਊਨਸਾਂਗ ਨੇ ਆਪਣੀਆਂ ਯਾਦਾਂ ਭਿਨਮਾਲ ਠਹਿਰ ਕੇ ਉਥੋਂ ਦਾ ਵਰਣਨ ਲਿਖਿਆ। ਉਹ ਨਗਰ ਅਜੋਕੇ ਜੋਧਪੁਰ ਤੋਂ 70 ਮੀਲ ਦੱਖਣ ਵੱਲ ਆਬੂ ਪਰਬਤ ਤੇ ਲੋਨ ਨਦੀ ਦੇ ਮੱਧ ਵਿੱਚ ਸਥਿਤ ਹੈ। ਉਸਦੇ ਖੰਡਰ 12 ਮੀਲ ਪਰਿਧੀ ਵਿੱਚ ਲੱਭਦੇ ਹਨ, ਜੋ ਇਸਦੇ ਸ਼ਾਨਦਾਰ ਅਤੀਤ ਦੀ ਕਹਾਣੀ ਰਹਿ ਗਏ ਹਨ। ਇਸਦਾ ਪਤਨ ਅੱਠਵੀਂ ਸਦੀ ਵਿੱਚ ਹੋਇਆ ਸੀ। ਇਸਤੋਂ ਬਾਅਦ ਗੁੱਜਰਾਂ ਨੇ ਆਪਣੀ ਕੇਂਦਰੀ ਰਾਜਧਾਨੀ ਉਜੈਨ ਨੂੰ ਬਣਾਇਆ। ਇਹ ਚਾਪ ਵੰਸ਼ ਦੇ ਰਾਜਾ ਵਿਆਘਰਮੁੱਖ ਦੇ ਸਮੇਂ ਦਾ ਵਰਣਨ ਹੈ ਭਿਨਮਾਲ ਦੇ ਸ਼ਕਤੀਸ਼ਾਲੀ ਗੁੱਜਰ ਰਾਜਿਆਂ ਦੀ ਪੀੜੀਦਰ ਵੰਸ਼ਾਂਵਲੀ ਉਪਲਬਦ ਨਹੀਂ ਹੈ ਜੋ ਰਾਜ ਦੇ ਪਤਨ ਦੇ ਕਾਰਣ ਨਸ਼ਟ ਹੋ ਗਈ ਹੋਵੇਗੀ।

ਗੁੱਜਰਾਂ ਨੇ ਭਿਨਮਾਲ, ਭੜੌਂਚ, ਆਬੂਚੰਦਰਾਵਤੀ, ਵਲਭੀ, ਮਾਂਡੋਵਰ, ਵਾਤਪੀ, ਉਜੈਨ, ਧਾਰਾ ਨਗਰੀ, ਕਲਿਆਣੀ, ਆਵਨਿੰਤ, ਕਨੌਜ ਆਦਿ ਨਗਰਾਂ ਦੀ ਸਥਾਪਨਾ ਕੀਤੀ ਸੀ। ਗੁੱਜਰਾਂ ਦੇ ਪ੍ਰਸਿੱਧ ਸਾਮਰਾਜਾਂ ਵਿੱਚ ਪ੍ਰੀਤਹਾਰ (ਸੰਨ

724-1019) ਵੰਸ ਦਾ ਰਾਜ ਰਿਹਾ ਅਤੇ ਬਾਦ ਵਿੱਚ ਸੋਲੰਕੀ ਵੰਸ ਗੁਜਰਾਂ ਦਾ 1019 ਤੋਂ 1300 ਤੱਕ ਰਿਹਾ। ਗੁੱਜਰ ਪ੍ਰਤੀਹਾਰ ਵੰਸ਼ ਦੇ ਪ੍ਰਮੁੱਖ ਸਮਰਾਟਾਂ ਵਿੱਚ ਨਾਗ ਭੱਟ ਪਹਿਲੇ ਕੁਕਸਥ, ਦੇਵਰਾਜ, ਵਤਸਰਾਜ, ਨਾਗਭਟ ਦੂਜੇ, ਰਾਮਭਦਰ ਤੇ ਮਿਹਰਭੋਜ ਆਦਿ ਸ਼ਕਤੀਸ਼ਾਲੀ ਸਮਰਾਟ ਪ੍ਰਸਿੱਧ ਰਹੇ ਸਨ ਉਹਨਾਂ ਨੇ ਮਹਾਂ ਪ੍ਰਾਕਰਮੀ ਅਰਬ ਹਮਲਾਵਰਾਂ ਨਾਲ ਨਿਰੰਤਰ ਯੁੱਧ ਕਰਕੇ ਭਾਰਤੀ ਧਰਮ ਤੇ ਸੰਸਕ੍ਰਿਤੀ ਦੀ ਰੱਖਿਆ ਕੀਤੀ ਸੀ। ਸੋਲੰਕੀ ਰਾਜਿਆਂ ਵਿੱਚ ਮੂਲਰਾਜ ਸੋਲੰਕੀ, ਚਾਮੁੰਡਰਾਜ, ਦੁਰਲੱਭ ਰਾਜ, ਗੁਰਜੇਸ਼ਵਰ ਮਹਾਰਾਜ ਭੀਮਦੇਵ ਤੇ ਕਰਣ ਦੇਵ ਸਮਰਾਟ ਜੈ ਸਿੰਘ, ਸਿੱਧ ਰਾਜ, ਕੁਮਾਰ ਪਾਲ, ਅਜਯਪਾਲ, ਬਾਲ ਮੂਲਰਾਜ, ਗੁਰਜੇਸ਼ਵਰ ਮਹਾਰਾਜ ਭੀਮਦੇਵ ਦੂਜਾ, ਵਿਸ਼ਾਲ ਦੇਵ, ਸਾਰੰਗ ਦੇਵ ਤੇ ਕਰਣਦੇਵ ਦੂਜਾ ਪ੍ਰਸਿੱਧ ਹਨ।

ਤੈਮੂਰ ਮੰਗੋਲ ਦਾ ਭਿਆਨਕ ਹਮਲਾ 1378 ਈ: ਵਿੱਚ ਭਾਰਤ ਤੇ ਹੋਇਆ ਸੀ ਜਿਸਨੂੰ ਇਤਿਹਾਸਕਾਰਾਂ ਨੇ 'ਪ੍ਰਭੂ ਦੀ ਕਰੋਪੀ', ਖ਼ੁਦਾ ਦਾ ਕਹਿਰ ਕਿਹਾ ਹੈ। ਤੈਮੂਰ ਨੂੰ ਉਤਰੀ ਭਾਰਤ ਤੋਂ ਵਾਪਿਸ ਮੁੜਨ ਲਈ ਮਜਬੂਰ ਕਰਨ ਵਾਲਾ ਮਹਾਨ ਯੋਧਾ ਸਰਵਖਾਪ ਪੰਚਾਇਤ ਦਾ ਮਹਾਨ ਸੈਨਾਪਤੀ ਜੋਗਰਾਜ ਪੰਵਾਰ ਗੁੱਜਰ ਸੀ। ਉਹ ਸਹਾਰਨਪੁਰ ਦਾ ਨਿਵਾਸੀ ਸੀ। ਜੋਗਰਾਜ ਪੰਵਾਰ ਦੇ ਪਿਤਾ ਦਾ ਨਾਂ ਮਾਨ ਸਿੰਘ ਸੀ ਜੋ ਲੰਢੌਰਾ ਦੇ ਨਿਕਟਵਰਤੀ ਪਿੰਡ ਪੱਥਰੀ ਦਾ ਰਹਿਣ ਵਾਲਾ ਸੀ। ਜੋਗਰਾਜ ਪੰਵਾਰ (ਯੋਗਰਾਜ) ਭੀਸ਼ਮ ਪਿਤਾਮਾ ਦੀ ਤਰ੍ਹਾਂ ਬਾਲ ਬ੍ਰਹਮਚਾਰੀ ਸੀ ਉਸਦਾ ਉਤਰੀ ਭਾਰਤ ਵਿੱਚ ਕੋਈ ਸਾਨੀ ਨਹੀਂ ਸੀ। ਇਹ ਵਿਸ਼ਾਲ ਕਾਇਆ ਵਾਲਾ ਵਿਅਕਤੀ ਜਿਸਦਾ ਕੱਦ ਸੱਤ ਫੁੱਟ 9 ਇੰਚ ਤੇ ਵਜ਼ਨ 8 ਮਣ ਸੀ। ਉਸਦੀ ਖ਼ੁਰਾਕ 4 ਸੇਰ ਅੰਨ ਸਬਜ਼ੀ, ਇੱਕ ਸੇਰ ਘਿਉ, 20 ਸੇਰ ਰੋਜ਼ਾਨਾ ਦਾ ਦੁੱਧ। ਉਸਦੇ ਉਪ ਸੈਨਾਪਤੀ ਧੂਲਾ ਭੰਗੀ (ਹਿਸਾਰ) ਅਤੇ ਹਰਬੀਰ ਸਿੰਘ ਗੁਲੀਆ ਜਾਟ (ਬਾਦਲੀ ਗੁਲੀਆ ਹਰਿਆਣਾ) ਤੇ ਮਾਮ ਚੰਦ ਗੁਜਰ ਸਨ। ਮਹਿਲਾ ਸੈਨਾਪਤੀ ਸਹਾਰਨਪੁਰ ਦੀ ਰਾਮ ਪਿਆਰੀ ਗੁੱਜਰ ਕੰਨਿਆ ਸੀ। ਜਿਸਨੇ 40,000 ਇਸਤ੍ਰੀਆਂ ਨੂੰ ਯੁੱਧ ਦੀ ਸਿੱਖਿਆ ਦਿੱਤੀ ਸੀ।

ਗੁੱਜਰੀ ਵੀਰਾਂਗਣਾਂ ਵਿੱਚ ਪ੍ਰਮੁੱਖ ਮਹਾਰਾਣੀ ਗਵਾਲੀਅਰ, ਮੀਨਾ ਜਾਂ ਮੈਨਾ ਗੁੱਜਰੀ ਗੁਜਰਾਤ ਧੌਲਾ ਗੁੱਜਰੀ ਗੁਲਾਬਾਦ (ਹਰਿਆਣਾ) ਪੰਨਾ ਦਾਈ (ਮੇਵਾੜ) ਤੇ ਰਾਮ ਪਿਆਰੀ ਸਹਾਰਨਪੁਰ ਦੀ ਪ੍ਰਸਿੱਧ ਰਹੀ ਹੈ। ਕਸ਼ਮੀਰ ਦੀ ਵੀਰ ਮਹਿਲਾ ਮਾਲੀ, ਜੌਨੀ ਤੇ ਸਰਬਾ ਦਾ ਨਾਮ ਦੇਸ਼ ਦੀ ਸੁਤੰਤਰਤਾ ਤੋਂ ਬਾਅਦ ਕਸ਼ਮੀਰ ਦੀ ਸੁਰੱਖਿਆ ਤੇ ਏਕਤਾ ਦੇ ਲਈ ਵੀਰਤਾ (1947-1965) ਦੀ ਪਹਿਚਾਣ ਕਰਵਾਈ। ਆਮ ਕਰਕੇ ਗੁੱਜਰੀ ਵੀਰਾਂਗਨਾਂ ਆਪਣੀ ਵੀਰਤਾ ਅਤੇ ਸੁੰਦਰਤਾ ਲਈ ਪ੍ਰਸਿੱਧ ਹਨ।

ਗੁੱਜਰ ਵੱਡੇ ਵੱਡੇ ਸਾਮਰਾਜਾਂ (ਪ੍ਰਤਿਹਾਰ ਤੇ ਸੋਲੰਕੀ) ਦੇ ਬਾਨੀ ਸਨ। ਗੁੱਜਰਾਂ ਦੇ ਛੋਟੇ ਛੋਟੇ ਰਜਵਾੜੇ 1857 ਤੱਕ ਅਤੇ 1947 ਤੱਕ ਕਾਇਮ ਰਹੇ। ਭਾਟੀ ਗੁੱਜਰਾਂ ਦੇ ਰਾਓ ਕਾਸਨ ਦੇਵ ਨੇ ਕਾਸਨਾ (ਜ਼ਿਲ੍ਹਾ ਬੁਲੰਦ ਸ਼ਹਿਰ) ਉਤਰ ਪ੍ਰਦੇਸ਼ ਵਿੱਚ ਆਪਣਾ ਰਾਜ ਸਥਾਪਿਤ ਕੀਤਾ ਸੀ। ਮੁਗਲਾਂ ਦੇ ਪ੍ਰਭਾਵ ਤੇ ਗੁੱਜਰ ਰਾਉ ਦਰਗਾਈ ਸਿੰਘ ਨੇ ਦਨਕੌਰ ਤੋਂ ਗਾਜੀਆਬਾਦ ਇਲਾਕੇ ਤੱਕ ਆਪਣੇ ਅਧਿਕਾਰ ਵਿੱਚ ਕਰਕੇ ਦਾਦਰੀ (ਉਤਰ ਪ੍ਰਦੇਸ਼) ਨੂੰ ਆਪਣੀ ਰਾਜਧਾਨੀ ਬਣਾਇਆ ਸੀ।

ਨਾਂਗੜੀ ਗੁੱਜਰ ਵੰਸ਼ ਦੇ ਗੁੱਜਰ ਰਾਓ ਜੈਤ ਸਿੰਘ ਜਿਸਦੀ ਜਨਮ ਭੂਮੀ ਗਾਜੀਆਬਾਦ ਜ਼ਿਲ੍ਹੇ ਦੀ ਬੰਬਾਵੜ ਪਿੰਡ ਹੈ ਨੇ ਗੰਗਾ ਅਤੇ ਜੁਮਨਾ ਨਦੀਆਂ ਦੇ ਘਾਟਾਂ ਤੇ ਅਧਿਕਾਰ ਕਰਕੇ ਪ੍ਰੀਕਸ਼ਤਗੜ੍ਹ ਗੁੱਜਰ ਰਾਜ ਦੀ ਸਥਾਪਨਾ ਕੀਤੀ ਸੀ। ਮੁਗਲਾਂ ਨਾਲ ਘੋਰ ਸੰਘਰਸ਼ ਜਾਰੀ ਰਿਹਾ। ਅੰਤ ਵਿੱਚ ਮੁਗਲ ਸਮਰਾਟ ਅਹਿਮਦ ਸ਼ਾਹ ਨੂੰ ਸਨ 1813 ਈ: ਵਿਚ ਰਾਓ ਜੈਤ ਸਿੰਘ ਨਾਲ ਸੰਧੀ ਕਰਕੇ ਮੇਰਠ ਦੇ ਸਾਰੇ ਪੂਰਬੀ ਪਰਗਣਿਆਂ ਦਾ ਰਾਜਾ ਮੰਨ ਲਿਆ ਗਿਆ ਸੀ। ਰਾਓ ਜੈਤ ਸਿੰਘ ਤੋਂ ਬਾਅਦ ਉਸਦਾ ਭਤੀਜਾ ਰਾਓ ਨੈਨ ਸਿੰਘ ਰਾਜਾ ਹੋਇਆ। ਮੁਗਲ ਸਮਰਾਟ ਦੁਆਰਾ 350 ਪਿੰਡਾਂ ਉਤੇ ਨੈਨ ਸਿੰਘ ਦਾ ਅਧਿਕਾਰ ਮੰਨ ਕੇ ਨਾਂਗੜੀ ਗੁੱਜਰ ਰਾਜ ਹੋਰ ਵੀ ਵੱਡਾ ਹੋ ਗਿਆ। ਸਨ 1818 ਵਿੱਚ ਰਾਓ ਨੈਨ ਸਿੰਘ ਦੀ ਮੌਤ ਹੋ ਗਈ ਅਤੇ ਉਸਦਾ ਲੜਕਾ ਨੱਥਾ ਸਿੰਘ ਗੱਦੀ ਤੇ ਬੈਠਿਆ। ਰਾਓ ਨੈਨ ਸਿੰਘ ਸੰਤਾਨਹੀਨ ਰਿਹਾ। ਉਸਦੀ ਲੜਕੀ ਲਾਡ ਕੁੰਵਰੀ ਲੰਢੋਰਾ ਦੇ ਰਾਜਾ ਖੁਸ਼ਹਾਲ ਸਿੰਘ ਨੂੰ ਵਿਆਹੀ ਗਈ ਸੀ। ਉਹ ਆਪਣੇ ਪਿਤਾ ਦੀ ਜਾਗੀਰ ਦੀ ਮਾਲਿਕ 1829 ਈ: ਵਿੱਚ ਬਣੀ। ਇਸ ਪ੍ਰਕਾਰ ਪ੍ਰੀਕਸ਼ਤਗੜ ਦਾ ਨਾਂਗੜੀ ਗੁੱਜਰ ਰਾਜ ਸਮਾਪਤ ਹੋ ਗਿਆ ਅਤੇ ਲੰਢੋਰਾ ਦੇ ਗੁੱਜਰ ਘਰਾਣੇ ਦੀ ਜਾਗੀਰ ਬਣ ਗਿਆ। ਸਨ 1857 ਦੇ ਅਜ਼ਾਦੀ ਸੰਗਰਾਮ ਵਿੱਚ ਰਾਵ ਕਦਮ ਸਿੰਘ ਨੇ ਫੇਰ ਪ੍ਰੀਕਸ਼ਤਗੜ੍ਹ ਨੂੰ ਸੁਤੰਤਰ ਰਾਜ ਹੋਣ ਦਾ ਐਲਾਨ ਕਰ ਦਿੱਤਾ, ਤੇ ਅੰਗਰੇਜ਼ ਸਰਕਾਰ ਨਾਲ ਲੜਾਈ ਲੜੀ ਪ੍ਰੰਤੂ ਸਫਲਤਾ ਨਹੀਂ ਮਿਲੀ ਤੇ ਭਾਰੀ ਕਤਲੇਆਮ ਉਸ ਥਾਂ ਹੋਇਆ। ਗੁੱਜਰਾਂ ਦੀਆਂ ਜਮੀਨ, ਜਾਇਦਾਦਾਂ ਜਬਤ ਹੋਈਆਂ। ਉਹਨਾਂ ਦੇ ਪਿੰਡ ਅੱਗ ਨਾਲ ਸਾੜਕੇ ਸੁਆਹ ਕਰ ਦਿੱਤੇ ਗਏ ਸਨ।

ਲੰਢੋਰਾ ਰਾਜ (ਸਹਾਰਨਪੁਰ) ਦੇ ਮੋਢੀ ਪ੍ਰਸਿੱਧ ਸੈਨਾਪਤੀ ਜੋਗਰਾਜ ਸਿੰਘ (1398 ਈ:) ਦੇ ਵੰਸ਼ ਵਿਚੋਂ ਸਨ। ਇਸ ਵੰਸ਼ ਨੂੰ ਹਰਦੁਆਰੀ ਰਾਜਾ ਦੀ ਉਪਾਧੀ ਮਿਲੀ ਹੋਈ ਸੀ। ਇਹ ਇਲਾਕਾ ਉਸ ਜਮਾਨੇ ਵਿੱਚ ਗੁਜਰਾਤ ਜਾਂ ਗੁੱਜਰ ਦੇਸ਼ ਕਹਿਲਾਉਂਦਾ ਸੀ। ਇਸ ਵੰਸ਼ ਦੇ ਰਾਜਾ ਨਾਹਰ ਸਿੰਘ ਤੇ ਮਾਮ ਚੰਦ ਪ੍ਰਸਿੱਧ ਸਨ।

ਸਮਰਾਟ ਔਰੰਗਜੇਬ ਨੇ ਖੂਬੜ ਪੰਵਾਰ ਰਾਜਿਆਂ ਦੀ ਸ਼ਕਤੀ ਦਾ ਲੋਹਾ ਮੰਨਦੇ ਹੋਏ ਲੰਢੋਰਾ ਰਾਜ ਘਰਾਣੇ ਨੂੰ 600 ਪਿੰਡਾਂ ਦਾ ਰਾਜਾ ਮੰਨ ਲਿਆ ਸੀ। ਮੁਗਲ ਸਮਰਾਟ ਮੁਹੰਮਦ ਸ਼ਾਹ ਦੇ ਸਮੇਂ ਇਸ ਰਾਜ ਦਾ ਵਿਸਥਾਰ 1200 ਪਿੰਡਾਂ ਤੇ ਅਧਿਕਾਰ ਹੋ ਗਿਆ ਜਿਸਨੂੰ ਮੁਗਲ ਸਮਰਾਟ ਨੇ ਮਾਨਤਾ ਦੇਣਾ ਹੀ ਉਚਿਤ ਸਮਝਿਆ ਸੀ। ਰਾਜਾ ਮਨੋਹਰ ਸਿੰਘ, ਬੁੱਧ ਸਿੰਘ, ਮੋਹਰ ਸਿੰਘ ਅਤੇ ਰਾਮ ਦਯਾਲ ਇਸ ਵੰਸ਼ ਦੇ ਪ੍ਰਭਾਵਸ਼ਾਲੀ ਰਾਜਾ ਹੋ ਚੁੱਕੇ ਹਨ। ਰਾਜਾ ਰਾਮ ਦਯਾਲ ਦੀ ਮੌਤ 1813 ਈਃ ਵਿੱਚ ਹੋਈ। ਰਾਜ ਘਰਾਣੇ ਦੇ ਲੋਕਾਂ ਵਿੱਚ ਫੁੱਟ ਪੈ ਗਈ। ਜਿਸਦਾ ਲਾਭ ਉਠਾਕੇ ਅੰਗਰੇਜ਼ ਸਰਕਾਰ ਨੇ ਰਾਜ ਦਾ ਬਹੁਤਾ ਭਾਗ ਹੜੱਪ ਕਰਕੇ ਬਾਕੀ ਰਾਜ ਪਰਿਵਾਰ ਦੇ ਲੋਕਾਂ ਵਿੱਚ ਵੰਡ ਕੇ ਰਿਆਸਤ ਨੂੰ ਕਮਜ਼ੋਰ ਕਰ ਦਿੱਤਾ ਸੀ। ਇਸੇ ਵੰਸ਼ ਦਾ ਇੱਕ ਤਾਲੁੱਕਾ ਕੁੰਜਾ ਭਗਵਾਨਪੁਰ ਸੀ। ਸਨ 1819 ਵਿੱਚ ਉਸਦਾ ਸੁਆਮੀ ਰਾਜਾ ਵਿਜਯ ਸਿੰਘ ਸੀ ਜੋ ਅੰਗਰੇਜ਼ਾਂ ਦਾ ਕੱਟੜ ਦੁਸ਼ਮਣ ਸੀ। ਉਸਨੇ 1822 ਵਿੱਚ ਅੰਗਰੇਜ਼ਾਂ ਨਾਲ ਟੱਕਰ ਲਈ ਅਤੇ ਪਹਿਲੀ ਜੰਗ-ਏ-ਆਜ਼ਾਦੀ ਦੇ ਸੰਗਰਾਮ ਦਾ ਬਿਗੁਲ ਵਜਾ ਦਿੱਤਾ। ਇਹ ਯੁੱਧ ਤਿੰਨ ਸਾਲ ਤੱਕ ਚੱਲਦਾ ਰਿਹਾ। ਰਾਜਾ ਵਿਜਯ ਸਿੰਘ ਦਾ ਪ੍ਰਮੁੱਖ ਸਾਥੀ ਅਤੇ ਸੈਨਾਪਤੀ ਕਲਿਆਣ ਸਿੰਘ ਵੀ ਉਸਦੇ ਨਾਲ ਹੀ ਸ਼ਹੀਦ ਹੋ ਗਏ ਸਨ।

ਬੁੰਦੇਲਖੰਡ ਦੇ ਸਮਥਰ ਰਾਜ ਦੀ ਖਟਾਣਾ ਵੰਸ਼ ਦੇ ਗੁੱਜਰ ਰਾਜਾ ਦੇਵੀ ਸਿੰਘ ਨੇ ਸਥਾਪਨਾ ਕੀਤੀ ਸੀ। ਉਸਦਾ ਦਾਦਾ ਨੌਨੇਸ਼ਾਹ ਦਤਿਆ ਰਾਜ ਦਾ ਸੈਨਾਪਤੀ ਸੀ। ਨੌਨੇ ਸ਼ਾਹ ਦੇ ਪੁੱਤਰ ਮਦਨ ਸਿੰਘ ਨੂੰ ਦਤੀਆ ਨਰੇਸ਼ ਨੇ ਸ਼ਮਸ਼ੇਰਗੜ੍ਹ ਦਾ ਕਿਲ੍ਹਾ ਤੇ ਪੰਜ ਪਿੰਡਾਂ ਦਾ ਰਾਜ ਅਧਿਕਾਰ ਦੇ ਦਿੱਤਾ ਸੀ। ਮਦਨ ਸਿੰਘ ਦੇ ਪੁੱਤਰ ਦੇਵੀ ਸਿੰਘ ਨੇ ਇਸਦਾ ਵਿਸਤਾਰ ਕੀਤਾ ਤੇ 450 ਵਰਗ ਮੀਲ ਕਰ ਲਿਆ। ਅੰਗਰੇਜ਼ ਸਰਕਾਰ ਨੇ ਸਨ 1817 ਈ; ਵਿੱਚ ਇਸ ਰਾਜ ਦਾ ਵਿਸਤਾਰ ਘਟਾ ਕੇ 178 ਮੀਲ ਕਰ ਦਿੱਤਾ ਸੀ ਜਿਸਦੀ ਸਲਾਨਾ ਆਮਦਨ 6 ਲੱਖ ਰੁਪਈਆ ਸੀ। ਰਾਜ ਦੀਆਂ ਚਾਰ ਤਹਿਸੀਲਾਂ, ਸ਼ਮਸ਼ੇਰਗੜ੍ਹ, ਅਮਰਗੜ੍ਹ, ਲੋਹਗੜ੍ਹ ਤੇ ਮਹਾਰਾਜਗੰਜ ਇਸ ਰਾਜ ਦੇ ਵਿਉਪਾਰਕ ਕੇਂਦਰ ਸਨ ਅਤੇ ਵਧੀਆ ਇਮਾਰਤਾਂ ਲਈ ਪ੍ਰਸਿੱਧ ਹੈ। ਖਟਾਣੇ ਵੰਸ਼ ਦੇ ਗੁੱਜਰ ਜੋ ਸੰਭਾਵਤ ਸ਼ਾਹੀ ਰਾਜਾ ਜੈਪਾਲ ਖਟਾਣਾ ਦੇ ਵੰਸ਼ ਹਨ। ਜੋ ਆਪਣੇ ਆਪ ਨੂੰ ਭਗਵਾਨ ਰਾਮ ਦੇ ਪੁੱਤਰ ਲਵ ਦੀ ਸੰਤਾਨ ਮੰਨਦੇ ਹਨ। ਇਹ ਇਤਿਹਾਸਕਾਰਾਂ, ਭੱਟਾਂ ਤੇ ਚਾਰਣਾਂ ਦੇ ਰਿਕਾਰਡ ਤੋਂ ਪ੍ਰਮਾਣਿਤ ਹੈ। ਸ਼ਮਸ਼ੇਰਗੜ੍ਹ ਦਾ ਕਿਲ੍ਹਾ ਦੇਸੀ ਰਾਜਿਆਂ ਦੇ ਬਹੁਤ ਵਧੀਆ ਕਿਲ੍ਹਿਆਂ ਵਿੱਚੋਂ ਇੱਕ ਗਿਣਿਆ ਜਾਂਦਾ ਹੈ। ਖਟਾਣੇ ਗੁੱਜਰ ਰਾਜਿਆਂ ਦੇ ਮੁਗਲ ਸਮਰਾਟ ਸ਼ਾਹਜਹਾਨ ਦੇ ਨਾਲ ਕਈ ਵਾਰ ਯੁੱਧ ਹੋਏ ਜਿਹਨਾਂ ਵਿੱਚ ਕਾਫੀ ਬਰਬਾਦੀ ਹੋਈ।

ਮੁਗਲ ਸੈਨਾ ਦੇ ਵੀ 6000 ਯੋਧਾ ਮਾਰੇ ਗਏ। ਰਾਜਾ ਵਿਸ਼ਣੂ ਸਿੰਘ ਤੇ ਰਾਜਾ ਰਣਜੀਤ ਸਿੰਘ ਖਟਾਣਾ ਵੰਸ਼ ਦੇ ਪ੍ਰਸਿੱਧ ਰਾਜੇ ਸਨ। ਉਹਨਾਂ ਨੇ ਦਤੀਆ ਰਾਜ ਦੀਆਂ ਸੈਨਾਵਾਂ ਨੂੰ ਹਰਾ ਕੇ ਉਹਨਾਂ ਦੀ ਤੋਪਾਂ ਅਤੇ ਹੋਰ ਯੁੱਧ ਸਮੱਗਰੀ ਆਪਣੇ ਕਬਜੇ ਵਿੱਚ ਕਰ ਲਈ ਸੀ। ਇਸ ਸਮੇਂ ਸਮਥਰ ਰਾਜ ਦੇ ਅੰਤਮ ਮਹਾਰਾਜਾ ਸ਼੍ਰੀ ਰਣਜੀਤ ਸਿੰਘ ਜੂਦੇਵ ਜੋ ਅਜਕਲ੍ਹ ਉਤਰ ਪ੍ਰਦੇਸ਼ ਦੇ ਗ੍ਰਹਿ ਰਾਜ ਮੰਤਰੀ ਹਨ।

ਗੁਜਰਾਤ ਵਿੱਚ ਵੀ ਇੱਕ ਛੋਟੀ ਜਿਹੀ ਰਿਆਸਤ ਦਰਬਾਰ ਗੋਪਾਲਪੁਰ ਸੀ ਜੋ ਸਰਦਾਰ ਪਟੇਲ ਦੇ ਪ੍ਰਭਾਵ ਨਾਲ ਸਭ ਤੋਂ ਪਹਿਲਾਂ ਭਾਰਤੀ ਮਹਾਂਸੰਘ ਦਾ ਅੰਗ ਬਣੀ। ਜਿਸ ਪ੍ਰਕਾਰ ਗੁੱਜਰ ਰਾਜਿਆਂ ਨੇ ਆਪਣੇ ਨਾਮ ਦੇ ਨਾਲ ਗੁੱਰਜੇਸ਼ਵਰ, ਗੁਰਜਰਅਧਿਰਾਜ, ਗੁੱਰਜਰ ਸਮਰਾਟ ਗੁਰਜਰ ਮਹਾਰਾਜ ਧਿਰਾਜ ਜਾਂ ਗੁੱਰਜਰ ਸ਼ਬਦ ਜੋੜਨ ਦਾ ਸ਼ੌਕ ਸੀ। ਉਸੇ ਪ੍ਰਕਾਰ ਨਾਗਪੁਰ ਵਿੱਚ ਗੁੱਜਰੀ ਮਹੱਲ ਸ਼ਿਵਾ ਜੀ ਨੇ ਆਪਣੀ ਬੇਟੀ ਦੇ ਵਿਆਹ ਤੇ ਪ੍ਰਤਾਪ ਰਾਉ ਗੁੱਜਰ ਸੈਨਾਪਤੀ ਦੇ ਪੁੱਤਰ ਨੂੰ ਕੰਨਿਆਦਾਨ ਵਿੱਚ ਦਿੱਤਾ ਸੀ। ਉਹ ਗੁੱਜਰੀ ਮਹੱਲ ਕਹਿਲਾਇਆ। ਗਵਾਲੀਅਰ ਵਿੱਚ ਗੁੱਜਰੀ ਰਾਣੀ ਮ੍ਰਿਗਨੈਣੀ ਦਾ ਗੁੱਜਰੀ ਮਹੱਲ ਸੰਸਾਰ ਪ੍ਰਸਿੱਧ ਹੈ। ਹਰਿਆਣਾ ਦੇ ਸ਼ਹਿਰ ਹਿਸਾਰ ਵਿੱਚ 14ਵੀਂ ਸਦੀ ਵਿੱਚ ਉਸਾਰਿਆ ਕਿਲ੍ਹਾ ਫਿਰੋਜਸ਼ਾਹ ਤੁਗਲਕ ਨੇ ਬਣਾਇਆ ਸੀ। ਗੁਜਰੀ ਮਹੱਲ ਦੇ ਨਾਮ ਨਾਲ ਪ੍ਰਸਿੱਧ ਹੈ। ਇੱਥੋਂ ਦੀ ਨਗਰ ਪਾਲਿਕਾ ਨੇ ਰਾਸ਼ਟਰੀ ਮਾਰਗ ਦੇ ਫੁਹਾਰਾ ਚੌਕ ਉਤੇ ਗੁੱਜਰੀ ਦੀ ਮੂਰਤੀ ਬਣਾ ਕੇ ਹਿਸਾਰ ਨੂੰ ਅਤੀਤ ਨਾਲ ਜੋੜਨ ਦਾ ਸਲਾਹੁਣਯੋਗ ਕਾਰਜ ਕੀਤਾ ਹੈ।

ਹਿਸਾਰ ਵਿੱਚ ਗੁੱਜਰਾਂ ਦਾ ਇੱਕ ਵੱਖਰਾ ਮੁਹੱਲਾ ਹੈ ਅਤੇ ਅਤੀਤ ਵਿਚ ਇਹ ਰਾਜਨੀਤਿਕ ਮੰਚ ਉਤੇ ਪ੍ਰਭਾਵੀ ਰਹੇ ਹਨ ਜਿਸਦਾ ਪ੍ਰਤੀਕ ਗੁੱਜਰੀ ਮਹੱਲ ਹੈ। ਗੁੱਜਰ ਕੌਮ ਦਾ ਗੌਰਵ ਪੂਰਣ ਅਤੀਤ ਆਪਣਾ ਸਾਨੀ ਨਹੀਂ ਰੱਖਦਾ। ਪ੍ਰੰਤੂ ਅਤੀਤ ਚਾਹੇ ਕਿਤਨਾ ਹੀ ਸੁੰਦਰ ਹੋਏ ਭਵਿਖ ਦੀ ਅਧਾਰਸ਼ਿਲਾ ਤਾਂ ਵਰਤਮਾਨ ਹੀ ਹੁੰਦਾ ਹੈ। ਮੈਥਲੀ ਸ਼ਰਣ ਗੁਪਤ ਨੇ ਠੀਕ ਹੀ ਕਿਹਾ ਸੀ ਅਤੀਤ ਵੀ ਮਹਾਨ ਸੀ ਭਵਿੱਖ ਵੀ ਮਹਾਨ ਹੈ, ਸੰਭਾਲ ਲਓ ਜੇਕਰ ਜੋ ਵਰਤਮਾਨ ਹੈ॥

ਯੂਨਾਨ ਮਿਸਰ ਰੋਮਾ, ਸਭ ਮਿਟ ਗਏ ਜਹਾਂ ਸੇ।
ਅਬ ਤੱਕ ਮਗਰ ਹੈ ਬਾਕੀ, ਨਾਮੋਂ ਨਿਸ਼ਾਂ ਹਮਾਰਾ॥
ਕੁਝ ਬਾਤ ਹੈ ਕਿ ਹਸਤੀ, ਮਿਟਤੀ ਨਹੀਂ ਹਮਾਰੀ।
ਸਦੀਓਂ ਰਹਾ ਹੈ ਦੁਸ਼ਮਨ, ਦੌਰੇ ਜਮਾਂ ਹਮਾਰਾ॥

ਡਾ. ਇਕਬਾਲ

# ਪਹਿਲੇ ਆਜ਼ਾਦੀ ਸੰਗਰਾਮ ਦਾ ਮਸੀਹਾ
# ਰਾਜਾ ਵਿਜੇ ਸਿੰਘ ਗੁੱਜਰ

ਰਾਜਾ ਵਿਜੇ ਸਿੰਘ ਗੁੱਜਰ ਖੂਬੜ ਪੰਵਾਰ (ਪਰਮਾਰ) ਗੁੱਜਰਾਂ ਦਾ ਉਤਰ ਪ੍ਰਦੇਸ਼ ਦੇ ਸਹਾਰਨਪੁਰ ਜ਼ਿਲੇ ਵਿੱਚ ਲੰਢੌਰਾ ਰਾਜ ਸੀ। ਇਸ ਰਾਜ ਵਿੱਚ 1200 ਪਿੰਡ ਸਨ। ਇਸੇ ਘਰਾਣੇ ਵਿੱਚ ਮਹਾਨ ਸੈਨਾਪਤੀ ਜੋਗਰਾਜ ਸਿੰਘ ਦਾ ਜਨਮ ਹੋਇਆ। ਸੰਨ 1398 ਈ: ਵਿੱਚ ਸੈਨਾਪਤੀ ਜੋਗਰਾਜ ਗੁੱਜਰ ਨੇ ਮੰਗੋਲ ਹਮਲਾਵਰ ਤੈਮੂਰ ਨੂੰ ਉਤਰੀ ਭਾਰਤ ਤੋਂ ਐਸਾ ਭਜਾਇਆ ਸੀ ਕਿ ਉਸਨੇ ਦੁਬਾਰਾ ਕਦੇ ਭਾਰਤ ਵੱਲ ਬੁਰੀ ਨੀਤ ਨਾਲ ਅੱਖ ਨਹੀਂ ਚੁੱਕੀ।

ਸਨ 1813 ਈ: ਵਿੱਚ ਲੰਢੌਰਾ ਦੇ ਗੁੱਜਰ ਰਾਜਾ ਰਾਮ ਦਯਾਲ ਦੀ ਮੌਤ ਹੋਈ ਤਾਂ ਰਾਜ ਘਰਾਣੇ ਦੇ ਲੋਕਾਂ ਵਿੱਚ ਆਪਸੀ ਫੁੱਟ ਪੈ ਗਈ ਜਿਸਦਾ ਲਾਭ ਉਠਾਉਂਦਿਆਂ ਅੰਗਰੇਜ਼ ਹਕੂਮਤ ਨੇ ਰਾਜ ਦਾ ਵਧੇਰੇ ਭਾਗ ਹੜੱਪ ਕਰ ਲਿਆ ਅਤੇ ਬਾਕੀ ਹਿੱਸੇ ਨੂੰ ਰਾਜ ਘਰਾਣੇ ਦੇ ਮੈਂਬਰਾਂ ਵਿਚ ਵੰਡ ਕੇ ਲੰਢੌਰਾ ਰਾਜ ਨੂੰ ਕਮਜ਼ੋਰ ਕਰ ਦਿੱਤਾ। ਇਸੇ ਵੰਸ਼ ਦਾ ਇੱਕ ਤਾਲੁੱਕਾ ਕੁੰਜਾ ਬਹਾਦੁਰਪੁਰ ਪਰਗਨਾ ਭਗਵਾਨਪੁਰ ਸੀ ਜਿਸਦਾ ਰਾਜਾ ਵਿਜਯ ਸਿੰਘ ਬਣਿਆ। ਰਾਜਾ ਵਿਜਯ ਸਿੰਘ ਦੇ ਮਨ ਵਿੱਚ ਲੰਢੌਰਾ ਰਾਜ ਨੂੰ ਬਾਂਦਰ ਵੰਡ ਕਰਕੇ ਦੁਰਨੀਤੀ ਨਾਲ ਅੰਗਰੇਜ਼ਾਂ ਦੀ ਦੇਸੀ ਰਾਜਾਂ ਨੂੰ ਹੜੱਪਣ ਅਤੇ ਕਮਜ਼ੋਰ ਕਰਨ ਵਿਰੁੱਧ ਗਹਿਰਾ ਰੋਸ ਸੀ। ਰਾਜਾ ਬਣਦੇ ਹੀ ਵਿਜਯ ਸਿੰਘ ਅੰਗਰੇਜ਼ ਹਕੂਮਤ ਦੀ ਨਿਯਤ ਨੂੰ ਭਾਰਤ ਵਿੱਚ ਸਭ ਤੋਂ ਪਹਿਲਾਂ ਭਾਂਪ ਗਿਆ ਸੀ। ਉਸ ਸਮੇਂ ਅੰਗਰੇਜ਼ ਹਕੂਮਤ ਦੇ ਖਿਲਾਫ ਕਿਸੇ ਦੇਸੀ ਰਜਵਾੜੇ ਅਤੇ ਰਾਜਾ ਦੀ ਮੂੰਹ ਖੋਲਣ ਦੀ ਹਿੰਮਤ ਨਹੀਂ ਸੀ। ਰਾਜਾ ਵਿਜਯ ਸਿੰਘ ਨੇ ਹੌਲੀ ਹੌਲੀ ਆਪਣੀ ਸ਼ਕਤੀ ਵਧਾਉਣੀ ਸ਼ੁਰੂ ਕਰ ਲਈ ਲੋਕਾਂ ਨੂੰ ਸੰਗਠਿਤ ਕਰਨਾ ਸ਼ੁਰੂ ਕੀਤਾ ਤੇ ਇਹ ਕਹਿਣਾ ਸ਼ੁਰੂ ਕੀਤਾ ਕਿ ਅੰਗਰੇਜ਼ ਕੌਣ ਹੈ ਸਾਡੀ ਜਗੀਰ ਤੇ ਜ਼ਮੀਨ ਨੂੰ ਸੀਮਤ ਕਰਨ ਵਾਲਾ। ਜਦੋਂ ਤੱਕ ਸਾਡੇ ਡੌਲਿਆਂ ਵਿੱਚ ਦਮ ਹੈ ਅਸੀਂ ਆਪਣੀ ਜਗੀਰ ਤੇ ਜਮੀਨ ਨੂੰ ਘੱਟ ਨਹੀਂ ਹੋਣ ਦੇਵਾਂਗੇ। ਇਹ ਜੋ ਸੱਤ ਸਮੁੰਦਰੋਂ ਪਾਰ ਦੇ ਅੰਗਰੇਜ਼ ਸਾਡੇ ਅਧਿਕਾਰਾਂ ਦਾ ਫੈਸਲਾ ਕਰਨ ਵਾਲੇ ਕੌਣ ਹੁੰਦੇ ਹਨ। ਜਿਸ ਤਰਾਂ 1942 ਵਿਚ ਮਹਾਤਮਾ ਗਾਂਧੀ ਨੇ "ਅੰਗਰੇਜੋ ਭਾਰਤ ਛੱਡੋ

ਦਾ ਐਲਾਨ ਕੀਤਾ ਸੀ। ਉਸੇ ਤਰ੍ਹਾਂ ਰਾਜਾ ਵਿਜਯ ਸਿੰਘ ਅਤੇ ਉਸਦੇ ਪ੍ਰਮੁੱਖ ਸਾਥੀ ਤੇ ਸੈਨਾਪਤੀ ਕਲਿਆਣ ਸਿੰਘ ਉਰਫ਼ ਕਲੂਆ ਗੁੱਜਰ ਨੇ ਫੁਰਮਾਨ ਜਾਰੀ ਕਰ ਦਿੱਤਾ "ਫਿਰੰਗੀਆਂ ਨੂੰ ਦੇਸ਼ ਤੋਂ ਬਾਹਰ ਕੱਢ ਦਿਓ, ਮਾਲਗੁਜ਼ਾਰੀ ਦੇਣਾ ਬੰਦ ਕਰੋ, ਤਹਿਸੀਲ ਖਜ਼ਾਨੇ ਤੇ ਅਧਿਕਾਰ ਕਰ ਲਵੋ।" ਫੇਰ ਕੀ ਸੀ ਉਸ ਇਲਾਕੇ ਦੇ ਕਿਸਾਨਾਂ ਨੇ ਅੰਗਰੇਜ਼ਾਂ ਨੂੰ ਮਾਲ ਗੁਜਾਰੀ ਦੇਣਾ ਬੰਦ ਕਰ ਦਿੱਤਾ। ਇਸ ਤਰ੍ਹਾਂ ਪਹਿਲੀ ਜੰਗੇ ਅਜ਼ਾਦੀ ਦਾ ਬਿਗਲ 1857 ਤੋਂ ਠੀਕ 35 ਸਾਲ ਪਹਿਲਾਂ ਵੱਜ ਗਿਆ ਸੀ। 1822 ਵਿੱਚ ਅੰਗਰੇਜ਼ੀ ਹਕੂਮਤ ਨਾਲ ਟਕਰਾਉਣ ਦੀ ਮਾਨਸਿਕ ਅਤੇ ਸੈਨਿਕ ਤਿਆਰੀ ਕਰ ਲਈ ਸੀ। 1857 ਵਿਚ ਤਾਂ ਸੈਨਿਕ ਤੇ ਨਾਗਰਿਕ ਰਾਜਾ ਅਤੇ ਰਾਣੀ ਬਾਦਸ਼ਾਹ ਨਵਾਬ ਅਤੇ ਆਮ ਜਨਤਾ ਸਭ ਲੜੇ। ਪ੍ਰੰਤੂ 1822-25 ਦੇ ਪਹਿਲੇ ਸੁਤੰਤਰਤਾ ਸੰਗਰਾਮ ਵਿੱਚ ਇਕੱਲਾ ਗੁੱਜਰ ਰਾਜਾ ਵਿਜਯ ਸਿੰਘ ਅਤੇ ਗੁੱਜਰ ਜਨਤਾ ਆਪਣੇ ਸਾਥੀਆਂ ਸਮੇਤ ਸ਼ਕਤੀਸ਼ਾਲੀ ਰਾਜ ਸੱਤਾ ਨਾਲ ਟਕਰਾਉਣ ਤੋਂ ਬਿਲਕੁਲ ਨਾ ਝਿਜਕਿਆ ਅਤੇ ਉਹਨਾਂ ਨਾਲ ਭਿੜ ਗਿਆ। ਚਾਹੇ ਪਰਿਣਾਮ ਕੁਝ ਵੀ ਹੋਵੇ ਬਹਾਦੁਰ ਸਦਾ ਖਤਰੇ ਮੁੱਲ ਲੈਂਦੇ ਹਨ। ਅਸੀਂ ਹੇਠ ਦੋ ਅੰਗਰੇਜ਼ ਉਚ ਅਧਿਕਾਰੀਆਂ ਸਰਵਸ਼੍ਰੀ ਐਚ.ਜੀ. ਵਾਲਟਨ, ਆਈ.ਸੀ.ਐਸ. ਦੇਹਰਾਦੂਨ ਗਜਟੀਅਰ ਦੇ ਪੰਨਾ 184-198 ਉਤੇ ਸਹਾਰਨਪੁਰ ਗਜਟੇਅਰ ਐਚ. ਆਰ. ਨੇਵਿਲ ਦਾ ਵਰਣਨ ਜਿਉਂ ਦਾ ਤਿਉਂ ਇਸ ਲਈ ਦੇ ਰਹੇ ਹਾਂ ਕਿ ਪਾਠਕ ਉਸ ਸਮੇਂ ਦੀ ਵਸਤੂ-ਸਥਿਤੀ ਦਾ ਸਹੀ ਮੁਲਾਂਕਣ ਕਰ ਸਕਣ। ਅੰਗਰੇਜ਼ ਆਪਣੇ ਦੁਸ਼ਮਣ ਰਾਜਾ ਵਿਜਯ ਸਿੰਘ ਅਤੇ ਗੁੱਜਰਾਂ ਦੇ ਬਾਰੇ ਕੀ ਲਿਖਦੇ ਹਨ। ਉਸਤੋਂ ਗੁੱਜਰਾਂ ਦੇ ਬਾਰੇ ਸਚਾਈ ਲੱਭਣ ਵਿੱਚ ਆਸਾਨੀ ਰਹੇਗੀ

"ਅਕਤੂਬਰ ਸਨ 1822 ਵਿੱਚ ਮਾਲ ਵਿਭਾਗ ਦੇ ਉਚ ਅਧਿਕਾਰੀਆਂ ਨੂੰ ਗੁੱਜਰਾਂ ਦੇ ਇੱਕ ਖਾਸ ਗਿਰੋਹ ਦੇ ਕਾਰਣ ਬੜੀ ਪ੍ਰੇਸ਼ਾਨੀ ਅਤੇ ਰੁਕਾਵਟਾਂ ਦਾ ਸਾਹਮਣਾ ਕਰਨਾ ਪਿਆ। ਇਤਨਾ ਵੱਡਾ ਸ਼ਸਤਰ ਕ੍ਰਾਂਤੀ ਦਾ ਸਮੂਹਕ ਯਤਨ ਇਸ ਤੋ ਪਹਿਲਾਂ ਆਸ ਪਾਸ ਦੇ ਜ਼ਿਲ੍ਹਿਆਂ ਵਿੱਚ ਕਦੇ ਨਹੀਂ ਹੋਇਆ। ਏਸ ਗਿਰੋਹ ਦਾ ਸਰਦਾਰ ਕਲੂਆ ਗੁੱਜਰ ਸੀ ਜਿਸਨੂੰ ਕਲਿਆਣ ਸਿੰਘ ਰਾਜਾ ਦੇ ਨਾਮ ਨਾਲ ਮਸ਼ਹੂਰੀ ਪ੍ਰਾਪਤ ਸੀ। ਉਹ ਕੁੰਜਾ ਦੇ ਰਾਜਾ ਵਿਜਯ ਸਿੰਘ ਦਾ ਸੱਜਾ ਹੱਥ ਸੀ। ਗੁੱਜਰਾਂ ਦੇ ਇਸ ਜਬਰਦਸਤ ਪ੍ਰਭਾਵ ਦਾ ਆਤੰਕ ਗੜ੍ਹਵਾਲ, ਦੇਹਾਰਦੂਨ, ਸ਼ਿਵਾਲਿਕ ਦੀਆ ਪਹਾੜੀਆਂ, ਬਿਜਨੌਰ, ਮੁਰਾਦਾਬਾਦ ਤੇ ਸਹਾਰਨਪੁਰ ਵਿੱਚ ਪੂਰਾ ਪੂਰਾ ਸੀ। ਕੋਈ ਵੀ ਵਿਅਕਤੀ ਉਹਨਾਂ ਦੇ ਭੇਦ, ਸ਼ਾਜਸ਼ਾਂ ਨੂੰ ਪ੍ਰਗਟ ਕਰਨ ਦੀ ਹਿੰਮਤ ਨਹੀਂ ਕਰ ਸਕਦਾ ਸੀ। ਫਿਰ ਵੀ ਗੋਰਖਾ ਬਟਾਲੀਅਨ ਅਤੇ ਨਵਤੀਤਮ ਸ਼ਸ਼ਤਰਾਂ ਨਾਲ ਲੈਸ ਪੁਲਿਸ ਦਾ ਉਹਨਾਂ ਸਮੇਂ ਸਮੇਂ ਉਤੇ ਵੱਡੀ ਸਫਲਤਾ ਨਾਲ

ਮੁਕਾਬਲਾ ਕੀਤਾ ਅਤੇ ਉਹ ਗੁੱਜਰਾਂ ਦਾ ਕੁਝ ਵੀ ਨਾ ਵਿਗਾੜ ਸਕੇ ਅਤੇ ਨਾ ਉਹਨਾਂ ਦੀਆਂ ਚਾਲਾਂ, ਦਾਓ ਪੇਚਾਂ ਨੂੰ ਪਹਿਚਾਣ ਸਕੇ। ਇਨ੍ਹਾਂ ਲੋਕਾਂ ਨੇ ਰਾਇਪੁਰ ਤੇ ਦੂਸਰੇ ਪਿੰਡਾਂ ਤੋਂ ਸਿੱਧੀ ਮਾਲ ਗੁਜਾਰੀ ਵਸੂਲ ਕਰਨੀ ਸ਼ੁਰੂ ਕਰ ਦਿੱਤੀ ਸੀ। ਪੁਲਿਸ ਅਤੇ ਫੌਜ ਦਾ ਮੁਕਾਬਲਾ ਕਰਨ ਲਈ ਹਜ਼ਾਰਾਂ ਹੀ ਸ-ਸ਼ਸ਼ਤਰ ਗੁੱਜਰ ਗਿਰੋਹ ਤਿਆਰ ਰਹਿੰਦੇ ਸਨ। ਕਾਲੇ ਅਤੇ ਭੂਰੇ ਦੋ ਗੁੱਜਰਾਂ ਤੇ ਗੁੱਜਰ ਅਤੇ ਰੰਘੜਾਂ ਨੂੰ ਤਲਵਾਰ ਭਾਲੇ ਅਤੇ ਹੋਰ ਹਥਿਆਰਾਂ ਨਾਲ ਲੈਸ ਜਬਰਦਸਤ ਗਿਰੋਹ ਫੌਜੀ ਤਰੀਕੇ ਨਾਲ ਬਣਾ ਲਿਆ ਸੀ। ਇਹਨਾਂ ਸਾਰਿਆਂ ਦੀਆਂ ਗਤੀਵਿਧੀਆਂ ਦਾ ਕੇਂਦਰੀ ਸਥਾਨ ਕੁੰਜਾ ਭਗਵਾਨਪੁਰ ਦੇ ਰਾਜਾ ਵਿਜਯ ਸਿੰਘ ਦਾ ਕਿਲ੍ਹਾ ਸੀ। ਉਸਨੇ ਆਸ ਪਾਸ ਦੇ ਸਭ ਵੱਡੇ ਵੱਡੇ ਜਿਮੀਂਦਾਰਾਂ ਨੂੰ ਆਪਣੇ ਨਾਲ ਮਿਲਾ ਲਿਆ ਸੀ। ਘੱਟੋ ਘੱਟ ਮੇਰਠ ਮੁਰਾਦਾਬਾਦ ਵਿੱਚ ਉਸਦਾ ਖਾਸ ਦਬਦਬਾ ਸਥਾਪਿਤ ਹੋ ਗਿਆ ਸੀ। ਇਧਰ, ਕਟਾਰਪੁਰ, ਭਗਵਾਨਪੁਰ, ਸੁੜਕੀ, ਜਵਾਲਾਪੁਰ ਤੱਕ ਉਹਨਾਂ ਦਾ ਪੂਰਾ ਪ੍ਰਭਾਵ ਸੀ। ਉਹਨਾਂ ਨੇ ਤਹਿਸੀਲ ਦਾ ਖਜ਼ਾਨਾ ਅਤੇ ਕਸਬੇ ਨੂੰ ਲੁੱਟ ਲਿਆ ਸੀ।

ਪਿੰਡਾਂ ਤੋਂ ਸਿੱਧੀ ਮਾਲ ਗੁਜਾਰੀ ਵਸੂਲ ਕਰਨੀ ਆਰੰਭ ਕਰ ਦਿੱਤੀ। ਉਸ ਸਮੇਂ ਦੇ ਉੱਚ ਅਧਿਕਾਰੀਆਂ ਦਾ ਵਿਸ਼ਵਾਸ ਅਨੁਸਾਰ 80-90 ਸ-ਸ਼ਸ਼ਤਰ ਡਕੈਤ ਵਿਦਰੋਹੀ ਹਰ ਸਮੇਂ ਉਹਨਾਂ ਦੇ ਪਾਸ ਰਹਿਣ ਲੱਗੇ ਸਨ। ਜ਼ਿਲ੍ਹਾ ਸਹਾਰਨਪੁਰ ਦੇ ਤਤਕਾਲੀਨ ਕਲੈਕਟਰ ਨੇ ਇਹਨਾਂ ਦੇ ਹਮਲੇ ਅਤੇ ਗਤੀਵਿਧੀਆਂ ਦੇ ਮਹੱਤਵ ਨੂੰ ਸਮਝਦੇ ਹੋਏ ਪੁਲਿਸ ਨੂੰ ਨਾਲ ਲੈਕੇ ਕਿਲ੍ਹੇ ਦੀਆਂ ਦੀਵਾਰਾਂ ਉਤੇ ਗੋਲੀ ਚਲਾਈ ਅਤੇ ਕੁਲੈਕਟਰ ਨੇ ਕੁੰਜਾਂ ਦੇ ਤਾਲੁਕੇਦਾਰ ਵਿਜਯ ਸਿੰਘ ਨੂੰ ਹੁਕਮ ਦਿੱਤਾ ਕਿ ਫੌਰਨ ਇਸ ਗਿਰੋਹ ਨੂੰ ਤਿਤਰ ਬਿਤਰ ਕਰ ਦੇਵੇ। ਜਿਸਦੀ ਰਾਜਾ ਵਿਜਯ ਸਿੰਘ ਨੇ ਕੋਈ ਪ੍ਰਵਾਹ ਨਹੀਂ ਕੀਤੀ ਅਤੇ ਨਵੇਂ ਨਵੇਂ ਹਮਲਿਆ ਦੀ ਤਿਆਰੀ ਸ਼ੁਰੂ ਹੋ ਗਈ।

"1 ਅਕਤੂਬਰ 1822 ਨੂੰ ਆਧੁਨਿਕ ਹਥਿਆਰਾਂ ਨਾਲ ਲੈਸ 200 ਪੁਲਿਸ ਗਾਰਡਾਂ ਦੀ ਸੁਰੱਖਿਆ ਵਿੱਚ ਬਹੁਤ ਵੱਡਾ ਖਜ਼ਾਨਾ ਜਵਾਲਾਪੁਰ ਤੋਂ ਸਹਾਰਨਪੁਰ ਜਾ ਰਿਹਾ ਸੀ। ਜਿਸ ਥਾਂ ਉਹਨਾਂ ਨੇ ਕਾਲਾ ਹੱਥਾ ਭਗਵਾਨਪੁਰ ਦੇ ਨੇੜੇ ਉਸਦਾ ਸਾਹਮਣਾ ਕੀਤਾ। ਗੁਜਰਾਂ ਦੇ ਜਬਰਦਸਤ ਹਮਲੇ ਤੋਂ ਪੁਲਿਸ ਦਲ ਬੁਰੀ ਤਰ੍ਹਾਂ ਧਾਰਾਸ਼ਾਈ ਫੇਲ ਹੋਕੇ ਘਬਰਾ ਕੇ ਖਜਾਨਾ ਛੱਡਕੇ ਭੱਜ ਗਿਆ। ਕਲਿਆਣ ਸਿੰਘ ਹੁਣ ਰਾਜਿਆਂ ਵਾਂਗ ਸ਼ਾਨ ਨਾਲ ਰਹਿਣ ਲੱਗਾ। ਆਪਣਾ ਰਾਜ ਸਥਿਰ ਕਰਨ ਲਈ ਉਸਨੇ ਕੁੰਜਾ ਬਹਾਦੁਰਪੁਰ ਦੇ ਚਾਰੇ ਪਾਸੇ ਫਰਮਾਨ ਜਾਰੀ ਕਰ ਦਿੱਤਾ। ਹੁਕਮਨਾਮੇ ਜਾਰੀ ਕਰਨੇ ਸ਼ੁਰੂ ਕਰ ਦਿੱਤੇ" ਜੇਲਾਂ ਤੋਂ ਕੈਦੀ ਰਿਹਾ ਕੀਤੇ ਜਾਣ, ਵਿਦੇਸ਼ੀਆਂ ਨੂੰ (ਅੰਗੇਰਜਾਂ) ਨੂੰ ਆਪਣੇ ਦੇਸ਼ ਤੋਂ ਕੱਢ ਦਿਓ। ਇਸ ਐਲਾਨ ਨਾਲ

ਸਹਾਰਨਪੁਰ ਤੇ ਆਸ ਪਾਸ ਦੇ ਇਲਾਕਿਆਂ ਵਿੱਚ ਬਹੁਤ ਖਲਬਲੀ ਮੱਚ ਗਈ। ਕਲਿਆਣ ਸਿੰਘ ਕੋਲ ਇੱਕ ਹਜ਼ਾਰ ਆਦਮੀਆਂ ਦੀ ਫੌਜ ਰਹਿਣ ਲੱਗੀ। ਰਾਇਬਾਲਾ ਪਿੰਡ ਨੇ ਉਸਨੂੰ 400 ਰੁਪਿਆ ਮਾਲਗੁਜਾਰੀ ਦੇ ਦਿੱਤੀ ਅਤੇ ਹੋਰ ਅਨੇਕ ਸਮੂਹਕ ਪਿੰਡਾਂ ਨੇ ਉਸਦੀ ਸੱਤਾ ਮੰਨ ਲਈ।"

ਅੰਤ ਨੂੰ ਬਹੁਤ ਕੁਝ ਸੋਚ ਵਿਚਾਰ ਕਰਕੇ ਸਰਕਾਰ ਨੇ ਗੋਰਖਾ ਪਲਟਨ ਦੇ ਕਮਾਂਡਰ ਨੂੰ ਹੁਕਮ ਦਿੱਤਾ ਕਿ ਕਲੈਕਟਰ ਮਿਸਟਰ ਗ੍ਰੇਂਡੀਅਰ ਜਾਇੰਟ ਮੈਜਿਸਟ੍ਰੇਟ ਮਿਸਟਰ ਸ਼ੌਰੀ ਦੇ ਤਰੀਕੇ ਅਨੁਸਾਰ ਬਾਗੀਆਂ ਉਤੇ ਅਚਾਨਕ ਹਮਲਾ ਕਰੇ। ਕਿਲ੍ਹੇ ਦੇ ਬਾਹਰ ਲੜਾਈ ਹੋਈ। ਯੁੱਧ ਵਿੱਚ ਰਾਜਾ ਕਲਿਆਣ ਸਿੰਘ ਮਾਰਿਆ ਗਿਆ ਅਤੇ ਗੋਰਖਿਆਂ ਦੀ ਹਿੰਮਤ ਵਧ ਗਈ। ਉਹਨਾਂ ਨੇ ਘੇਰਾ ਪਾ ਲਿਆ। ਕਿਲ੍ਹੇ ਦੀਆਂ ਦੀਵਾਰਾਂ ਇਤਨੀਆਂ ਉਚੀਆਂ ਸਨ ਕਿ ਉਹਨਾਂ ਤੇ ਚਲੀਆਂ ਗੋਲੀਆਂ ਦਾ ਅੰਦਰ ਕੋਈ ਅਸਰ ਨਹੀਂ ਸੀ ਹੋ ਰਿਹਾ। ਗੋਰਖਿਆਂ ਨੇ ਖੁਖਰੀਆਂ ਨਾਲ ਦਰਖਤ ਵੱਢੇ ਤੇ ਪੌੜੀਆਂ ਬਣਾਕੇ ਕਿਲ੍ਹੇ ਦੀਆਂ ਦੀਵਾਰਾਂ ਤੇ ਚੜ੍ਹ ਗਏ ਅਤੇ ਹਮਲਾ ਕਰ ਦਿੱਤਾ। ਗੋਰਖਾ ਪਲਟਨ ਤੇ ਸ਼ੌਰੀ ਦੇ ਸਿਪਾਹੀ ਸੰਗੀਨਾਂ ਨਾਲ ਲੈਸ ਸਨ। ਅੰਦਰ ਪਹਿਲਾਂ ਕਲਿਆਣ ਸਿੰਘ ਤੇ ਬਾਅਦ ਵਿੱਚ ਰਾਜਾ ਵਿਜਯ ਸਿੰਘ ਦੇ ਮਾਰੇ ਜਾਣ ਤੋਂ ਬਾਅਦ ਬਾਗੀ ਭੱਜ ਗਏ। 152 ਆਦਮੀ ਇਹਨਾਂ ਦੇ ਮਾਰੇ ਗਏ, 40 ਗ੍ਰਿਫਤਾਰ ਹੋਏ। ਗੋਰਖਾ ਪਲਟਨ ਦੇ 16 ਆਦਮੀ ਮਾਰੇ ਗਏ, 129 ਜ਼ਖਮੀ ਹੋਏ। ਮਿਸਟਰ ਸ਼ੌਰੀ ਨੂੰ ਜ਼ਬਰਦਸਤ ਜ਼ਖਮ ਆਏ।

ਬਾਗੀ ਭੱਜ ਕੇ ਖੇਤਾਂ ਵਿੱਚ ਜਾ ਛਿਪੇ। ਇੱਕ ਵੱਡੇ ਵਿਦਰੋਹ ਦਾ ਅੰਤ ਹੋਇਆ। ਕਿਲ੍ਹੇ ਤੋਂ ਬਚੇ ਹੋਏ ਭੂਰਾ ਤੇ ਕੂੜਾ ਗੁੱਜਰ ਨੇ ਬਰਾਬਰ ਆਪਣੀ ਕਾਰਵਾਈ ਜਾਰੀ ਰੱਖੀ ਅਤੇ ਜਨਵਰੀ 1825 ਈ: ਵਿੱਚ ਉਹਨਾਂ ਨੇ ਫਿਰ ਹਿੰਮਤ ਕੀਤੀ ਅਤੇ ਅੰਗਰੇਜੀ ਰਾਜ ਦੇ ਖਿਲਾਫ ਫੇਰ ਗਿਰੋਹ ਬਣਾਇਆ ਅਤੇ ਆਪਣਾ ਮੁੱਖ ਸਥਾਨ ਰਿਸ਼ੀਕੇਸ਼ ਬਣਾ ਕੇ ਭਰਤੀ ਸ਼ੁਰੂ ਕਰ ਦਿੱਤੀ ਅਤੇ ਹਰਿਦੁਆਰ ਦੇ ਆਸ ਪਾਸ ਖੂਬ ਵਿਦਰੋਹ ਮਚਾਇਆ ਪ੍ਰੰਤੂ ਭੂਰਾ ਗੁੱਜਰ ਜੋ ਕੁੰਜਾ ਵਿੱਚ ਜ਼ਖਮੀ ਹੋ ਗਿਆ ਸੀ ਉਹ ਮਰ ਗਿਆ ਅਤੇ ਕੂੜਾ ਗੁੱਜਰ ਪੁਲਿਸ ਮੁਕਾਬਲਾ ਕਰਦਾ ਹੋਇਆ ਸ਼ਹੀਦ ਹੋ ਗਿਆ।

ਉਪਰੋਕਤ ਦੋਵੇਂ ਅੰਗਰੇਜ਼ ਵਾਲਟਨ ਤੇ ਨੇਵਿਲ ਨੇ ਰਾਜਾ ਵਿਜਯ ਸਿੰਘ ਦੀ ਅਗਵਾਈ ਇਸ ਪਹਿਲੇ ਸਵਾਧੀਨਤਾ ਸੰਗਰਾਮ ਨੂੰ ਅਪੂਰਵ ਹਥਿਆਰਬੰਦ ਤੇ ਸੰਗਠਿਤ ਸ਼ਕਤੀਵਾਲ ਵਿਦਰੋਹ ਮੰਨਿਆ ਹੈ। ਰਾਜਾ ਵਿਜਯ ਸਿੰਘ ਅਤੇ ਰਾਜਾ ਕਲਿਆਣ ਸਿੰਘ ਦੀ ਸੰਗਠਨ ਸ਼ਕਤੀ ਤੇ ਰਣਨੀਤੀ ਦੀ ਚਾਹੇ ਕਿਸੇ ਵੀ ਰੂਪ ਵਿੱਚ ਚਰਚਾ ਕੀਤੀ ਗਈ ਹੈ ਮਗਰ ਉਹਨਾਂ ਦਾ ਲੋਹਾ ਮੰਨਿਆ ਹੈ।

ਅਸਲੀਅਤ ਇਹ ਹੈ ਕਿ ਰਾਜਾ ਵਿਜਯ ਸਿੰਘ ਦੇ ਆਤੰਕ ਤੋਂ ਭੈਭੀਤ ਹੋਕੇ ਅੰਗਰੇਜ਼ ਹਕੂਮਤ ਨੇ ਉਸ ਨਾਲ ਸਮਝੌਤਾ ਕਰਨ ਦੀ ਕੋਸ਼ਿਸ਼ ਕੀਤੀ ਅਤੇ ਸੁਲਾਹ ਦਾ ਪੈਗਾਮ ਦੇਕੇ ਪੁਲਿਸ, ਫੌਜ ਤੇ ਮਾਲ ਵਿਭਾਗ ਦੇ ਅਫਸਰ ਤੇ ਕਲੈਕਟਰ ਰਾਜਾ ਵਿਜਯ ਸਿੰਘ ਦੇ ਪਾਸ ਆਏ। ਵਿਜਯ ਸਿੰਘ ਨੇ ਅੰਗਰੇਜ਼ ਅਧਿਕਾਰੀਆਂ ਦੀ ਨੀਯਤ ਭਾਂਪ ਲਈ ਸੀ ਕਿ ਇਹ ਸੰਧੀ ਕਰਨ ਦਾ ਤਰੀਕਾ ਨਹੀਂ ਤੁਸੀਂ ਕੂਟਨੀਤੀ ਨਾਲ ਹਮਲਾ ਕਰਨ ਆਏ ਹੋ।

ਰਾਜਾ ਵਿਜਯ ਸਿੰਘ ਨੇ ਉੱਚੀ ਜ਼ਬਾਨ ਵਿੱਚ ਕਿਹਾ ਕੀ ਇਹ ਸੰਧੀ ਕਰਨ ਦਾ ਤਰੀਕਾ ਹੈ? ਇਹ ਤਾਂ ਤੁਹਾਡੀ ਲੜਾਈ ਦੀ ਤਿਆਰੀ ਹੈ। 18 ਅਕਤੂਬਰ 1824 ਨੂੰ ਭਿਅੰਕਰ ਯੁੱਧ ਹੋਇਆ ਅਤੇ 23 ਅਕਤੂਬਰ 1824 ਨੂੰ ਦੇਸ਼ ਦਾ ਇੱਕ ਸੱਚਾ ਸਪੂਤ ਵਿਜਯ ਸਿੰਘ ਅਤੇ ਉਸਦਾ ਸਾਥੀ ਕਲਿਆਣ ਸਿੰਘ ਰਣ ਭੂਮੀ ਵਿੱਚ ਸ਼ਹੀਦ ਹੋਕੇ ਅਮਰ ਹੋ ਗਏ। ਰਾਜਾ ਕਲਿਆਣ ਸਿੰਘ ਗੁੱਜਰ ਦੇ ਸਿਰ ਅਤੇ ਰਾਜਾ ਵਿਜਯ ਸਿੰਘ ਦੀ ਛਾਤੀ ਨੂੰ ਲੋਹੇ ਦੇ ਪਿੰਜਰੇ ਵਿੱਚ ਬੰਦ ਕਰਕੇ ਦਹਿਸ਼ਤ ਫੈਲਾਉਣ ਵਾਸਤੇ ਦੇਹਰਾਦੂਨ ਦੀ ਜੇਲ ਦੇ ਫਾਟਕ ਉਤੇ ਟੰਗ ਦਿੱਤਾ। ਜੋ ਬਾਅਦ ਵਿੱਚ 1947 ਤੱਕ ਰੁੜਕੀ ਇੰਜਨੀਅਰਿੰਗ ਕਾਲਜ ਦੇ ਹਾਲ ਵਿੱਚ ਰੱਖੇ ਰਹੇ। ਇਸ ਪ੍ਰਕਾਰ ਅੰਗਰੇਜ਼ ਅਧਿਕਾਰੀਆਂ ਨੇ ਗੁੱਜਰਾਂ ਤੋਂ ਬਦਲਾ ਲਿਆ। ਇਸਦੇ ਬਾਅਦ ਇੱਕ ਵਾਰ ਫਿਰ ਕੂੜੇ ਤੇ ਭੂਰੇ ਗੁੱਜਰ ਨੇ ਸਨ 1825 ਵਿੱਚ ਰਿਸ਼ੀਕੇਸ਼ ਨੂੰ ਕੇਂਦਰ ਬਣਾ ਕੇ ਅੰਗਰੇਜ਼ੀ ਹਕੂਮਤ ਨੂੰ ਲਲਕਾਰਿਆ। ਡਟਕੇ ਯੁੱਧ ਕੀਤਾ ਤੇ ਇਹ ਦੋਵੇਂ ਸੂਰਮੇ ਅੰਗਰੇਜੀ ਸਰਕਾਰ ਨਾਲ ਲੜਕੇ ਸ਼ਹੀਦ ਹੋ ਗਏ।

ਅੰਗਰੇਜ਼ਾਂ ਨੇ ਬਹੁਤ ਯੋਜਨਾਬੱਧ ਤਰੀਕੇ ਨਾਲ ਗੁੱਜਰਾਂ ਅਤੇ ਉਹਨਾਂ ਦੇ ਸਹਿਯੋਗੀਆਂ, ਰੰਘੜ ਮੁਸਲਮਾਨਾਂ ਦਾ ਦਮਨ ਕੀਤਾ ਜਿਸਦੀ ਮਿਸਾਲ ਉਨ੍ਹਾਂ ਦਿਨਾਂ ਵਿਚ ਕਿਤੇ ਨਹੀਂ ਸੀ ਮਿਲਦੀ। ਪਿੰਡਾਂ ਨੂੰ ਅੱਗ ਲਾਕੇ ਸੁਆਹ ਕੀਤਾ ਗਿਆ। ਲੋਕਾਂ ਨੂੰ ਸ਼ਰੇਆਮ ਗੋਲੀਆਂ ਮਾਰ ਕੇ ਦਰੱਖਤਾਂ ਨਾਲ ਟੰਗਿਆ ਗਿਆ। ਸਜਾਏ ਮੌਤ ਦਿੱਤੀ ਗਈ। ਜਮੀਨ ਜਾਇਦਾਦ ਜਬਤ ਕਰ ਲਈਆਂ ਗਈਆਂ।

ਰਾਜਾ ਵਿਜਯ ਸਿੰਘ ਵਾਸਤਵ ਵਿੱਚ ਭਾਰਤੀ ਆਜ਼ਾਦੀ ਸੰਗਰਾਮ ਦਾ ਮਸੀਹਾ ਸੀ। ਰਾਜਾ ਵਿਜਯ ਸਿੰਘ ਤੇ ਰਾਜਾ ਕਲਿਆਣ ਸਿੰਘ ਨੇ ਸਵਾਧੀਨਤਾ ਦੀ ਜੋਤ ਆਪਣੇ ਖੂਨ ਤੇ ਬਲੀਦਾਨ ਨਾਲ ਜਗਾਈ ਸੀ। ਸਨ 1857 ਈ: ਵਿੱਚ 35 ਸਾਲ ਬਾਅਦ ਇਹ ਜੋਤ ਜਵਾਲਾ ਬਣ ਭੜਕੀ ਤੇ ਵਿਸਫੋਟ ਦਾ ਰੂਪ ਧਾਰਨ ਕਰ ਗਈ ਸੀ। ਜਿਸ ਵਿੱਚ ਅੰਗਰੇਜ਼ ਹਕੂਮਤ ਦਾ ਗਰੂਰ ਅਤੇ ਗੌਰਵ ਜਲ ਕੇ ਰਾਖ ਹੋ ਗਿਆ ਸੀ।

# 1857 ਦੀ ਕਹਾਣੀ : ਅੰਗਰੇਜ਼ਾਂ ਦੀ ਜ਼ੁਬਾਨੀ

ਅੰਗਰੇਜ਼ ਕੌਮ ਇਤਿਹਾਸ ਪ੍ਰੇਮੀ ਹੈ। ਘਟਨਾਵਾਂ ਦਾ ਰਿਕਾਰਡ ਰੱਖਣ ਅਤੇ ਉਹਨਾਂ ਨੂੰ ਇਤਿਹਾਸ ਦਾ ਅੰਗ ਬਣਾਉਣ ਦਾ ਬਹੁਤ ਸ਼ੌਕ ਰਿਹਾ ਹੈ। 1857 ਦੀ ਕ੍ਰਾਂਤੀ ਭਾਰਤ ਦੇ ਇਤਿਹਾਸ ਦੀ ਬਹੁਤ ਮਹੱਤਵਪੂਰਨ ਘਟਨਾ ਹੈ। ਇਹਨਾਂ ਘਟਨਾਵਾਂ ਦਾ ਲੜੀਵਾਰ ਰਿਕਾਰਡ ਅਤੇ ਸਾਰੇ ਦੇਸ਼ ਅਤੇ ਪਿੰਡਾਂ ਦੇ ਕ੍ਰਾਂਤੀਕਾਰੀਆਂ ਦਾ ਪੂਰਾ ਵੇਰਵਾ ਅਜੇ ਤੱਕ ਤਿਆਰ ਨਹੀਂ ਹੈ। ਇਹ ਕਾਰਜ ਕੋਈ ਇੱਕ ਵਿਅਕਤੀ ਤਾਂ ਹੀ ਕਰ ਸਕਦਾ ਜਦੋਂ ਸਰਕਾਰ ਉਸਨੂੰ ਸਭ ਸਾਧਨ ਮੁਹੱਈਆ ਕਰਵਾਕੇ ਅਨੂਕੂਲ ਵਾਤਾਵਰਣ ਵਿੱਚ ਇਸ ਮਹਾਨ ਗ੍ਰੰਥ ਨੂੰ ਲਿਖਣ ਦਾ ਸਥਾਨ ਤੇ ਸਟਾਫ ਦੇਵੇ ਅਤੇ ਸਮਾਂ ਵੀ ਖੁੱਲਾ ਹੋਵੇ।

ਭਾਰਤ ਦੇਸ਼ ਨੂੰ ਆਜ਼ਾਦ ਹੋਇਆ 60 ਸਾਲ ਤੋਂ ਵੱਧ ਸਮਾਂ ਹੋਇਆਂ ਹੈ। ਜੇਕਰ ਸ਼ੁਰੂ ਤੋਂ ਹੀ ਇਸ ਪਾਸੇ ਧਿਆਨ ਦਿੱਤਾ ਜਾਂਦਾ ਤਾਂ ਇਹ ਮਹਾਨ ਗ੍ਰੰਥ ਕਦੋਂ ਦਾ ਤਿਆਰ ਹੋ ਗਿਆ ਹੁੰਦਾ ਅਤੇ ਸਾਡੀ ਨੌਜਵਾਨ ਪੀੜੀ ਨੂੰ ਦੇਸ਼ ਭਗਤੀ, ਦੇਸ਼ ਪਿਆਰ ਅਤੇ ਰਾਸ਼ਟਰੀਅਤਾ ਤੇ ਰਾਸ਼ਟਰੀ ਏਕਤਾ ਦੀ ਪ੍ਰੇਣਾ ਦਿੰਦਾ।

ਅੰਗਰੇਜ਼ਾਂ ਨੇ 1857 ਦੇ ਹਾਲਤਾਂ ਬਾਰੇ ਕਈ ਪੁਸਤਕਾਂ, ਗਜ਼ਟੀਅਰ, ਦਸਤਾਵੇਜ਼, ਡਿਸਪੈਚ, ਡਾਇਰੀ ਆਦਿ ਨਾਲ ਆਪਣੇ ਢੰਗ ਨਾਲ ਬਹੁਤ ਕੁਝ ਲਿਖਿਆ ਹੈ। ਜਿਸ ਤੋਂ ਸਾਨੂੰ ਉਹਨਾਂ ਦਿਨਾਂ ਦੇ ਇਤਿਹਾਸ ਦੀ ਜਾਣਕਾਰੀ ਮਿਲਦੀ ਤਾਂ ਹੈ ਲੇਕਿਨ ਹੋਰ ਸਾਡੇ ਪਾਸ ਅਜਿਹੀ ਕੋਈ ਮਿਸਾਲੀ ਸੋਧ ਨਹੀਂ ਸੀ ਕਿ ਜਿਸ ਦੁਆਰਾ ਅਸੀਂ ਆਪਣੇ ਭੂਤਕਾਲ ਵੱਲ ਸਾਫ-ਸਾਫ ਦੇਖ ਸਕੀਏ। ਮੁਨਸ਼ੀ ਜੀਵਨ ਲਾਲ ਨੂੰ ਛੱਡ ਕੇ ਕਿਸੇ ਹੋਰ ਭਾਰਤੀ ਲੇਖਕ ਦੀ ਲਿਖੀ ਹੋਈ ਕੋਈ ਪੁਸਤਕ ਜਾਂ ਗਾਥਾ ਸਾਨੂੰ ਪ੍ਰਾਪਤ ਨਹੀਂ ਹੈ। ਕਿਉਂਕਿ ਇਸ ਪੁਸਤਕ ਵਿੱਚ ਮੈਂ ਗੁੱਜਰਾਂ ਦੇ ਬਾਰੇ ਵਿੱਚ ਲਿਖ ਰਿਹਾ ਹਾਂ। ਇਸ ਲਈ ਇਸ ਅਧਿਆਇ ਵਿੱਚ ਕੁਦਰਤੀ ਹੀ ਅੰਗਰੇਜ਼ ਲੇਖਕਾਂ ਦੇ ਅਲੇਖਾਂ ਨੂੰ ਗੁੱਜਰਾਂ ਸਬੰਧੀ ਲਿਖੇ ਹੋਏ ਨੂੰ ਜਿਉਂ ਦਾ ਤਿਉਂ ਹੀ ਦੇ ਰਿਹਾ ਹਾਂ। ਜਿੱਥੇ ਪਾਠਕਾਂ ਨੂੰ ਵੀ ਪ੍ਰਮਾਣਿਕ ਇਤਿਹਾਸਕ ਸਮੱਗਰੀ ਮਿਲੇਗੀ, ਉਥੇ ਗੁੱਜਰਾਂ ਦੀ ਵੀਰਤਾ, ਦੇਸ਼ ਭਗਤੀ, ਅਤੇ ਵਿਦੇਸ਼ੀ ਹਕੂਮਤ ਨਾਲ ਕੀਤੇ ਸੰਘਰਸ਼ ਕਰਨ ਦੀ ਸ਼ਕਤੀ, ਸੰਕਲਪ ਤੇ ਦ੍ਰਿੜਤਾ ਦੀ ਪ੍ਰਮਾਣਿਕ ਪਹਿਚਾਣ ਵੀ ਮਿਲਗੀ। ਜੋ ਇਸ ਪ੍ਰਕਾਰ ਹੈ:-

**ਸਰ ਹੈਨਰੀ ਇਲੀਅਟ ਕੇ.ਸੀ.ਬੀ. ਨੇ ਲਿਖਿਆ ਹੈ :** "ਗੁੱਜਰਾਂ ਨੇ ਉਤਰ ਪੱਛਮੀ ਭਾਰਤ ਦੇ ਮੇਰਠ ਡਵੀਜ਼ਨ ਵਿੱਚ 1857 ਦੇ ਵਿਦਰੋਹ ਜਾਂ ਬਗਾਵਤ ਵਿੱਚ ਖਾਸ ਉਪੱਦਰ ਕੀਤੇ। ਸਾਡੇ ਲੋਕਾਂ ਨੂੰ ਬਹੁਤ ਤਕਲੀਫ ਪਹੁੰਚਾਈ। ਉਹਨਾਂ ਨੇ ਸ਼ਿਕੰਦਰਾਬਾਦ ਅਤੇ ਦੂਸਰੇ ਸਥਾਨਾਂ ਤੇ ਬਗਾਵਤ ਤੇ ਲੁੱਟ ਮਾਰ ਕੀਤੀ। ਪਿੰਡਾਂ ਵਿੱਚ ਸਾਡੇ ਖਿਲਾਫ ਸਿਰਫ ਗੁੱਜਰ ਤੇ ਰੰਘੜ ਹੀ ਸਨ। ਜੋ ਸੰਕਟ ਕਾਲ ਵਿੱਚ ਅਰਾਜਕਤਾ ਪੈਦਾ ਕਰਕੇ ਅੰਗਰੇਜ਼ਾਂ ਦੇ ਵਿਰੁੱਧ ਹਥਿਆਰ ਲੈਕੇ ਉਠ ਖੜੇ ਸਨ।"

ਇਹ ਸੱਚ ਹੈ ਕਿ ਉਤਰ ਪੱਛਮੀ ਭਾਰਤ ਦੇ ਮੇਰਠ ਕਮਿਸ਼ਨਰੀ ਵਿੱਚ ਗੁੱਜਰ ਅਤੇ ਰੰਘੜ ਮੁਸਲਮਾਨ ਇਸ ਮਹਾਨ ਕ੍ਰਾਂਤੀ ਵਿੱਚ ਅੰਗਰੇਜ਼ੀ ਸੱਤਾ ਨੂੰ ਸਮਾਪਤ ਕਰਨ ਵਿੱਚ ਜੁਟੇ ਹੋਏ ਸਨ। ਜਦ ਕਿ ਹੋਰ ਜਾਤੀਆਂ ਅੰਗਰੇਜ਼ਾਂ ਦਾ ਸਾਥ ਦੇ ਰਹੀਆਂ ਸਨ ਅਤੇ ਕ੍ਰਾਂਤੀ ਨੂੰ ਅਸਫਲ; ਕਰਨ ਲਈ ਸਾਰੇ ਭੇਦ ਅੰਗਰੇਜ਼ਾਂ ਨੂੰ ਦਿੰਦੇ ਸਨ। ਜਿਸਦੇ ਬਦਲੇ ਉਨ੍ਹਾਂ ਨੂੰ 1857 ਦੀ ਕ੍ਰਾਂਤੀ ਦੇ ਅਸਫਲ ਹੋਣ ਤੇ ਉਹਨਾਂ ਨੂੰ ਜ਼ਮੀਨ ਜਾਇਦਾਦ ਤੇ ਜਾਗੀਰਾਂ ਇਨਾਮ ਵਿੱਚ ਮਿਲੀਆਂ।

**ਮਿ: ਡਬਲਿਊ ਕੁੱਕ ਲਿਖਦਾ ਹੈ:** "ਜਿਸ ਪ੍ਰਕਾਰ ਬਾਬਰ, ਸ਼ੇਰ ਸ਼ਾਹ ਦੇ ਸਮੇਂ ਗੁੱਜਰਾਂ ਨੇ ਵਿਦਰੋਹ ਅਰਾਜਕਤਾ ਅਤੇ ਉੱਪਦਰ ਕਰਕੇ ਸਾਮਰਾਜ ਸਥਾਪਨਾ ਵਿੱਚ ਅਸ਼ਾਤੀ ਅਤੇ ਝਗੜੇ ਕੀਤੇ। ਗੁੱਜਰ ਲੋਕ ਬਾਬਰ, ਸ਼ੇਰ ਸ਼ਾਹ ਆਦਿ ਲਈ ਸਿਰਦਰਦ ਬਣੇ ਰਹੇ ਸਨ। 1857 ਵਿੱਚ ਵੀ ਉਹਨਾਂ ਨੇ ਸਾਡੇ ਤੇ ਤਰ੍ਹਾਂ ਤਰ੍ਹਾਂ ਦੇ ਜ਼ੁਲਮ ਕੀਤੇ ਅਤੇ ਫੌਜੀ ਕਾਰਵਾਈ ਵਿੱਚ ਬੁਰੀ ਤਰ੍ਹਾਂ ਰੋੜੇ ਅਟਕਾਏ।"

ਮਿਸਟਰ ਕੁੱਕ ਦੇ ਉਪਰੋਕਤ ਕਥਨ ਤੋਂ ਪਤਾ ਲੱਗਦਾ ਹੈ ਕਿ ਉਸਨੇ ਬਾਬਰ ਅਤੇ ਸ਼ੇਰ ਸ਼ਾਹ ਦੇ ਜ਼ਮਾਨੇ ਦਾ ਇਤਿਹਾਸ ਪੜ੍ਹਿਆ ਹੈ ਅਤੇ ਉਹ ਸਹੀ ਲਿਖਦਾ ਹੈ ਕਿ ਬਾਬਰ ਤੇ ਸ਼ੇਰ ਸ਼ਾਹ ਸੂਰੀ ਲਈ ਗੁੱਜਰ ਕੌਮ ਸਿਰਦਰਦ ਬਣੀ ਰਹੀ ਸੀ। ਬਾਬਰ ਨੇ ਆਪ ਅਪਣੀ ਆਤਮ ਕਥਾ 'ਤੁਜਕਿ ਬਾਬਰੀ' ਵਿੱਚ ਲਿਖਿਆ ਹੈ "ਇਸ ਗੁੱਜਰ ਕੌਮ ਨੇ ਸਾਡੇ ਰਸਤੇ ਵਿੱਚ ਮੁਸ਼ਕਲਾਂ ਖੜੀਆਂ ਕੀਤੀਆਂ ਬਹੁਤ ਸਾਰੇ ਸੈਨਿਕ ਮਾਰੇ ਤੇ ਉਹਨਾਂ ਦੇ ਘੋੜੇ ਅਤੇ ਲੱਦਿਆ ਹੋਇਆ ਸਮਾਨ ਆਪਣੇ ਕਬਜੇ ਵਿੱਚ ਕਰਕੇ ਸਾਨੂੰ ਪਰੇਸ਼ਾਨ ਕੀਤਾ। ਉਸ ਵੇਲੇ ਮੇਰੇ ਸੈਨਾਪਤੀਆਂ ਨੇ ਉਹਨਾਂ ਨੂੰ ਹਰਾ ਕੇ ਗੁੱਜਰ ਯੋਧਿਆਂ ਦੇ ਸਿਰ ਕੱਟਕੇ ਮੇਰੇ ਸਾਹਮਣੇ ਪੇਸ਼ ਕੀਤੇ।"ਤ ਇਸ ਪ੍ਰਕਾਰ ਪੰਜਾਬ ਦੇ ਦੇਸ਼ ਭਗਤ ਗੁੱਜਰਾਂ ਨੇ ਬਾਬਰ ਨੂੰ ਪੰਜਾਬ ਵਿੱਚ ਪੇਰਸ਼ਾਨ ਕੀਤਾ, ਉਸਦੇ ਰਸਤੇ ਦੀ ਰੁਕਾਵਟ ਬਣੇ। ਬੇਸ਼ੱਕ ਉਹ ਸਫਲ ਨਹੀ ਹੋਏ ਪ੍ਰੰਤੂੰ ਉਹਨਾਂ ਨੇ ਵਿਦੇਸ਼ੀ ਹਮਲਾਵਰਾਂ ਨੂੰ ਰੋਕਣ ਵਾਸਤੇ ਬਲੀਦਾਨ ਦਿੱਤਾ ਜਿਹੜਾ ਭਾਰਤ ਵਾਸੀਆਂ ਲਈ ਬਹੁਤ ਮਾਣ ਦੀ ਗੱਲ ਹੈ।

ਸ਼ੇਰ ਸ਼ਾਹ ਸੂਰੀ ਦੇ ਜ਼ਮਾਨੇ ਵਿੱਚ ਗੁੱਜਰ ਕੌਮ ਦਾ ਇਤਨਾ ਆਤੰਕ ਸੀ ਕਿ

ਦਿੱਲੀ ਦੇ ਫਾਟਕ ਸੂਰਜ ਛਿਪਣ ਨਾਲ ਬੰਦ ਕਰ ਦਿੱਤੇ ਜਾਂਦੇ ਸਨ ਤੇ ਕੇਵਲ ਦਿਨ ਚੜ੍ਹਨ ਤੇ ਹੀ ਦੁਬਾਰਾ ਖੋਲ੍ਹੇ ਜਾਂਦੇ ਸਨ। ਸ਼ੇਰ ਸ਼ਾਹ ਸੂਰੀ ਨੇ ਦਿੱਲੀ ਦੇ ਨੇੜੇ ਪਾਲੀ ਪਾਖਲ ਦੇ ਭੜਾਣੇ ਗੁੱਜਰਾਂ ਨੂੰ ਆਪਣਾ ਸਿਰ ਦਰਦ ਦੱਸਿਆ। ਸ਼ੇਰ ਸ਼ਾਹ ਦਾ ਭੜਾਣੇ ਗੁਜਰਾਂ ਨਾਲ ਘਮਸਾਨ ਦਾ ਯੁੱਧ ਹੋਇਆ ਸੀ। ਜਿਸ ਵਿੱਚ ਪਾਲੀ ਪਾਖਲ ਦੀਆਂ ਗੜ੍ਹੀਆਂ ਬਰਬਾਦ ਕਰ ਦਿੱਤੀਆ ਗਈਆਂ ਸਨ।

ਇਨਸਾਈਕਲੋਪੀਡੀਆ ਇੰਡੀਅਨ ਐਂਡ ਈਸਟਰਨ ਸਦਰਨ ਏਸ਼ੀਆ ਦੇ ਲੇਖਕ ਸਰ ਜੌਨ ਬੈਲਫੋਰ ਨੇ ਗੁਜਰਾਂ ਦੇ ਵਿਸ਼ੇ ਬਾਰੇ ਲਿਖਿਆ, "ਚਾਰੇ ਪਾਸੇ ਗੁੱਜਰਾਂ ਦੇ ਪਿੰਡ 50 ਸਾਲ ਤੱਕ ਸ਼ਾਂਤ ਰਹਿਣ ਉਪਰੰਤ ਇਕਦਮ ਵਿਗੜ ਗਏ ਅਤੇ ਮੇਰਠ ਤੋਂ ਗਦਰ ਹੋਣ ਦੇ ਕੁਝ ਕੁ ਘੰਟਿਆਂ ਦੇ ਅੰਦਰ ਹੀ ਉਹਨਾਂ ਨੇ ਸਾਰੇ ਜ਼ਿਲ੍ਹਿਆਂ ਨੂੰ ਲੁੱਟ ਲਿਆ। ਜੇਕਰ ਕੋਈ ਮਹੱਤਵਪੂਰਣ ਅਧਿਕਾਰੀ ਉਹਨਾਂ ਦੇ ਪਿੰਡਾਂ ਵਿੱਚ ਸ਼ਰਣ ਲਈ ਗਿਆ ਤਾਂ ਉਹਨਾਂ ਨੇ ਉਸਨੂੰ ਬਖਸ਼ਿਆ ਨਹੀਂ ਅਤੇ ਖੁੱਲੇਆਮ ਬਗਾਵਤ ਕਰ ਦਿੱਤੀ।"

ਸਰ ਜਾਨ ਬੈਲਫੋਰ ਦਾ ਇਹ ਕਥਨ ਝੂਠ ਹੈ ਕਿ ਗੁੱਜਰ 50 ਸਾਲ ਤੱਕ ਸ਼ਾਂਤ ਰਹੇ ਜਦੋਂ ਕਿ ਸਚਾਈ ਇਹ ਹੈ, ਕਿ ਸਹਾਰਨਪੁਰ ਜਨਪਦ ਇਲਾਕੇ ਵਿੱਚ 1822 ਵਿੱਚ ਅੰਗਰੇਜ਼ਾਂ ਖਿਲਾਫ ਕ੍ਰਾਂਤੀ ਹੋਈ ਸੀ। ਅਤੇ 35 ਸਾਲ ਬਾਅਦ 1857 ਵਿੱਚ ਫਿਰ ਗੁੱਜਰਾਂ ਨੇ ਸਿਰ ਉਠਾਇਆ ਸੀ। ਇਹ ਕਹਿਣਾ ਕਿ ਮਹੱਤਵਪੂਰਨ ਉੱਚ ਅਧਿਕਾਰੀ ਪਿੰਡ ਵਿੱਚ ਆਉਂਦਿਆ ਹੀ ਮਾਰ ਦਿੱਤਾ ਜਾਂਦਾ ਸੀ ਜਦੋਂ ਕਿ ਸਚਾਈ ਇਹ ਸੀ ਜਿਸ ਕਿਸੇ ਅੰਗਰੇਜ਼ ਨੇ ਪਿੰਡ ਵਿੱਚ ਸ਼ਰਨ ਮੰਗੀ ਉਸਦੀ ਰੱਖਿਆ ਕੀਤੀ ਗਈ ਅਤੇ ਉਸਨੂੰ ਸੁਰੱਖਿਅਤ ਸਥਾਨ ਤੇ ਪਹੁੰਚਾਇਆ ਗਿਆ। ਲੁੱਟ ਖਸੁੱਟ ਦਾ ਅਰੋਪ ਕ੍ਰਾਂਤੀਕਾਰੀਆਂ ਤੇ ਕਰਨਾ ਆਮ ਗੱਲ ਹੁੰਦੀ ਹੈ। ਜੇਕਰ ਇਸ ਲੋੜ ਪੂਰਤੀ ਨੂੰ ਕਿਸੇ ਅੰਗਰੇਜ਼ ਨੇ ਲੁੱਟ ਖਸੁੱਟ ਲਿਖਿਆ ਤਾਂ ਸਾਰੀ ਦੁਨੀਆ ਦੇ ਰਾਜੇ ਅਤੇ ਸ਼ਾਸ਼ਕ ਪਹਿਲਾਂ ਲੁਟੇਰੇ ਸਨ। ਬੈਲਫੋਰ ਨੇ ਉਪਰੋਕਤ ਕਥਨ ਤੋਂ ਵੀ ਗੁੱਜਰਾਂ ਦੀ ਵਿਦੇਸ਼ੀ ਹਕੂਮਤ ਪ੍ਰਤਿ ਨਫਰਤ ਅਤੇ ਦੇਸ਼ ਪ੍ਰੇਮ ਦੀ ਝਲਕ ਸਪਸ਼ਟ ਝਲਕਦੀ ਹੈ। ਜੰਗਲ ਦੀ ਅੱਗ ਦੀ ਤਰ੍ਹਾਂ ਗੁੱਜਰਾਂ ਦੇ ਪਿੰਡਾਂ ਵਿੱਚ ਕ੍ਰਾਂਤੀ ਦੀ ਲਹਿਰ ਪਹੁੰਚ ਜਾਂਦੀ ਸੀ। ਇਹ ਇਕਦਮ ਸੱਚਾਈ ਹੈ।

ਇੰਡੀਅਨ ਇੰਪਾਇਰ ਦੇ ਲੇਖਕ ਮਾਰਟਿਨ ਨੇ ਲਿਖਿਆ ਹੈ, "ਮੇਰਠ ਵਿੱਚ ਜੋ ਸਵਾਰ ਦਿੱਲੀ ਤੋਂ ਆਏ ਸਨ ਉਹਨਾਂ ਦੀ ਗਿਣਤੀ ਬਹੁਤੀ ਨਹੀਂ ਸੀ। ਦਿੱਲੀ ਦੀ ਸਧਾਰਨ ਜਨਤਾ ਨੇ ਇਥੋਂ ਤਕ ਕਿ ਮਜ਼ਦੂਰਾਂ ਨੇ ਇਨ੍ਹਾਂ ਦਾ ਸਾਥ ਦਿੱਤਾ। ਇਸ ਸਮੇਂ ਦਿੱਲੀ ਦੇ ਚਾਰੇ ਪਾਸੇ ਬਸਤੀਆਂ ਵਿੱਚ ਫੈਲੇ ਹੋਏ ਲੋਕ ਬਾਗੀਆਂ ਦੇ ਨਾਲ ਰਲ ਗਏ।"

ਇਸੇ ਤਰ੍ਹਾਂ 38 ਵੀਂ ਬ੍ਰੀਗੇਡ ਦੇ ਕਮਾਂਡਰ ਨੇ ਲਿਖਿਆ ਹੈ "ਸਾਡੀ ਸਭ ਤੋਂ ਜ਼ਿਆਦਾ ਦੁਰਗਤੀ ਦਿੱਲੀ ਦੇ ਗੁੱਜਰਾਂ ਨੇ ਕੀਤੀ ਹੈ।"

ਜਦੋਂ ਕਿ ਅੰਗਰੇਜ਼ਾਂ ਨੇ ਇਸ ਮਹਾਨ ਕ੍ਰਾਂਤੀ ਨੂੰ ਗਦਰ ਜਾਂ ਸਿਪਾਹੀ ਵਿਦਰੋਹ ਕਿਹਾ ਹੈ ਜਦ ਕਿ ਮਾਰਟਿਨਸ਼ ਦੇ ਉਪਰੋਕਤ ਕਥਨ ਵਿੱਚ ਸਧਾਰਨ ਜਨਤਾ ਤਕ ਨੂੰ ਵਿਦਰੋਹੀ ਕਿਹਾ ਹੈ। ਗੁਜਰ ਤਾ 1822-25, ਤੋਂ ਹੀ ਅੰਗਰੇਜ਼ਾਂ ਦੀ ਹਕੂਮਤ ਨਹੀਂ ਚਾਹੁੰਦੇ ਸਨ ਉਹਨਾਂ ਦਾ ਬਾਗੀ ਹੋ ਜਾਣ ਬਿਲਕੁਲ ਸੁਭਾਵਕ ਸੀ। ਦਿੱਲੀ ਦੇ ਗੁੱਜਰਾਂ ਨੇ ਅਸਲ ਵਿੱਚ ਜੀ ਜਾਨ ਦੀ ਬਾਜੀ ਲਾਕੇ ਬਗਾਵਤ ਨੂੰ ਸਫਲ ਬਣਾਉਣ ਦੀ ਪੂਰੀ ਪੂਰੀ ਕੋਸ਼ਿਸ਼ ਕੀਤੀ ਸੀ। ਇਹ ਸਹੀ ਹੈ ਕਿ ਗੁੱਜਰਾਂ ਨੇ ਅੰਗਰੇਜ਼ਾਂ ਦੀ ਦੁਰਗਤੀ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ। ਇਸੇ ਵਜ੍ਹਾ ਕਰਕੇ ਦਿੱਲੀ ਦੇ ਆਸ ਪਾਸ ਗੁੱਜਰਾਂ ਦਾ ਦਮਨ ਹੋਰ ਥਾਂਵਾਂ ਦੇ ਮੁਕਾਬਲੇ ਵਧੇਰੇ ਜਾਲਮਾਨਾ ਅਤੇ ਗੈਰ ਮਨੁੱਖੀ ਸੀ। ਜਿਸਦਾ ਵਰਣਨ ਅਗਲੇ ਅਧਿਆਇ ਵਿੱਚ ਕਰਾਂਗੇ।

ਸਰ ਵਿਲੀਅਮ ਮਯੋਰ ਨੇ ਇੰਡੀਅਨ ਮਿਉਟਿਨੀ ਪੁਸਤਕ ਵਿੱਚ ਲਿਖਿਆ ਹੈ, "ਹਾਪੜ ਦੇ ਪੱਛਮ ਵੱਲ ਗੁੱਜਰ ਜ਼ਿਮੀਂਦਾਰ ਬਦਲੇ ਦੀ ਭਾਵਨਾ ਅਤੇ ਅਰਾਜਕਤਾ ਨਾਲ ਉਠ ਖੜੇ ਹੋਏ ਅਤੇ ਡਾਕ ਤਾਰ ਵਿਵਸਥਾ ਭੰਗ ਕਰ ਦਿੱਤੀ। ਘੋੜੇ ਹੱਕ ਕੇ ਲੈ ਗਏ। ਗੁੱਜਰਾਂ ਨੇ ਆਗਰਾ ਕੈਂਪ ਅਤੇ ਮੇਰਠ ਦੇ ਵਿਚਕਾਰ ਡਾਕ ਤਾਰ ਦਾ ਸਿਲਸਿਲਾ ਸਮਾਪਤ ਕਰ ਦਿੱਤਾ। ਗੁੱਜਰ ਅਸ਼ਾਂਤੀ ਕਸ਼ਟ ਦੇਣ ਵਾਲੇ ਸਿੱਧ ਹੋ ਰਹੇ ਹਨ। ਮੇਰਠ ਜ਼ਿਲੇ ਦੇ ਗੁੱਜਰਾਂ ਨੇ ਆਪਣੇ ਪਿੰਡਾਂ ਵਿੱਚ ਸਮੂਹਿਕ ਤੌਰ ਤੇ ਪਿਛਲੇ ਮੁਗਲ ਸਮਰਾਟ ਨੂੰ ਮਾਲ ਗੁਜਾਰੀ ਦੇ ਦਿੱਤੀ ਹੈ ਅਤੇ ਸਾਡੇ ਵਿਰੋਧੀ ਉਪਦਰਵੀ ਲੋਕਾਂ ਦੇ ਖਜ਼ਾਨੇ ਭਰ ਰਹੇ ਹਨ। ਜਟਾਂ ਨੇ ਮੁਗਲ ਬਾਦਸ਼ਾਹ ਨੂੰ ਮਾਲ ਗੁਜਾਰੀ ਦੇਣਾ ਸਵੀਕਾਰ ਨਹੀਂ ਕੀਤਾ। ਗੁੱਜਰਾਂ ਨਾਲ ਸਖਤੀ ਵਰਤੀ ਜਾਏਗੀ।"

ਸਰ ਵਿਲੀਅਮ ਮਯੋਰ ਨੇ ਗੁੱਜਰਾਂ ਦੀ ਰਣਨੀਤੀ ਦੀ ਆਪਣੇ ਢੰਗ ਨਾਲ ਤਾਰੀਫ ਨਹੀਂ ਪਰ ਖੁੱਲ੍ਹਕੇ ਚਰਚਾ ਜ਼ਰੂਰ ਕੀਤੀ ਹੈ। ਇਹ ਸੱਚ ਹੈ ਕਿ ਗੁੱਜਰਾਂ ਨੇ ਮਾਲ ਗੁਜਾਰੀ ਵੀ ਅੰਗਰੇਜ਼ਾਂ ਨੂੰ ਨਾ ਦੇਕੇ ਦਿੱਲੀ ਦੇ ਅੰਤਿਮ ਬਾਦਸ਼ਾਹ ਬਹਾਦੁਰ ਸ਼ਾਹ ਜਫਰ ਨੂੰ ਦੇ ਦਿੱਤੀ ਅਤੇ ਜੋ ਸਮਾਨ ਉਨ੍ਹਾਂ ਨੂੰ ਅੰਗਰੇਜ਼ਾਂ ਨੂੰ ਹਰਾਕੇ ਮਿਲਿਆ ਉਸਨੂੰ ਉਹ ਲਾਲ ਕਿਲ੍ਹੇ ਵਿੱਚ ਬਾਦਸ਼ਾਹ ਜਫਰ ਲਈ ਭੇਜ ਦਿੰਦੇ ਸਨ। ਜਿਸਦਾ ਸਪਸ਼ਟ ਵਰਣਨ ਅਗਲੇ ਅਧਿਆਏ ਵਿੱਚ ਕੀਤਾ ਗਿਆ ਹੈ।

ਜਾਟ ਅੰਗਰੇਜ਼ਾਂ ਦੇ ਪੂਰਨ ਵਫਾਦਾਰ ਰਹੇ ਇਹ ਵਿਲੀਅਮ ਮਯੋਰ ਨੇ ਸਪਸ਼ਟ ਲਿਖਿਆ ਹੈ ਕਿ ਜਾਟ ਅੰਗਰੇਜ਼ਾਂ ਨੂੰ ਹੀ ਮਾਲ ਗੁਜ਼ਾਰੀ ਦਿੰਦੇ ਰਹੇ ਹਨ। ਗੁੱਜਰਾਂ ਨਾਲ ਸਖਤੀ ਵਰਤੀ ਜਾਏਗੀ ਦਾ ਸਾਫ ਅਰਥ ਹੈ ਕਿ ਉਨ੍ਹਾਂ ਤੋਂ ਪਾਣੀ ਪੀ ਪੀ ਕੇ ਬਦਲਾ ਲਿਆ ਜਾਵੇਗਾ ਅਤੇ ਇਸੇ ਇਰਾਦੇ ਨਾਲ ਇਹ ਸਭ ਲਿਖਿਆ ਗਿਆ ਹੈ।

ਇਸੇ ਤਰ੍ਹਾਂ ਸਰ ਵਿਲੀਅਮ ਮਯੋਰ ਨੇ ਇਕ ਹੋਰ ਜਗ੍ਹਾ ਲਿਖਿਆ ਹੈ। "ਗੁੱਜਰਾਂ ਦੇ ਬਰਬਾਦ ਹੋਏ ਡਾਸਨਾ ਤੇ ਮਵਾਨਾ ਪਿੰਡਾਂ ਦੇ ਇਲਾਵਾ ਸਭ ਜਗ੍ਹਾ ਮਾਲਗੁਜਾਰੀ ਵਸੂਲ ਹੋ ਰਹੀ ਹੈ। 30 ਹਜ਼ਾਰ ਗੁੱਜਰ ਸੀਕਰੀ ਵਿੱਚ ਸਿਪਾਹੀਆ ਦੇ ਨਾਲ ਮਿਲਕੇ ਮੇਰਠ ਚਲੇ ਗਏ ਹਨ। ਅੰਗਰੇਜ਼ਾਂ ਨੇ ਸੀਕਰੀ ਵਿੱਚ ਗੋਰਿਆਂ ਦੀ ਇੱਕ ਪਲਟਨ ਤੋਪਾਂ ਸਮੇਤ ਭੇਜ ਦਿੱਤੀ ਹੈ। 100 ਆਦਮੀਆਂ ਦਾ ਕਤਲ ਕੀਤਾ ਗਿਆ। ਸੀਕਰੀ ਤੇ ਆਸ-ਪਾਸ ਦੇ ਪਿੰਡ ਅੱਗ ਨਾਲ ਸਾੜਕੇ ਤਬਾਹ ਕਰ ਦਿੱਤੇ ਗਏ।"

ਜਿੱਥੇ ਜਿੱਥੇ ਗੁੱਜਰਾਂ ਦੀ ਆਬਾਦੀ ਸੀ ਉਹ ਜਾਂ ਤਾਂ ਮਾਲ ਗੁਜਾਰੀ ਦਿੱਲੀ ਦੇ ਬਾਦਸ਼ਾਹ ਨੂੰ ਦਿੰਦੇ ਰਹੇ ਜਾਂ ਆਪਣੇ ਸਥਾਨਕ ਆਗੂ ਨੂੰ ਦਿੰਦੇ ਸਨ ਜਾਂ ਕਿਸਾਨਾਂ ਤੋਂ ਮਾਲ ਗੁਜਾਰੀ ਲੈਂਦੇ ਹੀ ਨਹੀਂ ਸਨ। ਲੇਕਿਨ ਇਹ ਨਿਸ਼ਚਿਤ ਹੀ ਸੱਚ ਹੈ ਕਿ ਗੁੱਜਰ ਅੰਗਰੇਜ਼ ਹਕੂਮਤ ਨੂੰ ਮਾਲ ਗੁਜ਼ਾਰੀ ਨਹੀਂ ਦਿੰਦੇ। ਸੀਕਰੀ, ਦਿੱਲੀ ਮੇਰਠ ਰੋਡ ਉਪਰ ਚੰਦੇਲੇ ਗੁੱਜਰਾਂ ਦਾ ਪਿੰਡ ਹੈ। ਉਸ ਥਾਂ 30 ਹਜ਼ਾਰ ਗੁੱਜਰਾਂ ਦਾ ਇਕੱਠ ਹੋਣਾ ਅਰਥਪੂਰਨ ਹੈ। ਯਾਨੀ ਕਿ ਮੇਰਠ ਦੇ ਇਰਦ ਗਿਰਦ ਦੇ ਗੁੱਜਰ ਇਕੱਤਰ ਹੋ ਗਏ ਸਨ ਅਤੇ ਸਿਪਾਹੀਆਂ ਨਾਲ ਉਹਨਾਂ ਦਾ ਬਾਗੀ ਹੋ ਜਾਣਾ ਸੁਭਾਵਕ ਸੀ। ਗਰਾਮੀਣ ਜਨਤਾ ਨੂੰ ਤੋਪਾਂ ਨਾਲ ਉਡਾਉਣਾ, ਪਿੰਡਾਂ ਨੂੰ ਅੱਗ ਨਾਲ ਸਾੜ ਕੇ ਸੁਆਹ ਕਰਨਾ ਅੰਗਰੇਜ਼ੀ ਸਰਕਾਰ ਦੀ ਦਮਨ ਨੀਤੀ ਦਾ ਪ੍ਰਮਾਣਿਕ ਵਰਣਨ ਹੈ। 100 ਆਦਮੀਆਂ ਦਾ ਕਤਲ ਕਰਨਾ 127 ਸਾਲ ਪਹਿਲਾਂ ਬਹੁਤ ਭਾਰੀ ਨਰ ਸੰਹਾਰ ਸੀ ਜਦੋਂ ਕਿ ਲੜਾਈ ਆਹਮਣੇ ਸਾਹਮਣੇ ਦੀ ਸੀ। ਇੱਕ ਪਾਸੇ ਆਧੁਨਿਕ ਹਥਿਆਰ ਨਾਲ ਲੈਸ ਅੰਗਰੇਜ਼ ਸੈਨਿਕ ਦੂਸਰੇ ਪਾਸੇ ਸੁਤੰਤਰਤਾ ਦੀ ਭਾਵਨਾਵਾਂ ਨਾਲ ਲੈਸ ਬਿਨਾਂ ਆਧੁਨਿਕ ਹਥਿਆਰਾਂ ਦੇ ਦੇਸ਼ ਭਗਤ ਗੁੱਜਰ ਤੇ ਉਹਨਾਂ ਦੇ ਸਾਥੀ ਹਨ।

ਇੰਡੀਅਨ ਇਮਪਾਇਰ ਦੇ ਲੇਖਕ ਮਾਰਟਿੰਨ ਨੇ ਗੁੱਜਰਾਂ ਦੇ ਇਸ ਮਹਾਨ ਕ੍ਰਾਂਤੀ ਵਿੱਚ ਯੋਗਦਾਨ ਉਤੇ ਸਪਸ਼ਟ ਲਿਖਿਆ ਹੈ ਕਿ "ਗੁੱਜਰਾਂ ਦੇ ਸਿਵਾਏ ਹਿੰਦੂ ਜਨਤਾ ਵਿੱਚ ਕਿਸੇ ਨੇ ਵੀ ਬਾਗੀਆ ਦਾ ਸਾਥ ਨਹੀਂ ਦਿੱਤਾ। ਵਿਦਰੋਹ ਦੀ ਅੱਗ ਘੰਟਿਆਂ ਵਿੱਚ ਆਗਰਾ ਤੋਂ ਦਿੱਲੀ ਸਹਾਰਨਪੁਰ, ਬੁਲੰਦ ਸ਼ਹਿਰ ਤੱਕ ਸਮੂਹਿਕ ਰੂਪ ਵਿੱਚ ਫੈਲ ਗਈ। ਧੌਲਪੁਰ ਦੇ ਸੂਬਾ ਦੇਵ ਹੰਸ ਨੇ ਆਗਰੇ ਦੀਆਂ ਤਹਿਸੀਲਾਂ ਉਤੇ ਕਬਜ਼ਾ ਕਰ ਲਿਆ।"

ਮਾਰਟਿੰਨ ਨੇ ਸਪਸ਼ਟ ਮੰਨਿਆ ਹੈ ਕਿ ਹਿੰਦੂ ਜਨਤਾ ਵਿੱਚ ਕੇਵਲ ਗੁੱਜਰ ਕੌਮ ਅੰਗਰੇਜ਼ ਦੀ ਦੁਸ਼ਮਣ ਸੀ। ਇਹ ਵੀ ਸੱਚ ਹੈ ਕਿ ਸਹਾਰਨਪੁਰ, ਮੇਰਠ, ਬੁਲੰਦ ਸ਼ਹਿਰ, ਮੁਰਾਦਾਬਾਦ, ਬਿਜਨੌਰ, ਗਾਜੀਆਬਾਦ, ਦਿੱਲੀ, ਮਥੁਰਾ, ਸ਼ੇਰਗੜ, ਆਗਰਾ,

ਧੌਲਪੁਰ ਆਦਿ ਇਲਾਕਿਆਂ ਵਿੱਚ ਗੁੱਜਰ ਜਾਤੀ ਸਮੂਹਿਕ ਰੂਪ ਵਿੱਚ ਸੰਗਠਿਤ ਹੋਕੇ ਅੰਗਰੇਜ਼ ਹਕੂਮਤ ਦੇ ਖਿਲਾਫ ਵਿਦਰੋਹ ਦਾ ਝੰਡਾ ਉਚਾ ਕਰ ਰਹੀ ਸੀ। ਯਾਦ ਰਹੇ ਇਹਨਾਂ ਇਲਾਕਿਆਂ ਵਿੱਚ ਗੁੱਜਰਾਂ ਦੇ ਰੰਘੜ ਮੁਸਲਮਾਨ ਸਾਥੀ ਰਹੇ ਹਨ ਜਦੋਂ ਕਿ ਹੋਰ ਜਾਤੀਆਂ ਅੰਗਰੇਜ਼ਾਂ ਨਾਲ ਹਮਦਰਦ ਤੇ ਸਾਥ ਦੇ ਰਹੀਆਂ ਸਨ। ਜਿਸਦਾ ਅੰਗਰੇਜ਼ਾਂ ਨੇ ਉਹਨਾਂ ਨੂੰ ਸੱਚ ਦਮਨ ਬਾਅਦ ਪੁਰਸਕਾਰ ਵਜੋਂ ਜਗੀਰਾਂ, ਜਾਇਦਾਦਾਂ ਤੇ ਪਿੰਡ ਦਿੱਤੇ ਸਨ। ਨੌਕਰੀਆ ਵਿੱਚ ਉਚੇ ਰੁਤਬੇ ਬਖਸ਼ੇ।

ਧੌਲਪੁਰ ਦੇ ਸੂਬਾ ਦੇਵਹੰਸ ਗੁੱਜਰ ਦਾ ਆਗਰਾ ਤੋਂ ਧੌਲਪੁਰ ਤੱਕ ਯਾਨੀ ਚੰਬਲ ਨਦੀ ਤੱਕ ਦਾ ਇਲਾਕਾ ਉਸਦੇ ਅਧੀਨ ਸੀ। ਆਗਰੇ ਦੀਆ 3/4 ਤਹਿਸੀਲਾਂ ਉਤੇ ਸੂਬਾ ਦੇਵ ਹੰਸ  ਦਾ ਪੂਰਨ ਰੂਪ ਵਿੱਚ ਅਧਿਕਾਰ ਸੀ ਅਤੇ ਅੰਗਰੇਜ਼ ਸਰਕਾਰ ਨਾਮ ਦੀ ਇਹਨਾਂ ਦਿਨਾਂ ਵਿੱਚ ਉਸ ਥਾਂ ਕੋਈ ਚੀਜ਼ ਬਣਾਈ ਨਹੀਂ ਸੀ। ਦੇਵ ਹੰਸ ਇਸ ਇਲਾਕੇ ਦਾ ਮਹਾਨ ਕ੍ਰਾਂਤੀਕਾਰੀ ਨੇਤਾ ਤੇ ਬਲਵਾਨ ਰਾਜਾ ਸੀ। ਦੇਵ ਹੰਸ ਕਸਾਨੇ ਗੋਤ ਦਾ ਗੁੱਜਰ ਸੀ। ਧੌਲਪੁਰ ਰਾਜ ਵਿੱਚ 28 ਪਿੰਡ ਕਸਾਨੇ ਗੁੱਜਰਾਂ ਦੇ ਸਨ। ਸੂਬਾ ਦੇਵ ਹੰਸ ਦਾ ਰਾਜਨੀਤਿਕ ਦਰਜਾ ਸੀ ਜਿਵੇਂ ਕਿ ਸੂਬੇਦਾਰ ਜਾਂ ਪ੍ਰਾਂਤਕ ਸ਼ਾਸਕ ਆਦਿ। ਇਸਦੀ ਗੁੱਜਰ ਸੈਨਾ ਵਿੱਚ ਕਈ ਹਜ਼ਾਰ ਸੰਗਠਿਤ ਤੇ ਸਿੱਖੇ ਹੋਏ ਹੋਸ਼ਿਆਰ ਸੈਨਿਕ ਸਨ, ਜਿਨ੍ਹਾਂ ਦੀ ਰਿਹਾਇਸ਼ ਲਈ ਧੌਲਪੁਰ ਦੇ ਨੇੜੇ ਦੇਵਹੰਸ ਨੇ ਕਿਲ੍ਹਾ ਬਣਾਇਆ ਸੀ।

ਗੁੱਜਰਾਂ ਵਾਂਗ ਹੀ ਅਹੀਰ ਜਾਤੀ ਵਾਲਿਆਂ ਨੇ 1857 ਦੀ ਮਹਾਨ ਕ੍ਰਾਂਤੀ ਵਿੱਚ ਮਹੱਤਵਪੂਰਨ ਭਾਗ ਲਿਆ ਜਿਸਦਾ ਠੋਸ ਪ੍ਰਮਾਣ ਹੇਠਾਂ ਦਿੱਤਾ ਜਾ ਰਿਹਾ ਹੈ। ਮਿਸਟਰ ਡਬਲਯੂ ਆਰ ਡਬਲਯੂ ਮਯੌਰ ਸਹਾਇਕ ਏਜੰਟ ਗਵਰਨਰ ਜਨਰਲ ਭਾਰਤ ਦੇ ਇੱਕ ਪੱਤਰ ਦੀ ਸਹੀ ਪ੍ਰਤੀਲਿੱਪੀ ਜੋ ਫਾਈਲ ਆਰ-192 ਪੰਨਾ 281-83 ਪੰਜਾਬ ਅਭਿਲੇਖਾਕਾਰ, ਪਟਿਆਲਾ ਵਿੱਚ ਸੁਰੱਖਿਅਤ ਹੈ, ਉਸਨੂੰ ਪੇਸ਼ ਕਰਦੇ ਹਾਂ ਜਿਸ ਵਿੱਚ ਰਿਵਾੜੀ ਦੇ ਦੇਸ਼ ਭਗਤ ਰਾਉ ਤੁਲਾ ਰਾਮ ਅਤੇ ਗੋਪਾਲ ਦੇਵ ਦੇ ਬਾਰੇ ਵਿੱਚ ਦਿੱਲੀ ਦੇ ਕਮਿਸ਼ਨਰ ਨੂੰ ਲਿਖਿਆ ਗਿਆ ਇਤਿਹਾਸਿਕ ਮਹੱਤਵ ਦਾ ਪੱਤਰ ਦਾ ਵਰਣਨ ਹੈ।

ਸੇਵਾ ਵਿਖੇ,

ਕਮਿਸ਼ਨਰ ਦਿੱਲੀ ਡਵੀਜ਼ਨ, ਦਿੱਲੀ

30 ਅਗਸਤ 1861

ਸ਼੍ਰੀਮਾਨ ਜੀ,

ਆਪ ਜੀ ਦੇ ਮਿਤੀ 22 ਅ੍ਰਪੈਲ 1861 ਦੇ ਪੱਤਰ ਦੇ ਉਤਰ ਵਜੋਂ ਰਿਵੜੀ ਦੇ ਵਿਦਰੋਹੀ ਤੁਲਾ ਰਾਮ ਦੇ ਚਚੇਰੇ ਭਾਈ ਰਾਵ ਗੋਪਾਲ ਦੇਵ ਦਾ ਦਿੱਲੀ ਦੇ

ਬਾਗੀਆਂ ਨਾਲ ਸਬੰਧ ਦੇ ਵਿਸ਼ੇ ਵਿੱਚ ਪੱਤਰ ਭੇਜ ਰਿਹਾ ਹਾਂ। ਤੁਲਾ ਰਾਮ ਤੇ ਗੋਪਾਲ ਦੇਵ ਦੇ ਦਫਤਰਾਂ ਉਪਰ ਅਧਿਕਾਰ ਕਰਨ ਦੇ ਬਾਅਦ ਪੱਕੇ ਪ੍ਰਮਾਣ ਪ੍ਰਾਪਤ ਹੁੰਦੇ ਹਨ ਕਿ ਉਹ 1857 ਦੇ ਵਿਦਰੋਹ ਵਿੱਚ ਭਾਗੀਦਾਰ ਹੀ ਨਹੀਂ ਬਲਕਿ ਇਸ ਕਾਰਜ ਨੂੰ ਆਰੰਭ ਕਰਨ ਵਾਲੇ ਸਨ। ਗੋਪਾਲ ਦੇਵ ਨੇ ਸੈਨਾਪਤੀ (ਜਨਰਲ) ਦੀ ਹੈਸੀਅਤ ਵਜੋਂ ਸਾਰੇ ਪ੍ਰਬੰਧ ਆਪਣੇ ਚਚੇਰੇ ਭਾਈ ਤੁਲਾ ਰਾਮ ਦੇ ਅਧੀਨ ਹੋਕੇ ਕੀਤਾ ਹੈ। ਉਹਨਾਂ ਨੇ ਤੁਲਾ ਰਾਮ ਨੂੰ ਦਿੱਲੀ ਦੇ ਬਾਦਸ਼ਾਹ ਦੇ ਅਧੀਨ ਰਿਵਾੜੀ, ਭੋਡਾ, ਸ਼ਾਹਜਹਾਂਪੁਰ ਦਾ ਗਵਰਨਰ ਐਲਾਨ ਕੀਤਾ ਸੀ। ਸੈਨਿਕ ਦਫਤਰ ਦੇ ਤਿੰਨ ਜਾਂ ਚਾਰ ਹਜ਼ਾਰ ਐਸੇ ਕਾਗਜ਼ ਹਨ ਜਿਸ ਤੋਂ ਪੱਕੇ ਪ੍ਰਮਾਣ ਪ੍ਰਾਪਤ ਹੁੰਦੇ ਹਨ, ਕਿ ਉਹਨਾਂ ਦਾ ਅਹੁਦਾ ਕਿਸ ਪ੍ਰਕਾਰ ਦਾ ਸੀ।

ਉਨ੍ਹਾਂ ਦੇ ਸੈਨਿਕ ਬਹਾਦਰੀ ਦੀ ਕਹਾਣੀ ਤਹਿਸੀਲਦਾਰ ਅਤੇ ਥਾਣੇਦਾਰ ਦੀ ਗਵਾਹੀ ਵਿੱਚ ਵਰਣਨ ਕੀਤੀ ਗਈ ਹੈ। ਇੰਜ ਪ੍ਰਤੀਤ ਹੁੰਦਾ ਹੈ ਕਿ ਦਿੱਲੀ ਵਿੱਚ ਬਗਾਵਤ ਹੋਣ ਉਪਰੰਤ ਹੀ ਗੋਪਾਲ ਦੇਵ ਉਸ ਅਸਥਾਨ ਨੂੰ ਛੱਡਕੇ ਰਿਵਾੜੀ ਚਲਿਆ ਗਿਆ। ਉਥੇ ਪਹੁੰਚਣ ਤੇ ਉਸਨੇ ਆਪਣੇ ਪਰਿਵਾਰ ਨੂੰ ਆਪਣੇ ਭਾਈ ਤੁਲਾ ਰਾਮ ਰਾਮਪੁਰ ਦੇ ਕਿਲੇ ਵਿੱਚ ਪਹੁੰਚਾ ਦਿੱਤਾ। ਉਸਦੇ ਬਾਦ ਆਪਣੇ ਅਨੁਆਈਆਂ ਨੂੰ ਇਕੱਤਰ ਕਰਨ ਵਿੱਚ ਕੁਝ ਦਿਨ ਲੱਗ ਗਏ। ਪ੍ਰੰਤੂ ਇਹ ਕਠਿਨ ਕਾਰਜ ਨਹੀਂ ਸੀ। ਕਿਉਂਕਿ ਉਸ ਜਗ੍ਹਾ ਉਸਦੇ ਰਿਸ਼ਤੇਦਾਰ ਅਤੇ ਅਧੀਨ ਵਿਅਕਤੀ ਸਨ। 17 ਮਈ ਨੂੰ (ਉਹ ਗੋਪਾਲ ਦੇਵ, ਤੁਲਾ ਰਾਮ) ਚਾਰ ਪੰਜ ਸੌ ਘੋੜ ਸਵਾਰਾਂ ਅਤੇ ਪੈਦਲ ਵਿਅਕਤੀਆ ਦੇ ਨਾਲ ਤਹਿਸੀਲ ਦੇ ਸਾਹਮਣੇ ਆਏ। ਤਹਿਸੀਲਦਾਰ ਅਤੇ ਥਾਣੇਦਾਰ ਨੂੰ ਰਾਮਪੁਰ ਦੇ ਕਿਲ੍ਹੇ ਵਿੱਚ ਬੰਦ ਕਰ ਦਿੱਤਾ। ਤਹਿਸੀਲਦਾਰ ਦੇ ਖਜ਼ਾਨੇ ਵਿੱਚੋਂ 8364 ਰੁਪਏ 4 ਆਨੇ 5 ਪਾਈ ਜ਼ਬਤ ਕਰ ਲਏ। ਤੁਲਾ ਰਾਮ ਨੇ ਗਵਰਨਰ ਹੋਣ ਦੀ ਘੋਸ਼ਣਾ ਕੀਤੀ। ਰਬੀ ਦੀ ਫਸਲ ਦੀਆਂ ਕਿਸ਼ਤਾਂ ਇਕੱਠੀਆਂ ਕੀਤੀਆਂ, ਮਹਾਜਨਾਂ ਤੋਂ ਭਾਰੀ ਕਰ ਲਾਏ। ਭੋਡਾ ਤੇ ਅਧਿਕਾਰ ਕੀਤਾ ਅਤੇ ਉਸਨੂੰ ਲੁੱਟਿਆ। ਰਿਵਾੜੀ ਵਿੱਚ ਤੁਲਾ ਰਾਮ ਨੇ ਨਵੇਂ ਸ਼ਾਸਨ ਦਾ ਐਲਾਨ ਕੀਤਾ। ਉਹਨਾਂ ਨੇ ਦਿੱਲੀ ਦੇ ਬਾਦਸ਼ਾਹ ਦੇ ਪਾਸ 40 ਤੋਂ 50 ਹਜ਼ਾਰ ਤੱਕ ਰੁਪਏ ਭੇਜੇ ਅਤੇ ਹਜ਼ਾਰਾਂ ਬੋਰੀਆਂ ਅਤੇ 43 ਬੈਲਗੱਡੀਆਂ ਭਰ ਕੇ ਅਨਾਜ ਭੇਜਿਆ।

ਮੈਂ ਇਹਨਾਂ ਪ੍ਰਮਾਣਾਂ ਦੇ ਅਧਾਰ ਤੇ ਸੋਚਦਾ ਹਾਂ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਇਹ ਵਿਦਰੋਹ ਨੂੰ ਭੜਕਾਉਣ ਵਾਲੇ ਹੀ ਨਹੀਂ ਬਲਕਿ ਸ਼ੁਰੂ ਕਰਨ ਵਾਲੇ ਸਨ ਅਤੇ ਵਿਦਰੋਹੀਆਂ ਦੇ ਨੇਤਾ ਰਹੇ ਹਨ। ਇਸ ਲਈ ਇਹ ਖਿਮਾ ਕਰਨ ਦੇ ਯੋਗ ਨਹੀਂ ਹਨ।

ਉਪਰੋਕਤ ਪੱਤਰ ਤੋਂ ਸਪਸ਼ਟ ਹੈ ਕਿ ਅੰਗਰੇਜ਼ ਸਰਕਾਰ ਦੀ ਰਾਵ ਤੁਲਾ ਰਾਮ ਅਤੇ ਰਾਵ ਗੋਪਾਲ ਦੇਵ ਦੇ ਬਾਰੇ ਵਿੱਚ ਕੀ ਮਨਸ਼ਾ ਸੀ। ਵਾਸਤਵ ਵਿੱਚ ਇਹ ਪੱਤਰ ਇਕ ਇਤਿਹਾਸਕ ਆਰੋਪ ਪੱਤਰ ਹੈ। ਜੇਕਰ ਇਹ ਦੋਵੇਂ ਦੇਸ਼ ਭਗਤ ਜੀਵਤ ਅੰਗਰੇਜ਼ਾਂ ਨੂੰ ਮਿਲ ਗਏ ਹੁੰਦੇ ਤਾਂ ਅਵੱਸ਼ ਹੀ ਗੋਲੀ ਜਾਂ ਫਾਂਸੀ ਦੇ ਸ਼ਿਕਾਰ ਹੁੰਦੇ ਪਰ ਰਾਵ ਤੁਲਾ ਰਾਮ ਤਾਂ ਕਾਬਲ ਚਲੇ ਗਏ ਸਨ ਅਤੇ ਉਸੇ ਥਾਂ ਉਹਨਾਂ ਦੀ ਮੌਤ ਹੋ ਗਈ। ਉਹਨਾਂ ਦੀ ਯਾਦ ਵਿੱਚ 23 ਸਤੰਬਰ ਨੂੰ ਰਿਵਾੜੀ (ਹਰਿਆਣਾ) ਵਿੱਚ ਵਿਸ਼ਾਲ ਸ਼ਹੀਦੀ ਮੇਲਾ ਲੱਗਦਾ ਹੈ ਜਿੱਥੇ ਸਾਰੇ ਦੇਸ਼ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਜਾਂਦੀ ਹੈ।

# ਜ਼ਿਲ੍ਹਾ ਮੇਰਠ ਦੇ ਗੁੱਜਰ ਅਤੇ 1857

ਆਤਾ ਹੈ ਤੂਫਾਂ ਤੋਂ ਆਨੇ ਦੋ, ਕਿਸ਼ਤੀ ਕਾ ਖੁਦਾ, ਖੁਦ ਹਾਫਿਜ਼ ਹੈ।
ਮੁਮਕਿਨ ਹੈ ਇਨਹੀਂ, ਲਹਿਰੋਂ ਮੇਂ, ਬਹਿਤਾ ਹੂਆ ਸਾਹਿਲ ਆ ਜਾਏ॥

ਡਾ. ਇਕਬਾਲ

1857 ਦਾ ਸਵਾਧੀਨਤਾ ਸੰਗਰਾਮ ਮੇਰਠ ਤੋਂ ਸ਼ੁਰੂ ਹੋਇਆ ਸੀ। ਝਾਂਸੀ ਦੀ ਰਾਣੀ ਲਕਸ਼ਮੀ ਬਾਈ, ਤਾਂਤੀਆ ਟੋਪੇ, ਬਿਹਾਰ ਕੇਸਰੀ ਕੰਵਰ ਸਿੰਘ, ਨਾਨਾ ਸਾਹਿਬ ਪੇਸ਼ਵਾ, ਬੇਗਮ ਹਜ਼ਰਤ ਮਹੱਲ, ਬਹਾਦੁਰ ਸ਼ਾਹ ਜਫਰ, ਬਖਤ ਖਾਂ, ਅਹਿਮਦੁੱਲਾ, ਸ਼ਾਹ ਗੁਲਾਮ, ਗੌਂਸ ਖਾਂ ਤੇ ਅਜੀਮੁੱਲਾ ਖਾਂ ਨੇ ਮਿਲਕੇ 31 ਮਈ 1857 ਦੀ ਤਰੀਕ ਉਸ ਮਹਾਨ ਕ੍ਰਾਂਤੀ ਦੇ ਲਈ ਐਲਾਨ ਕੀਤੀ ਸੀ। ਕਮਲ ਦਾ ਫੁੱਲ ਅਤੇ ਰੋਟੀ ਕ੍ਰਾਂਤੀ ਦੇ ਪ੍ਰਤੀਕ ਚੁਣੇ ਗਏ ਸਨ। ਹਰਾ ਤੇ ਸੁਨਹਿਰੀ ਝੰਡਾ ਕ੍ਰਾਂਤੀ ਦਾ ਪ੍ਰਤੀਕ ਚੁਣਿਆ ਗਿਆ ਸੀ। ਲੇਕਿਨ ਸਮੇਂ ਤੋਂ ਪਹਿਲਾਂ ਹੀ ਮੇਰਠ ਛਾਉਣੀ ਵਿੱਚ 9 ਮਈ ਨੂੰ ਕ੍ਰਾਂਤੀ ਦਾ ਵਿਸਫੋਟ ਹੋਇਆ ਸੀ। ਦਿਨ ਵੀ ਅੰਧਕਾਰ ਦੀ ਕਾਲੀ ਚਾਦਰ ਲੈ ਕੇ ਚੜਿਆ ਸੀ। ਕੁਦਰਤ ਵੀ ਹੋਣਹਾਰ ਘਟਨਾ ਦੇ ਲਈ ਉਚਿਤ ਵਾਤਾਵਰਣ ਤਿਆਰ ਕਰਦੀ ਹੈ। ਮੇਰਠ ਛਾਉਣੀ ਸਥਿਤ ਰਿਸਾਲੇ ਦਾ ਕਰਨਲ ਕਰਮਾਇਲ ਸਮਿਥ ਬਹੁਤ ਹੰਕਾਰੀ ਅਤੇ ਹਠੀ ਸੁਭਾਅ ਦਾ ਅਫਸਰ ਸੀ। ਮੰਗਲ ਪਾਂਡੇ ਦੀ ਤਰ੍ਹਾਂ 90 ਸਿਪਾਹੀਆਂ ਨੇ ਚਰਬੀ ਵਾਲੇ ਕਾਰਤੂਸ ਲੈਣ ਤੋਂ ਇਨਕਾਰ ਕਰ ਦਿੱਤਾ ਸੀ, ਉਸਨੇ 90 ਸਿਪਾਹੀਆਂ ਦੀ ਵਰਦੀ ਉਤਰਵਾ ਕੇ ਲੁਹਾਰ ਬੁਲਾ ਕੇ ਦੇਸ਼ ਭਗਤ ਸਿਪਾਹੀਆ ਨੂੰ ਹੱਥਕੜੀ ਅਤੇ ਬੇੜੀਆਂ ਵਿੱਚ ਜਕੜ ਦਿੱਤਾ ਸੀ।

ਕੁਝ ਚੋਣਵੇਂ ਸਿਪਾਹੀ ਮੇਰਠ ਜੇਲ ਵਿੱਚ ਭੇਜ ਦਿੱਤੇ ਸਨ। ਸ਼ਾਮ ਦੇ ਲਗਭਗ 5 ਵਜੇ ਆਜ਼ਾਦੀ ਦੀ ਚੰਗਿਆੜੀ ਸ਼ੋਅਲਾ ਬਣ ਕੇ ਜਵਾਲਾਮੁਖੀ ਵਿਸਫੋਟ ਵਿੱਚ ਬਦਲ ਗਈ ਸੀ। ਅੰਗਰੇਜ਼ ਇਤਿਹਾਸਕਾਰ ਵਾਈਟ ਨੇ ਆਪਣੀ ਪੁਸਤਕ "ਮਹਾਨ ਸਿਪਾਹੀ ਵਿਦਰੋਹ ਦਾ ਸੰਪੂਰਨ ਇਤਿਹਾਸ" ਦੇ ਪੰਨਾ 17 ਉਤੇ ਲਿਖਿਆ ਹੈ, ਮੇਰਠ ਦੇ ਇਸ ਭਿਆਨਕ ਵਿਦਰੋਹ ਤੋਂ ਸਾਨੂੰ ਇਕ ਮਹਾਨ ਲਾਭ ਜ਼ਰੂਰ ਹੋਇਆ। ਉਹ ਇਹ ਕਿ ਸਾਰੇ ਭਾਰਤ ਦੇ ਸੈਨਿਕਾਂ ਦੇ ਵਿਦਰੋਹ ਦਾ ਕੰਮ 31

ਮਈ 1857 ਦੇ ਨਿਸ਼ਚਿਤ ਦਿਨ ਪੂਰਾ ਹੋਣਾ ਸੀ। ਪ੍ਰੰਤੂ ਭੜਕੇ ਹੋਏ ਉਭਾਰ ਨੇ ਸਾਨੂੰ ਜਾਗਰਤ ਕਰ ਦਿੱਤਾ ਸੀ।

ਮੇਰਠ ਦੇ ਨੇੜੇ ਹੀ ਗੁੱਜਰਾਂ ਦਾ ਪਾਂਚਲੀ ਪਿੰਡ ਹੈ। ਉਸ ਪਿੰਡ ਦੇ ਰਹਿਣ ਵਾਲਾ ਚੌਧਰੀ ਧਨ ਸਿੰਘ ਗੁੱਜਰ ਮੇਰਠ ਸਿਟੀ ਦਾ ਕੋਤਵਾਲ ਸੀ। ਉਹ ਬਹੁਤ ਦੇਸ਼ ਭਗਤ ਅਤੇ ਆਜ਼ਾਦੀ ਪ੍ਰੇਮੀ ਪੁਲਿਸ ਅਫਸਰ ਸੀ। ਉਸਦੀ ਅਗਵਾਈ ਵਿੱਚ 30,000 ਗੁੱਜਰ ਘਾਟ ਪਾਂਚਲੀ ਦੇ ਚਪਰਾਨੇ ਸੀਕਰੀ ਕੇਚੰਦੀਲੇ ਨਗਲਾ ਤੇ ਭੌਪੁਰਾ ਦੇ ਕਸਾਨੇ ਅਤੇ ਹੋਰ ਪਿੰਡਾਂ ਦੇ ਗੁੱਜਰ ਮਿਲਕੇ ਮੇਰਠ ਦੀ ਨਵੀਂ ਜੇਲ੍ਹ ਉਪਰ "ਮਾਰੋ ਫਿਰੰਗੀ ਨੂੰ" ਦਾ ਨਾਹਰਾ ਲਗਾਉਂਦਿਆ ਹੀ ਧਾਵਾ ਬੋਲ ਦਿੱਤਾ। ਉਨ੍ਹਾਂ ਨੇ 839 ਦੇਸ ਭਗਤ ਕੈਦੀਆਂ ਨੂੰ ਜੇਲ ਤੋਂ ਮੁਕਤ ਕਰਾਕੇ ਆਪਣੇ ਨਾਲ ਮਿਲਾ ਲਿਆ। ਉਧਰ ਤੀਸਰੇ ਰਿਸਾਲੇ ਦਾ ਰਿਸਾਲਦਾਰ ਆਪਣੇ ਸਿਪਾਹੀਆਂ ਨੂੰ ਨਾਲ ਲੈਕੇ 20ਵੀਂ ਇਨਫੈਂਟਰੀ ਦੇ ਸ਼ਸ਼ਤਰਖਾਨੇ ਵੱਲ ਗਏ। ਉਥੋਂ ਹਥਿਆਰ ਲੈਕੇ ਆਪਣੇ ਉਹਨਾਂ 90 ਸਾਥੀਆਂ ਨੂੰ ਛੁਡਾਉਣ ਵਾਸਤੇ ਜੇਲ੍ਹ ਪਹੁੰਚ ਗਏ। 90 ਦੇਸ਼ ਭਗਤ ਸਿਪਾਹੀਆਂ ਨੂੰ ਲੈਕੇ ਚੌ. ਧਨ ਸਿੰਘ ਵਾਲੀ ਦੇਸ਼ ਭਗਤਾਂ ਦੀ ਸੈਨਾ ਦੇ ਪ੍ਰਮੁੱਖ ਅੰਗ ਬਣ ਗਏ ਅਤੇ "ਮਾਰੋ ਫਰੰਗੀ ਨੂੰ" ਦਾ ਐਲਾਨ ਕਰਦੇ ਹੋਏ ਅੰਗਰੇਜਾਂ ਦੇ ਖੂਨ ਦੇ ਪਿਆਸੇ ਹੋ ਗਏ।

ਮੇਰਠ ਗਜਟੀਅਰ ਵਿੱਚ ਇਸਦਾ ਵਰਣਨ ਇਸ ਪ੍ਰਕਾਰ ਦਿੱਤਾ ਹੋਇਆ ਹੈ, "ਮੇਰਠ ਛਾਉਣੀ ਦੇ ਗੁੱਜਰਾਂ ਦੇ ਪਿੰਡਾਂ ਦਾ ਹੌਸਲਾ ਇਤਨਾ ਵੱਧ ਗਿਆ ਕਿ ਉਨ੍ਹਾਂ ਦੇ ਵਿਰੁੱਧ ਕਾਰਵਾਈ ਕਰਨਾ ਜ਼ਰੂਰੀ ਸੀ। ਪੁਲਿਸ ਅਧਿਕਾਰੀ ਮੇਜਰ ਵਿਲੀਅਮ ਤੇ ਉਨਲਪ ਨੇ ਇੱਕ ਵਾਲੰਟੀਅਰ ਕੋਰ ਬਣਾਈ ਜਿਸ ਵਿੱਚ ਸਾਰੇ ਦੇ ਸਾਰੇ ਯੂਰਪੀਅਨ ਸਨ। ਇਸ ਵਿਚ 45 ਘੋੜ ਸਵਾਰ 11 ਫੌਜੀ, 8 ਪਲਟੂਨ, 38ਵੀਂ ਇਨਫੈਂਟਰੀਂ 2 ਸਾਰਜੈਂਟ, 2 ਤੋਪਾਂ ਅਤੇ ਸੈਨਿਕ ਮਾਹਿਰ ਲੈਕੇ 4 ਜੁਲਾਈ 1857 ਨੂੰ ਸਭ ਤੋਂ ਪਹਿਲਾਂ ਮੇਰਠ ਦੇ ਆਸ ਪਾਸ ਦੇ ਪਿੰਡਾਂ ਤੇ ਅਚਾਨਕ ਹਮਲਾ ਕੀਤਾ ਗਿਆ। ਇਹਨਾਂ ਵਿੱਚ ਮੁੱਖ ਪਿੰਡ ਘਾਟ ਪਾਂਚਲੀ ਅਤੇ ਨਗਲਾ ਆਦਿ ਸਨ। ਇਨ੍ਹਾਂ ਪਿੰਡਾਂ ਦੇ ਨਿਵਾਸੀ ਗੜਬੜ ਕਰਨ ਲਈ ਪ੍ਰਸਿੱਧ ਸਨ। ਸਵੇਰੇ 4 ਵਜੇ ਤਿੰਨਾਂ ਪਿੰਡਾਂ ਨੂੰ ਘੇਰ ਲਿਆ ਗਿਆ। ਬਹੁਤ ਸਾਰੇ ਵਿਅਕਤੀ ਮਾਰੇ ਗਏ 46 ਕੈਦ ਕਰ ਲਏ ਗਏ ਜਿਹਨਾਂ ਵਿੱਚੋਂ 40 ਨੂੰ ਤੁਰੰਤ ਫਾਂਸੀ ਦੇ ਫੰਦੇ ਤੇ ਲਟਕਾ ਦਿੱਤਾ ਗਿਆ। ਪਸ਼ੂ ਤੇ ਸਾਮਾਨ ਖੋਹ ਲਿਆ ਗਿਆ ਤੇ ਸਾਰੇ ਪਿੰਡਾਂ ਨੂੰ ਅੱਗ ਲਾ ਦਿੱਤੀ ਗਈ। ਫਿਰ ਦੁਬਾਰਾ ਖਾਕੀ ਰਿਸਾਲਾ ਪਿੰਡਾਂ ਵਿੱਚ ਗਿਆ ਤੇ ਉਚਿਤ ਸਜਾਵਾਂ

ਫੇਰ ਦਿੱਤੀਆਂ ਗਈਆਂ। ਸੀਕਰੀ ਪਿੰਡ ਵਿੱਚ ਵੀ ਇਹੋ ਹਾਲਤ ਤੇ ਭਿਆਨਕ ਕਾਂਡ ਕੀਤਾ ਗਿਆ ਅਤੇ ਪਿੰਡ ਫੂਕ ਦਿੱਤਾ ਗਿਆ। 30 ਆਦਮੀਆਂ ਨੂੰ ਫਾਂਸੀ ਦਿੱਤੀ ਗਈ ਅਤੇ ਬਾਕੀਆਂ ਦੀ ਹੱਤਿਆ ਕਰ ਦਿੱਤੀ ਗਈ।

ਮੇਰਠ ਜ਼ਿਲੇ ਦੇ ਹੋਰ ਪਿੰਡਾਂ ਦੇ ਨਾਲ ਵੀ ਇਹੋ ਸਲੂਕ ਕੀਤਾ ਗਿਆ। ਵਾਸਤਵਿਕਤਾ ਇਹ ਹੈ ਕਿ ਪਾਂਚਲੀ ਪਿੰਡ ਦੇ 80 ਗੁੱਜਰਾਂ ਨੂੰ ਫਾਂਸੀ ਅਤੇ 400 ਗੁੱਜਰਾਂ ਨੂੰ ਗੋਲੀਆਂ ਨਾਲ ਉਡਾਇਆ ਗਿਆ। ਇਨ੍ਹਾਂ ਸਾਰਿਆਂ ਦੀ ਜ਼ਮੀਨ ਜਾਇਦਾਦ ਜ਼ਬਤ ਕਰ ਲਈ ਗਈ ਸੀ ਜੋ ਦੇਸ਼ ਦੀ ਆਜ਼ਾਦੀ ਉਪਰੰਤ ਪ੍ਰਧਾਨ ਮੰਤਰੀ ਇੰਦਰਾ ਜੀ ਨੇ ਵਾਪਿਸ ਕੀਤੀ ਸੀ। ਹਾਪੁੜ ਅਤੇ ਗਾਜ਼ੀਆਬਾਦ ਇਲਾਕੇ ਵਿੱਚ ਵੀ ਗੁੱਜਰਾਂ ਦੇ ਨਾਲ ਉਹੀ ਵਰਤਾਓ ਕੀਤਾ ਗਿਆ ਸੀ ਜੋ ਮੇਰਠ ਇਲਾਕੇ ਦੇ ਗੁੱਜਰਾਂ ਨਾਲ ਕੀਤਾ ਗਿਆ ਸੀ।

ਮੇਰਠ ਜ਼ਿਲ੍ਹੇ ਦੇ ਪਿੰਡ ਬਾਘੂ ਨਿਰੋਜਪੁਰ, ਗੁੱਜਰ ਦਾ ਨਿਵਾਸੀ, ਚੌਃ ਅਚਲ ਸਿੰਘ, ਗੁੱਜਰ ਵਿਧੂੜੀ ਗੋਤ ਸੀ ਜਿਸਨੂੰ ਉਸ ਇਲਾਕੇ ਦੀ ਜਨਤਾ ਦਾਦਾ ਅਚਲੂ ਆਖ ਕੇ ਬੁਲਾਉਂਦੀ ਸੀ। ਚੌਃ ਅਚਲ ਸਿੰਘ ਜੋ ਆਪਣੇ ਕਿਸੇ ਰਿਸ਼ਤੇਦਾਰ ਦੇ ਹਿੱਸੇ ਉਪਰ ਬਾਘੂ ਨਿਰੋਜਪੁਰ ਆਕੇ ਵਸ ਗਏ ਸਨ। ਇਹ ਦਿੱਲੀ ਦੇ ਤੁਗਲਕਾਬਾਦ ਪਿੰਡ ਦੇ ਮੂਲ ਨਿਵਾਸੀ ਸਨ। ਅਚਲੂ 1800 ਵਿੱਘੇ ਦਾ ਜਿਮੀਂਦਾਰ ਸੀ। ਉਹ ਬਹੁਤ ਪ੍ਰਭਾਵਸ਼ਾਲੀ ਤੇ ਸੁਤੰਤਰਤਾ ਪ੍ਰੇਮੀ ਸੀ। ਉਸਨੇ ਬਾਗਪਤ ਵਿੱਚ ਆਲੇ ਦੁਆਲੇ ਦੇ ਗੁੱਜਰਾਂ ਦੀ ਸਭਾ ਕੀਤੀ, ਜਿਸ ਵਿੱਚ ਅੰਗਰੇਜ਼ੀ ਹਕੂਮਤ ਨੂੰ ਸਮਾਪਤ ਕਰਕੇ ਆਜਾਦ ਹੋਣ ਲਈ ਅਗਵਾਈ ਕੀਤੀ। ਦਾਦਾ ਅਚਲੂ ਦੀ ਯੋਜਨਾ ਦੀ ਸੂਚਨਾ ਅੰਗਰੇਜ਼ਾਂ ਦੇ ਪਿੱਠੂ ਤੇ ਚੁਗਲਖੋਰ ਦਲੀਪ ਸਿੰਘ ਉਰਫ ਦੂੱਲੇ ਬੜੌਤ ਨਿਵਾਸੀ ਮੁਖਬਰ ਨੇ ਦਿੱਤੀ। ਦਾਦਾ ਅਚਲੂ ਦੀ ਸਭਾ ਹੋ ਰਹੀ ਸੀ ਕਿ ਅੰਗਰੇਜ਼ ਸੈਨਾ ਤੋਪਖਾਨੇ ਨਾਲ ਬਾਗਪਤ ਪਹੁੰਚ ਗਈ। ਨਿਹੱਥੀ ਜਨਤਾ ਉਤੇ ਫਾਇਰਿੰਗ ਸ਼ੁਰੂ ਹੋ ਗਈ। ਸਹਾਮਲ ਜਾਟ ਨਿਵਾਸੀ ਬਿਜਰੌਲ ਜੋ ਅਚਲੂ ਦਾ ਪ੍ਰਮੁੱਖ ਸਾਥੀ ਸੀ ਗੋਲੀ ਚਲਦਿਆਂ ਹੀ ਭੱਜ ਗਿਆ, ਪਰ ਭੱਜਦਿਆਂ ਉਸਦੇ ਪੈਰ ਵਿੱਚ ਗੋਲੀ ਲੱਗੀ ਅਤੇ ਉਹ ਜਿਵੇਂ ਕਿਵੇਂ ਖੇਤਾਂ ਵਿੱਚ ਦੀ ਲੁਕਦਾ ਛੁਪਦਾ ਜਾਨ ਬਚਾ ਕੇ ਭੱਜ ਗਿਆ। ਬਾਅਦ ਵਿੱਚ ਉਸਦੀ ਬਿਜਰੌਲ ਵਿੱਚ ਮੌਤ ਹੋ ਗਈ। ਦਾਦਾ ਅਚਲੂ ਨੂੰ ਤੋਪ ਦੇ ਮੂੰਹ ਨਾਲ ਬੰਨ੍ਹ ਕੇ ਬਾਗਪਤ ਵਿੱਚ ਹੀ ਉਡਾਇਆ ਗਿਆ। ਦਮਨ ਚੱਕਰ ਉਪਰੰਤ ਦਾਦਾ ਅਚਲੂ ਦੀ 1800 ਵਿੱਘੇ ਜ਼ਮੀਨ ਅਤੇ ਦਾਦਾ ਅਚਲੂ ਦੇ ਦੂਜੇ ਸਾਥੀਆਂ ਦੀ ਕੁਲ 7800 ਵਿਘੇ ਜ਼ਮੀਨ ਦੂਲੇ ਦੇਸ਼ ਧਰੋਹੀ ਨੂੰ ਅੰਗਰੇਜ਼ਾਂ ਨੇ ਬਤੌਰ ਇਨਾਮ ਵਿੱਚ ਦੇ ਦਿੱਤੀ ਜੋ ਅੱਜ ਤੱਕ ਦੂਲੇ ਦੇਸ਼ ਧਰੋਹੀ ਉਰਫ ਦੂਲੇ ਬੜੌਤ ਦੇ ਪਰਿਵਾਰ ਵਾਲਿਆਂ ਪਾਸ ਹੈ। ਦਾਦਾ ਅਚਲੂ ਦੇ ਨਾਮ ਤੇ ਅੱਜ ਤੱਕ ਕੋਈ

ਸਮਾਰਕ ਜਾਂ ਯਾਦਗਾਰ ਨਾ ਸਰਕਾਰ ਨੇ ਅਤੇ ਨਾ ਹੀ ਇਲਾਕੇ ਨੇ ਬਣਾਈ ਹੈ। ਚੌ: ਸਹਾਮਲ ਦੀ ਯਾਦ ਵਿੱਚ ਬਿਜਰੌਲ ਪਿੰਡ ਵਿੱਚ ਉਸਦੇ ਨਾਮ ਦਾ ਸਮਾਰਕ ਬਣਿਆ ਹੋਇਆ ਹੈ।

ਉਧਰ ਪ੍ਰੀਕਸ਼ਤਗੜ੍ਹ ਵਿੱਚ ਰਾਵ ਕਦਮ ਸਿੰਘ ਨੇ ਤਹਿਸੀਲ ਮਵਾਨਾ ਦੇ ਇਲਾਕੇ ਵਿੱਚਲੇ ਗੁੱਜਰਾਂ ਨੂੰ ਸੰਗਠਿਤ ਕਰਕੇ ਸੁਤੰਤਰ ਰਾਜ ਦਾ ਐਲਾਨ ਕਰ ਦਿੱਤਾ, ਅੰਗਰੇਜ਼ਾਂ ਦੀਆਂ ਸੈਨਿਕ ਚੌਕੀਆਂ ਤੇ ਥਾਣਿਆਂ ਨੂੰ ਹਰਾ ਕੇ ਖਤਮ ਕਰ ਦਿੱਤਾ ਸੀ। ਸੈਮੂਆਵ ਐਂਚੀ ਆਦਿ ਪਿੰਡਾਂ ਦਾ ਇਸ ਵਿੱਚ ਬਹੁਤ ਯੋਗਦਾਨ ਸੀ। ਉਹ ਮਾਲਗੁਜ਼ਾਰੀ ਵਸੂਲ ਕਰਨ ਲੱਗਾ ਅਤੇ ਆਦੇਸ਼ ਜਾਰੀ ਕਰਨ ਲੱਗਾ ਸੀ। ਇੱਕ ਵਾਰ ਮਵਾਨਾ ਇਲਾਕੇ ਤੋਂ ਅੰਗਰੇਜ਼ਾਂ ਦੀ ਹਕੂਮਤ ਸਮਾਪਤ ਕਰ ਦਿੱਤੀ ਸੀ।

ਦਿੱਲੀ ਦੇ ਨਜ਼ਦੀਕ ਲੋਨੀ ਖੇਤਰ ਵਿੱਚ 1857 ਦੀ ਕ੍ਰਾਂਤੀ ਇਸ ਪ੍ਰਕਾਰ ਚਮਕ ਉਠੀ ਜਿਵੇਂ ਮੇਰਠ ਦੇ ਆਸ ਪਾਸ ਚਮਕੀ ਸੀ। ਕਸਾਨੇ, ਬੈਸਲੋਂ ਗੁੱਜਰਾਂ ਦਾ ਕੋਈ ਪਿੰਡ ਨਹੀਂ ਰਿਹਾ, ਜਿਸਨੇ ਇਸ ਵਿੱਚ ਸਰਗਰਮ ਹਿੱਸਾ ਨਾ ਲਿਆ ਹੋਵੇ। ਗੁੱਜਰਾਂ ਦੇ ਅਨੇਕਾਂ ਪਿੰਡ ਅੰਗਰਜ਼ਾਂ ਨੇ ਜਬਤ ਕਰ ਲਏ ਜਿਨ੍ਹਾਂ ਵਿੱਚ ਤਿਗਰੀ, ਡਗਰਪੁਰ, ਗੋਠੜਾ, ਨਗਲਾ, ਬਲੀ, ਨਿਬਾਲੀ, ਬਿਛਪੜੀ, ਕੜੌਲੀ, ਢੋਡਰਾ ਬੁਢੇੜਾ ਆਦਿ ਪ੍ਰਮੁੱਖ ਹਨ। ਸ਼ਾਹਦਰਾ ਦੇ ਨੇੜੇ ਲੋਨੀ ਦੇ ਪਾਸ ਗੜੀ ਜਾਇਸੀ ਵਿੱਚ (ਗਾਜੀਆਬਾਦ) ਦੇ ਬੋਹੜ ਦੇ ਦਰੱਖਤ ਉਤੇ ਸੌ ਸੌ ਗੁੱਜਰਾਂ ਨੂੰ ਫਾਂਸੀ ਤੇ ਲਟਕਾ ਕੇ ਅੰਗਰੇਜ਼ ਸਰਕਾਰ ਨੇ ਬਦਲਾ ਲਿਆ ਸੀ।

ਜਿਨ ਕੋ ਨ ਨਿਜ ਦੇਸ਼ ਕਾ, ਜਾਤ ਕਾ ਕੁਛ ਧਿਆਨ ਹੈ
ਵੋਹ ਨਰ ਨਹੀਂ ਪਸ਼ੂ ਨਿਰਾ, ਮਿਰਤਕ ਸਮਾਨ ਹੈ।

ਰਾਸ਼ਟਰ ਕਵੀ ਮੈਥਿਲੀ ਸ਼ਰਣ ਗੁਪਤ

# ਜ਼ਿਲ੍ਹਾ ਸਹਾਰਨਪੁਰ ਦੇ ਗੁੱਜਰ-1857

ਸਹਾਰਨਪੁਰ ਦੇ ਗੁੱਜਰਾਂ ਨੇ ਸਾਰੇ ਦੇਸ਼ ਤੋਂ 35 ਸਾਲ ਪਹਿਲਾਂ ਅੰਗਰੇਜ਼ੀ ਹਕੂਮਤ ਦਾ ਤਖਤਾ ਉਲਟਾਉਣ ਲਈ 1822 ਈਃ ਵਿੱਚ ਕ੍ਰਾਂਤੀ ਕੀਤੀ ਸੀ। ਉਸ ਕ੍ਰਾਂਤੀ ਦਾ ਪ੍ਰਮੁੱਖ ਨੇਤਾ ਚੌਃ ਵਿਜਯ ਸਿੰਘ ਸੀ। ਸਵਾਧੀਨਤਾ ਸੰਗਰਾਮ 1822-1825 ਤੱਕ ਚੱਲਿਆ ਜਿਸ ਵਿੱਚ ਗੁੱਜਰ ਕੌਮ ਨੂੰ ਵਿਸ਼ੇਸ਼ ਕਰਕੇ ਨੁਕਸਾਨ ਉਠਾਉਣਾ ਪਿਆ ਸੀ।

ਮੇਰਠ ਦੀ ਕ੍ਰਾਂਤੀ ਦੀ ਜਵਾਲਾ 1857 ਵਿੱਚ ਗੰਗੋਹ ਵਿੱਚ ਪੁੱਜੀ ਤਾਂ ਉਥੋਂ ਗੁੱਜਰਾਂ ਤੇ ਹੋਰ ਜਨਤਾ ਨੇ ਫਤੂਆ ਗੁੱਜਰ ਨੂੰ ਉਥੋਂ ਦਾ ਰਾਜਾ ਹੋਣ ਦਾ ਐਲਾਨ ਕਰ ਦਿੱਤਾ। ਇਸ ਪ੍ਰਕਾਰ ਮਣਕਪੁਰ ਵਿੱਚ ਉਥੋਂ ਦੀ ਗੁੱਜਰ ਜਨਤਾ ਨੇ ਰਾਉ ਉਮਰਾਵ ਸਿੰਘ ਗੁੱਜਰ ਨੂੰ ਰਾਜਾ ਹੋਣ ਐਲਾਨ ਕਰ ਦਿੱਤਾ। ਉਨ੍ਹਾਂ ਵੱਲੋਂ ਆਦੇਸ਼ ਜਾਰੀ ਹੋਣ ਲਗ ਪਏ ਮਾਲਗੁਜਾਰੀ ਵਸੂਲ ਹੋਣ ਲੱਗ ਪਈ। ਨਕੁੜ ਸਰਸਾਵਾ, ਮੰਗਲੋਰ, ਪੁਰਕਾਜੀ, ਬੂੜਾਖੇੜੀ, ਸੌਂਡੌਲੀ, ਰਣਧਾਵਾ, ਫਤਿਹਪੁਰ, ਬਾਬੂਪੁਰ, ਸਾਂਪਲਾ, ਗਦਰਹੇੜੀ ਆਦਿ ਪਿੰਡਾਂ ਵਿੱਚ ਅੰਗਰੇਜ਼ਾਂ ਅਤੇ ਗੁੱਜਰਾਂ ਵਿਚਕਾਰ ਨਿਰੰਤਰ ਯੁੱਧ ਹੁੰਦੇ ਰਹੇ। ਸਪਨਕੀ ਤੇ ਰਾਬਰਟਸਨ ਆਦਿ ਅੰਗਰੇਜ਼ਾਂ ਨੇ ਗੁੱਜਰਾਂ ਦੇ ਸਾਰੇ ਪਿੰਡ ਫੂਕ ਦਿੱਤੇ ਜੋ ਅੰਗਰੇਜ਼ਾਂ ਨੂੰ ਮਾਲ ਗੁਜ਼ਾਰੀ ਨਹੀਂ ਸਨ ਦਿੰਦੇ ਅਤੇ ਅੰਗਰੇਜ਼ ਹਕੂਮਤ ਦੇ ਵਿਰੁੱਧ ਲੜੇ ਸਨ। ਗੁੱਜਰਾਂ ਨੂੰ ਰੰਘੜ ਮੁਸਲਮਾਨ ਤੇ ਪੁੰਡੀਰ ਬਰਾਬਰ ਸਾਥ ਦਿੰਦੇ ਰਹੇ। ਉਨ੍ਹਾਂ ਨਾਲ ਵੀ ਅੰਗਰੇਜ਼ਾਂ ਨੇ ਗੁੱਜਰਾਂ ਵਾਂਗ ਸਲੂਕ ਕੀਤਾ।

ਸਹਾਰਨਪੁਰ ਗਜਟੀਅਰ ਲਿਖਦਾ ਹੈ "ਜਿਤਨੀ ਰਾਜਨੀਤਿਕ ਉਨਤੀ ਤੇ ਭੂਮੀ ਅਧਿਕਾਰ ਮੁਗਲ ਪਤਨ ਕਾਲ ਵਿੱਚ ਦੁਆਬੇ ਵਿੱਚ ਗੁੱਜਰਾਂ ਨੇ ਵਧਾਇਆ ਸੀ ਉਤਨਾ ਕਿਸੇ ਹੋਰ ਜਾਤੀ ਨੇ ਨਹੀਂ ਵਧਾਇਆ।" ਇਹ ਠੀਕ ਵੀ ਹੈ ਕਿ ਉਧਰ ਮੁਗਲਾਂ ਦਾ ਪਤਨ ਹੁੰਦਾ ਜਾ ਰਿਹਾ ਸੀ ਅਤੇ ਗੁੱਜਰ ਆਪਣੀ ਰਾਜਨੀਤਿਕ ਸ਼ਕਤੀ ਵਧਾਉਣ ਵਿੱਚ ਲੱਗੇ ਹੋਏ ਸਨ। ਉਦਾਹਰਣ ਦੇ ਤੌਰ ਤੇ ਦਤੀਆ ਨਰੇਸ਼ ਨੇ ਸ਼ਮਸ਼ੇਰਗੜ੍ਹ ਦਾ ਕਿਲ੍ਹਾ ਤੇ ਪੰਜ ਪਿੰਡ ਨੈਨੇਸ਼ਾਹ ਨੂੰ ਜੋ ਦਤੀਆ ਨਰੇਸ਼ ਦੇ

ਸੈਨਾਪਤੀ ਸੀ ਰਾਜ ਅਧਿਕਾਰ ਲਈ ਦੇ ਦਿੱਤੇ। ਨੌਨੇਸ਼ਾਹ ਦਾ ਪੁੱਤਰ ਮਦਨ ਸਿੰਘ ਦੇ ਪੁੱਤਰ ਦੇਵੀ ਸਿੰਘ ਨੇ ਇਸਦਾ ਵਿਸਤਾਰ 450 ਮੀਲ ਕਰ ਲਿਆ ਸੀ। ਜੋ ਸਮਥਰ ਰਾਜ ਕਹਿਲਾਉਂਦਾ ਹੈ। ਇਸੇ ਪ੍ਰਕਾਰ ਲੰਢੌਰਾ ਰਾਜ ਨੂੰ ਔਰੰਗਜੇਬ 600 ਪਿੰਡਾਂ ਦਾ ਰਾਜਾ ਮੰਨਦਾ ਸੀ। ਪ੍ਰੰਤੂ ਮੁਗਲ ਸਮਰਾਟ ਮੁਹੰਮਦ ਸ਼ਾਹ ਦੇ ਸਮੇਂ ਇਸ ਰਾਜ ਦਾ ਵਿਸਥਾਰ 1200 ਪਿੰਡਾਂ ਤੱਕ ਹੋ ਗਿਆ ਸੀ। ਜਿਸਨੂੰ ਮੁਗਲ ਸਮਰਾਟ ਨੇ ਮਾਨਤਾ ਦੇਣਾ ਉਚਿਤ ਸਮਝਿਆ। ਇਸੇ ਪ੍ਰਕਾਰ ਪ੍ਰੀਕਸ਼ਤ ਗੜ੍ਹ ਦਾ ਰਾਜ ਰਾਵ ਜੈਤ ਸਿੰਘ ਨਾਂਗੜੀ ਨੇ ਆਪਣੀ ਬਹਾਦਰੀ ਅਤੇ ਬਾਹੂਬਲ ਨਾਲ ਬਣਾਇਆ ਅਤੇ 350 ਪਿੰਡਾਂ ਦਾ ਰਾਜਾ ਉਸਨੂੰ ਮੁਗਲ ਸਮਰਾਟ ਨੇ ਮਜਬੂਰ ਹੋਕੇ ਮੰਨਿਆਂ ਸੀ। ਭਾਟੀ ਰਾਜਾ ਕਾਸ਼ਨ ਦੇਵ ਨੇ ਕਾਸਨਾ ਵਿੱਚ ਆਪਣਾ ਰਾਜ ਆਪਣੇ ਬਾਹੂਬਲ ਨਾਲ ਬਣਾਇਆ ਸੀ।

ਮੁਗਲਾਂ ਦੇ ਪ੍ਰਭਾਵ ਹੋਣ ਤੇ ਰਾਵ ਦਰਗਾਈ ਸਿੰਘ ਨੇ ਗਾਜੀਆਬਾਦ ਤੋਂ ਦਨਕੌਰ ਤੱਕ ਰਾਜ ਕਾਇਮ ਕਰ ਲਿਆ ਸੀ। ਅੰਗਰੇਜ਼ਾਂ ਦੀਆ ਅੱਖਾਂ ਵਿੱਚ ਗੁੱਜਰਾਂ ਦਾ ਸ਼ਕਤੀਸ਼ਾਲੀ ਹੋਣਾ ਰੜਕਦਾ ਸੀ। ਕਿਉਂਕਿ ਉਹ 1822-1825 ਤੱਕ ਗੁੱਜਰਾਂ ਦੇ ਜੌਹਰ ਦੇਖ ਚੁੱਕੇ ਸਨ ਅਤੇ ਹੁਣ ਮੁੜਕੇ 1857 ਵਿੱਚ ਵੀ ਅੰਗਰੇਜ਼ਾਂ ਦੀ ਦੁਰਗਤੀ ਉਸ ਨਾਲੋਂ ਜ਼ਿਆਦਾ ਗੁੱਜਰਾਂ ਨੇ ਹੀ ਕੀਤੀ ਸੀ। ਇਹ ਗੱਲ ਅੰਗਰੇਜ਼ਾਂ ਨੇ ਆਪ ਵੀ ਮੰਨੀ ਹੈ।

ਮੁਜਫਰਨਗਰ, ਮੁਰਾਦਾਬਾਦ, ਬਿਜਨੌਰ ਦੇ ਗੁੱਜਰ ਹੋਰ ਗੁੱਜਰਾਂ ਵਾਂਗ ਜੀ ਜਾਨ ਨਾਲ ਅੰਗਰੇਜ਼ਾਂ ਨਾਲ ਲੜੇ ਸਨ। ਮੁਰਾਦਾਬਾਦ ਤਹਿਸੀਲ ਵਿੱਚ ਹਸਨਪੁਰ ਫੂਲਪੁਰ ਆਦਿ ਬਹੁਤ ਸਾਰੇ ਪਿੰਡ ਅੰਗਰੇਜ਼ਾਂ ਨੇ ਗੁੱਜਰਾਂ ਦੀ ਜ਼ਮੀਨ, ਜਾਇਦਾਦ ਜਬਤ ਕਰਕੇ ਆਪਣੇ ਚਹੇਤਿਆਂ ਨੂੰ ਬਤੌਰ ਇਨਾਮ ਦੀ ਦਿੱਤੀ ਸੀ। ਬਿਜਨੌਰ ਇਲਾਕੇ ਵਿੱਚ ਕਦਮ ਸਿੰਘ ਤੇ ਦੁਲਾਲ ਸਿੰਘ ਬਾਗੀਆਂ ਦੀ ਕਮਾਂਡ ਕਰ ਰਹੇ ਸਨ।

# ਜ਼ਿਲ੍ਹਾ ਬੁਲੰਦ ਸ਼ਹਿਰ ਦੇ ਗੁੱਜਰ - 1857

ਜ਼ਿਲ੍ਹਾ ਬੁਲੰਦ ਸ਼ਹਿਰ ਦੇ ਗੁੱਜਰ ਵੀ 1857 ਦੇ ਸਵਾਧੀਨਤਾ ਸੰਗਰਾਮ ਵਿੱਚ ਹੋਰ ਗੁੱਜਰਾਂ ਦੀ ਤਰ੍ਹਾਂ ਅੰਗਰੇਜ਼ਾਂ ਨਾਲ ਲੜੇ ਸਨ। ਭਾਟੀ ਨਾਂਗੜੀ ਤੇ ਹੋਰ ਗੁੱਜਰਾਂ ਦੀਆਂ ਖਾਪਾਂ ਦੇ ਆਗੂਆਂ ਨੇ ਬਗਾਵਤ ਦਾ ਝੰਡਾ ਬੁਲੰਦ ਕੀਤਾ। ਦਾਦਰੀ ਦੇ ਨੇੜੇ ਪਿੰਡ ਕਟੈਹੜਾ ਦੇ ਰਾਵ ਉਮਰਾਵ ਸਿੰਘ ਭਾਟੀ ਗੁੱਜਰ ਜਿਸਦਾ ਦਾਦਰੀ ਦਾ ਰਾਜ ਜਬਤ ਕਰਕੇ ਪੈਨਸ਼ਨ ਦੇ ਰੱਖੀ ਸੀ ਉਸਨੂੰ ਦੇਸ਼ ਭਗਤ ਗੁੱਜਰ ਬਾਗੀਆਂ ਨੇ ਮੁੜ ਆਪਣਾ ਰਾਜਾ ਹੋਣ ਦਾ ਐਲਾਨ ਕਰ ਦਿੱਤਾ। ਰਾਵ ਉਮਰਾਵ ਸਿੰਘ ਨੇ ਅੰਗਰੇਜ਼ਾਂ ਦਾ ਦਿੱਤਾ ਹੋਇਆ ਰਾਜਾ ਦਾ ਖਿਤਾਬ ਵਾਪਿਸ ਕਰ ਦਿੱਤਾ ਅਤੇ ਪੈਨਸ਼ਨ ਵੀ ਛੱਡ ਦਿੱਤੀ। ਉਸਦਾ ਹੁਕਮ ਚਲਣ ਲੱਗਿਆ ਅਤੇ ਮਾਲਗੁਜ਼ਾਰੀ ਵੀ ਉਸਨੂੰ ਮਿਲਣ ਲੱਗੀ। ਰਾਵ ਉਮਰਾਵ ਸਿੰਘ ਗੁੱਜਰ ਦੀ ਅਗਵਾਈ ਵਿੱਚ 1857 ਵਿੱਚ ਬੁਲੰਦ ਸ਼ਹਿਰ ਦੀ ਜੇਲ ਤੋੜ ਦਿੱਤੀ। ਥਾਣੇ ਕਚਹਿਰੀ ਸਾੜਕੇ ਸੁਆਹ ਕਰ ਦਿੱਤੀ ਗਈ।

ਦਾਦਰੀ ਤੋਂ ਅੱਗੇ ਮਾਲਾਗੜ੍ਹ (ਸਿਕੰਦਰਾਬਾਦ ਦੇ ਨੇੜੇ) ਦੇ ਕਿਲ੍ਹੇ ਦਾ ਸੁਆਮੀ ਵਲੀਦਾਦ ਖਾਂ ਪਠਾਣ ਸੀ। ਨੰਦਵਾਸੀਆਂ ਤੇ ਕਪਾਸੀਆ ਗੋਤ ਦੇ ਗੁੱਜਰ ਵਲੀਦਾਦ ਖਾਂ ਪਠਾਣ ਦੀ ਮਦਦ ਕਰ ਰਹੇ ਸਨ। ਮਹਾਤਮਾ ਗਾਂਧੀ ਦੀ ਅਗਵਾਈ ਵਿੱਚ ਲੜੇ ਗਏ ਸੁਤੰਤਰਤਾ ਸੰਗਰਾਮ ਦੇ ਮਹਾਨ ਸੈਨਾਨੀ ਤੇ ਕ੍ਰਾਂਤੀਕਾਰੀ ਗੁੱਜਰ ਵਿਜਯ ਸਿੰਘ ਪਥਿਕ ਦੇ ਦਾਦਾ ਚੌ: ਇੰਦਰ ਸਿੰਘ ਮਾਲਾਗੜ੍ਹ ਕਿਲ੍ਹੇ ਦੇ ਵਲੀਦਾਦ ਖਾਂ ਪਠਾਣ ਦੇ ਸੈਨਾਪਤੀ ਸਨ। ਵਿਜਯ ਸਿੰਘ ਪਥਿਕ ਦੇ ਪਿਤਾ ਹਮੀਰ ਸਿੰਘ ਗੁੱਜਰ ਦਾ ਸਵਰਗਵਾਸ 1857 ਦੀ ਕ੍ਰਾਂਤੀ ਵਿੱਚ ਹੋ ਗਿਆ ਸੀ। ਉਸਦੀ ਮਾਂ ਕੇਵਲ ਕੁੰਵਰ ਬਹੁਤ ਵੱਡੀ ਵੀਰਾਂਗਨਾ ਸੀ ਉਸਨੇ ਕਿਤਨੇ ਹੀ ਅੰਗਰੇਜ਼ਾਂ ਨੂੰ ਸਵਾਧੀਨਤਾ ਸੰਗਰਾਮ ਵਿੱਚ ਬੰਦੀ ਬਣਾਇਆ ਸੀ।

ਉਹ ਆਪਣੇ ਬੇਟੇ ਭੂਪ ਸਿੰਘ ਨੂੰ ਜੋ ਬਾਅਦ ਵਿੱਚ ਵਿਜਯ ਸਿੰਘ ਪਥਿਕ ਦੇ ਨਾਮ ਨਾਲ ਪ੍ਰਸਿੱਧ ਹੋਏ 1857 ਦੀਆਂ ਵੀਰ ਗਾਥਾਵਾਂ ਸੁਣਾਇਆ ਕਰਦੀ ਸੀ। ਇਨ੍ਹਾਂ ਵੀਰ ਗਾਥਾਵਾਂ ਨੇ ਬਾਲਕ ਭੂਪ ਸਿੰਘ ਨੂੰ ਰਾਜਸਥਾਨ ਦੇ ਬਿਜੌਲੀਆ ਸੱਤਿਆਗ੍ਰਹਿ ਦਾ ਮਹਾਨ ਕ੍ਰਾਂਤੀਕਾਰੀ ਨੇਤਾ ਬਣਾਇਆ ਸੀ। 1857 ਦੇ ਦਮਨ ਚੱਕਰ ਕਾਰਨ ਇਨ੍ਹਾਂ ਦਾ ਪਿੰਡ ਗੁਠਾਵਲੀ ਕਲਾਂ, ਅਖਤਿਆਰ ਪੁਰ, ਕਨਾਰਸੀ

ਇਕਲਾ, ਇਨਾਇਤਪੁਰ ਮਾਲਾਗੜ੍ਹ ਆਦਿ ਅੰਗਰੇਜ਼ਾਂ ਨੇ ਜਬਤ ਕਰਕੇ ਆਪਣੇ ਵਫਾਦਾਰਾਂ ਨੂੰ ਬਤੌਰ ਜਾਗੀਰ ਦੇ ਦਿੱਤੇ ਸਨ ਅਤੇ ਇਨ੍ਹਾਂ ਦੇ ਪਰਿਵਾਰ ਨੂੰ ਕਰੂਰ ਤਸੀਹਿਆਂ ਦਾ ਸਾਹਮਣਾ ਕਰਨਾ ਪਿਆ। ਏਥੋਂ ਤੱਕ ਕਿ ਆਪਣੇ ਪੜੌਸੀ ਰਾਜ ਧੌਲਪੁਰ ਤੇ ਗਵਾਲੀਅਰ ਵਿੱਚ ਦੇਸ਼ ਨਿਕਾਲੇ ਦੇ ਦਿਨ ਗੁਜਾਰਨੇ ਪਏ ਸਨ। ਇਸ ਪ੍ਰਕਾਰ ਪਥਿਕ ਜੀ ਦੇ ਖ਼ੂਨ ਵਿੱਚ ਅੰਗਰੇਜ਼ਾਂ ਨਾਲ ਲੜਨ ਦੇ ਸੰਸਕਾਰ ਵਿਰਾਸਤ ਵਿੱਚ ਮਿਲੇ ਸਨ। ਵਿਜਯ ਸਿੰਘ  ਪਥਿਕ ਦੀ ਅਗਵਾਈ ਵਿੱਚ ਰਾਜਸਥਾਨ ਦੇ ਕਿਸਾਨ ਸੱਤਿਆਗ੍ਰਹਿ ਬਿਜੌਲੀਆ ਦੀ ਗੂੰਜ ਬ੍ਰਿਟਿਸ਼ ਪਾਰਲੀਮੈਂਟ ਤੱਕ ਪਹੁੰਚ ਗਈ ਸੀ। ਬਿਜੌਲੀਆ ਸੱਤਿਆਗ੍ਰਹਿ ਇਤਨਾ ਹੀ ਮਹੱਤਵਪੂਰਨ ਸੀ ਜਿਤਨਾ ਗੁਜਰਾਤ ਦਾ ਬਾਰਦੌਲੀ ਦਾ ਕਿਸਾਨ ਸੱਤਿਆਗ੍ਰਹਿ ਜੋ ਸਰਦਾਰ ਵੱਲਭ ਭਾਈ ਪਟੇਲ ਗੁੱਜਰ ਦੀ ਅਗਵਾਈ ਵਿੱਚ ਚੱਲਿਆ ਸੀ। ਗੁਜਰਾਤ ਵਿੱਚ 1857 ਦੇ ਸਵਾਧੀਨਤਾ ਸੰਗਰਾਮ ਦੀ ਅਗਵਾਈ ਸਰਦਾਰ ਵੱਲਭ ਭਾਈ ਪਟੇਲ ਦੇ ਪਿਤਾ ਝਵੇਰ ਭਾਈ ਪਟੇਲ ਨੇ ਕੀਤੀ ਸੀ।

ਵਿਜਯ ਸਿੰਘ ਪਥਿਕ ਨੇ ਆਪਣੀਆਂ ਯਾਦਾਂ ਵਿੱਚ 1857 ਦੇ ਬਾਰੇ ਵਿੱਚ ਲਿਖਿਆ ਹੈ ਕਿ ਮਾਲਾਗੜ ਦੇ ਪਤਨ ਤੋਂ ਬਾਅਦ ਉਹੀ ਅੱਤਿਆਚਾਰ ਉਥੇ ਵੀ ਸ਼ੁਰੂ ਹੋ ਗਏ ਜੋ ਹੋਰ ਥਾਂਵਾਂ ਤੇ ਹੋਏ ਸਨ। ਗੁੱਜਰਾਂ ਤੇ ਅੰਗਰੇਜ਼ਾਂ ਨੂੰ ਸਭ ਤੋਂ ਜ਼ਿਆਦਾ ਗੁੱਸਾ ਸੀ, ਕਿਉਂਕਿ ਉਨ੍ਹਾਂ ਦੇ ਨੇਤਾ ਅੰਗਰੇਜ਼ਾਂ ਦੇ ਕਿਸੇ ਵੀ ਲਾਲਚ ਵਿੱਚ ਨਾ ਆਏ ਬਲਕਿ ਹਰ ਇੱਕ ਪਿੰਡ ਵਿੱਚ ਹਾਰ ਤੋਂ ਬਾਅਦ ਵੀ ਉਹਨਾਂ ਨੇ ਜਗ੍ਹਾ ਜਗ੍ਹਾ ਮੁਕਾਬਲਾ ਜਾਰੀ ਰੱਖਿਆ। ਇਸ ਦਮਨ ਦੇ ਫਲਸਰੂਪ ਇੱਕ ਵਾਰ ਇਹ ਸਾਰਾ ਇਲਾਕਾ ਉਜੜਿਆ ਸੀ। ਮਹੀਨਿਆਂ ਤੱਕ ਮਾਲਾਗੜ੍ਹ ਉਸਦੇ ਨੇਤਾ ਇੰਦਰ ਸਿੰਘ ਅਤੇ ਦੂਸਰੇ ਪਿੰਡਾਂ ਦੇ ਆਗੂਆਂ ਦੀਆਂ ਬਹਾਦਰੀ ਦੀਆਂ ਕਹਾਣੀਆਂ ਨਾਲ ਉਹ ਪ੍ਰਦੇਸ਼ ਗੂੰਜਦਾ ਰਿਹਾ। ਰਾਜਪੂਤ ਅਤੇ ਜੱਟਾਂ ਨੂੰ ਛੱਡਕੇ ਹੋਰ ਸਭ ਜਾਤਾਂ ਨੇ ਵੀਰਤਾ ਅਤੇ ਦੇਸ਼ ਭਗਤੀ ਵਿਖਾਉਣ ਲਈ ਹੋੜ ਲੱਗੀ ਹੋਈ ਸੀ। ਫੇਰ ਵੀ ਅੰਗਰੇਜ਼ਾਂ ਲਈ ਸਿਰਫ਼ ਗੁੱਜਰਾਂ ਅਤੇ ਰੰਘੜਾਂ (ਦੇਸੀ ਮੁਸਲਿਆ) ਨੂੰ ਹੀ ਆਪਣਾ ਦੁਸ਼ਮਨ ਐਲਾਨਿਆ। ਮਾਲਾਗੜ ਦਾ ਕਿਲ੍ਹਾ ਅੰਗਰੇਜ਼ਾਂ ਨੇ ਭਾਰੀ ਤੋਪਖਾਨੇ ਨਾਲ ਉਡਾਇਆ ਸੀ। ਵੈਸੇ ਇੱਕ ਮਹੀਨੇ ਤੱਕ ਅੰਗਰੇਜ਼ਾਂ ਨੂੰ ਮਾਲਾਗੜ੍ਹ ਤਕ ਪਹੁੰਚਣ ਦੀ ਹਿੰਮਤ ਨਹੀਂ ਸੀ ਹੋਈ।

ਮਾਲਾਗੜ੍ਹ ਛੋਟਾ ਸਾ ਗਾਂਵ ਬਹਿਦੇ (ਕ੍ਰਾਂਤੀ) ਮੇ ਹੋ ਗਿਆ ਸਰਨਾਮ
ਛੋਟੀ ਮੰਡੀ ਕਿਲ੍ਹਾ ਬਨਾਇਆ, ਅੰਗਰੇਜ਼ਾਂ  ਸੇ ਬਾਦ ਸੰਗਰਾਮ ਬੜਾਇਆ।
—ਪਥਿਕ ਦੀ ਮਸ਼ਹੂਰ ਕਵਿਤਾ

# ਭਾਗ ਦੂਜਾ

## 1857 ਦੇ ਗੁੱਜਰ ਸ਼ਹੀਦ

ਪਥਿਕ ਜੀ ਦਾ ਇਹ ਕਥਨ ਸੱਚਾ ਹੈ ਕਿ ਰੰਘੜ ਦੇਸੀ ਮੁਸਲਮਾਨਾਂ ਅਤੇ ਗੁੱਜਰਾਂ ਨੂੰ ਹੀ ਅੰਗਰੇਜ਼ਾਂ ਨੇ ਆਪਣਾ ਦੁਸ਼ਮਣ ਐਲਾਨਿਆ ਸੀ। ਬੈਮੋਇਰ ਆਫ ਜ਼ਿਲ੍ਹਾ ਬੁਲੰਦ ਸ਼ਹਿਰ ਗਜਟੀਅਰ ਵਿੱਚ ਸਪਸ਼ਟ ਲਿਖਿਆ ਹੋਇਆ ਹੈ, "ਤਮਾਮ ਗਦਰ ਦੇ ਦਿਨਾਂ ਵਿੱਚ ਜਾਟ ਭਗਤ ਤੇ ਵਫਾਦਾਰ ਅੰਗਰੇਜ਼ ਨਾਲ ਰਹੇ ਅਤੇ ਗੁੱਜਰ ਅਤੇ ਰੰਘੜ ਵਿਦਰੋਹੀ ਰਹੇ।

ਗੁੱਜਰ ਅਤੇ ਮੁਸਲਮਾਨਾਂ ਦਾ ਅੰਗਰੇਜ਼ ਵਿਰੋਧੀ ਹੋਣਾ ਸੁਭਾਵਿਕ ਹੀ ਸੀ। ਗੁੱਜਰਾਂ ਨੇ ਸਭ ਤੋਂ ਪਹਿਲਾਂ 1822 ਵਿੱਚ ਅੰਗਰੇਜ਼ਾਂ ਨੂੰ ਭਾਰਤ ਵਿੱਚੋਂ ਉਖੇੜਨਾ ਚਾਹਿਆ ਲੇਕਿਨ ਸਫਲਤਾ ਨਾ ਮਿਲ ਸਕੀ। ਸਨ 1825 ਵਿੱਚ ਅੰਗਰੇਜ਼ਾਂ ਨੇ ਗੁੱਜਰਾਂ ਨੂੰ ਜਿਤਨੀ ਬੁਰੀ ਤਰ੍ਹਾਂ ਕੁਚਲਿਆ ਬਰਬਾਦ ਕੀਤਾ ਉਹ ਉਸਨੂੰ ਭੁੱਲੇ ਨਹੀਂ ਸਨ। ਮੁਸਲਮਾਨਾਂ ਦੀ ਅਜੇ ਤਾਜ਼ਾ ਤਾਜ਼ਾ ਰਾਜ ਸੱਤਾ ਅੰਗਰੇਗ਼ਾ ਦੇ ਹੱਥ ਆਈ ਸੀ। ਅੰਤਿਮ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਲਾਲ ਕਿਲ੍ਹੇ ਵਿੱਚ ਕੈਦੀ ਵਾਂਗ ਸੀ। ਜਿੱਥੇ ਜਿੱਥੇ ਮੁਸਲਮਾਨ ਆਬਾਦੀ ਗੁੱਜਰਾਂ ਦੇ ਪਿੰਡਾਂ ਜਾਂ ਨੇੜੇ ਸੀ ਉਹ ਸਾਰੇ ਮੁਸਲਮਾਨ ਅਤੇ ਰੰਘੜ ਅੰਗਰੇਜ਼ਾਂ ਵਿਰੁੱਧ ਲੜੇ ਸਨ। ਮੇਰੀ ਮਾਨਤਾ ਹੈ ਕਿ ਜੋ ਮੁਸਲਮਾਨ ਕਦੇ ਭਾਰਤ ਵਿੱਚ ਹਮਲਾਵਰ ਹੋਕੇ ਆਏ ਸਨ, ਉਹ ਸਹੀ ਮਾਅਨਿਆਂ ਵਿੱਚ 1857 ਵਿੱਚ ਭਾਰਤੀ ਬਣਕੇ ਅੰਗਰੇਜ਼ਾਂ ਦੇ ਖਿਲਾਫ ਲੜੇ ਅਤੇ ਉਹਨਾਂ ਨੇ ਸਾਬਤ ਕਰ ਦਿੱਤਾ ਕਿ, "ਮੈਂ ਭਾਰਤ ਨੂੰ ਲੁੱਟਣ ਅਤੇ ਉਜਾੜਨ ਲਈ ਇੱਥੇ ਨਹੀਂ ਆਇਆ ਹਾਂ।" ਬਲਕਿ ਭਾਰਤ ਨੂੰ ਆਪਣਾ ਵਤਨ ਤੇ ਘਰ ਬਣਾਉਣ ਆਇਆ ਹਾਂ। ਮੁਸਲਮਾਨ ਅਤੇ ਰੰਘੜ ਬਾਬਰ ਦੇ ਇਸ ਫਰਮਾਨ ਉੱਤੇ ਪੂਰੇ ਉਤਰੇ ਸਨ। ਉਹ ਅੰਗਰੇਜ਼ਾਂ ਦੇ ਖਿਲਾਫ ਰਹੇ ਅਤੇ ਭਾਰਤ ਨੂੰ ਆਪਣਾ ਵਤਨ ਸਮਝ ਕੇ ਇਸਨੂੰ ਵਿਦੇਸ਼ੀ ਗੁਲਾਮੀ ਤੋਂ ਛੁਟਕਾਰਾ ਦਵਾਉਣ ਲਈ ਭੁੱਖੇ ਬਾਜ਼ ਦੀ ਤਰ੍ਹਾਂ ਗੁੱਜਰਾਂ ਦੇ ਨਾਲ ਅੰਗਰੇਜ਼ਾਂ ਵਿਰੁੱਧ ਲੜੇ ਸਨ। ਆਮ ਮੁਸਲਿਮ ਜਨਤਾ ਤੇ ਰੰਘੜ ਹੀਂ ਨਹੀਂ, ਜਿੱਥੇ ਜਿੱਥੇ ਵੀ ਮੁਸਲਮਾਨ ਖਾਨ, ਪਠਾਣ, ਕਨਰਸਾ ਦੇ ਪਠਾਣ ਨਵਾਬ, ਝੱਜਰ ਦੇ ਨਵਾਬ ਅਬਦੁਰ ਰਹਿਮਾਨ ਖਾ, ਅਤੇ ਉਨ੍ਹਾਂ ਦੇ ਦਮਾਦ ਜਨਰਲ ਸਮਦ ਖਾਂ ਅਤੇ ਹਿਸਾਰ ਦੇ ਸ਼ਹਿਜ਼ਾਦਾ ਆਜਮ, ਬਹਾਦਰਗੜ੍ਹ ਦੇ ਨਵਾਬ ਜੰਗ ਖਾਂ, ਫਰਖੂਨਗਰ

ਦੇ ਨਵਾਬ ਅਹਿਮਦ ਅਲੀ, ਨਾਨਾ ਸਾਹਿਬ ਦੇ ਮੰਤਰੀ ਅਜੀ ਗੁੱਲਾ ਖਾਂ, ਅਵਧ ਦੇ ਨਵਾਬ ਵਾਜਿਦ ਅਲੀ ਸ਼ਾਹ, ਰੋਹਤਕ ਦੇ ਬਾਬਰ ਖਾਂ, ਦਾਦਰੀ ਦੇ ਨਵਾਬ ਆਦਿ ਅਤੇ ਉਸਦੇ ਸਾਥੀ ਅਲੀ ਖਾਂ ਤੇ ਬੇਗਮ ਹਜ਼ਰਤ ਮਹਲ ਤੇ ਭਰਤਪੁਰ, ਅਲਵਰ ਅਤੇ ਗੁੜਗਾਵਾਂ ਦੀ ਮੇਵ ਜਨਤਾ ਵਗੈਰਾ ਅੰਗਰਜ਼ਾਂ ਦੇ ਵਿਰੁਧ ਸਨ ਜਿਵੇਂ ਗੁੱਜਰ ਕੌਮ ਸੀ। ਇਸੇ ਲਈ ਉਹ ਵੀ ਗੁੱਜਰਾਂ ਦੀ ਤਰ੍ਹਾਂ ਅੰਗਰੇਜ਼ਾਂ ਦੀ ਅੱਖ ਦੇ ਕੰਡੇ ਸਨ। ਇਸੇ ਲਈ ਅੰਗਰੇਜ਼ ਲੇਖਕਾਂ ਨੇ ਵਾਰ-ਵਾਰ ਹਰ ਮੌਕੇ ਤੇ ਗੁੱਜਰ ਅਤੇ ਰੰਘੜ ਮੁਸਲਮਾਨਾਂ ਦਾ ਜਿਕਰ ਕੀਤਾ ਹੈ।

ਜ਼ਿਲ੍ਹਾ ਬੁਲੰਦ ਸ਼ਹਿਰ ਵਿੱਚ ਕਸਬਾ ਬਿਲਾਸਪੁਰ ਰੌਸੇ ਗੋਤਰ ਦੇ ਗੁੱਜਰਾਂ ਦਾ ਪਿੰਡ ਸ਼ਰਕਪੁਰ ਦੇ ਚੌਧਰੀ ਸੋਲਹੂ ਸਿੰਘ ਪੂਰੇ ਪਿੰਡ ਦੇ ਜ਼ਿਮੀਂਦਾਰ ਸਨ। ਸੋਲਹੂ ਸਿੰਘ ਦੇ ਚਾਰ ਬੇਟੇ ਰਾਮ ਦਯਾਲ ਸਿੰਘ, ਹਰਦਿਆਲ ਸਿੰਘ, ਨਿਰਮਲ ਸਿੰਘ ਤੇ ਗੰਗਾ ਬਖਸ਼ ਸਨ। ਰਾਮ ਦਯਾਲ ਸਿੰਘ, ਹਰਦਿਆਲ ਸਿੰਘ ਤੇ ਨਿਰਮਲ ਸਿੰਘ ਨੂੰ ਬੁਲੰਦ ਸ਼ਹਿਰ ਕਾਲਾ ਅੰਬ ਉਤੇ 1857 ਵਿੱਚ ਫਾਂਸੀ ਦਿੱਤੀ ਗਈ ਸੀ। ਰਾਮ ਦਯਾਲ ਸਿੰਘ ਦਾ ਇੱਕ ਲੜਕਾ 17 ਸਾਲ ਦਾ ਸੀ ਜਿਸਦਾ ਨਾਮ ਸ਼ਮਸ਼ੇਰ ਸਿੰਘ ਸੀ। ਸ਼ਮਸ਼ੇਰ ਸਿੰਘ ਦੇ ਇੱਕ ਲੜਕਾ ਬਲਵੰਤ ਸਿੰਘ ਅਤੇ ਬਲਵੰਤ ਸਿੰਘ ਦੇ ਪੰਜ ਲੜਕੇ ਹੋਏ। ਨੈਪਾਲ ਸਿੰਘ, ਅਜਯਪਾਲ ਸਿੰਘ, ਧਨਪਾਲ ਸਿੰਘ, ਮਹੀਪਾਲ ਸਿੰਘ ਅਤੇ ਕਿਰਨਪਾਲ ਸਿੰਘ। ਹਰਦਿਆਲ ਸਿੰਘ ਦੇ ਦੋ ਲੜਕੇ ਜੁਝਾਰ ਸਿੰਘ ਤੇ ਨੰਦ ਰਾਮ ਜਿਨ੍ਹਾਂ ਦਾ ਵੰਸ਼ਜ ਜੀਤ ਸਿੰਘ ਤੇ ਵਿੰਦਾ ਸਨ। ਨਿਰਮਲ ਸਿੰਘ ਸੰਤਾਨਹੀਨ ਸੀ। ਗੰਗਾ ਬਖਸ਼ ਦੇ ਨਾਂ 8 ਵਿਸਵਾ ਜ਼ਮੀਨ ਬਚੀ ਰਹੀ ਜੋ 800 ਵਿੱਘਾ ਸੀ। ਤਿੰਨੇ ਭਰਾਵਾਂ ਰਾਮ ਦਯਾਲ, ਹਰਦਿਆਲ ਸਿੰਘ ਤੇ ਨਿਰਮਲ ਸਿੰਘ ਨੂੰ ਬਗਾਵਤ ਕਰਨ ਦੇ ਦੋਸ਼ ਲਾਕੇ ਫਾਂਸੀ ਦਿੱਤੀ ਗਈ, ਉਨ੍ਹਾਂ ਦੀ 12 ਵਿਸਵੇ ਜਾਇਦਾਦ ਸ਼ਰਕਪੁਰ ਦੀ 7 ਖੱਤੀ ਅਨਾਜ, ਪਸ਼ੂ ਮਕਾਨ ਆਦਿ ਜਬਤ ਕਰਕੇ ਨਿਲਾਮ ਕਰ ਦਿੱਤੇ ਗਏ। ਇਸ ਨਾਲ ਵੀ ਅੰਗਰੇਜ਼ਾਂ ਨੂੰ ਸਬਰ ਨਹੀਂ ਹੋਇਆ। ਅੰਗਰੇਜ਼ੀ ਸਰਕਾਰ ਦਾ ਆਦੇਸ਼ ਸੀ, "ਇਨ੍ਹਾਂ ਦੇ ਬੱਚੇ ਤੇ ਇਸਤਰੀ 7 ਸਾਲ ਤੱਕ ਕਿਸੇ ਦੀ ਜ਼ਮੀਨ ਲੈਕੇ ਵੀ ਖੇਤੀ ਨਹੀਂ ਕਰ ਸਕਦੇ।" ਜੋ ਸ਼ਹੀਦ ਆਪਣੇ ਦੇਸ਼ ਦੀ ਆਜ਼ਾਦੀ ਲਈ ਫਾਂਸੀ ਦੇ ਰੱਸੇ ਨੂੰ ਹੱਸਦੇ ਹੱਸਦੇ ਚੁੰਮ ਕੇ ਲਟਕ ਗਏ ਉਨ੍ਹਾਂ ਦੀ ਸੰਤਾਨ ਅਤੇ ਇਸਤਰੀ ਤੱਕ ਆਪਣੇ ਗੁਜ਼ਾਰੇ ਲਈ ਖੇਤੀ ਤੱਕ ਨਹੀਂ ਕਰ ਸਕਦੀ, ਇਹ ਅਨਿਆਂ ਤਾਂ ਉਨ੍ਹਾਂ ਦੀ ਹਕੂਮਤ ਦੇ ਨਾਸ਼ ਦਾ ਕਾਰਣ ਬਣਿਆ।

ਇਨ੍ਹਾਂ ਰੌਸੇ ਗੁੱਜਰਾਂ ਨੇ ਰਾਮ ਦਯਾਲ ਦੀ ਅਗਵਾਈ ਵਿੱਚ ਕਸਬਾ ਬਿਲਾਸਪੁਰ ਜੋ ਇਸਕਨਰ ਅਸਟੇਟ ਸੀ ਉਸ ਉਤੇ ਸੰਗਠਿਤ ਹੋਕੇ ਹਮਲਾ ਕੀਤਾ ਸੀ। ਅੰਗਰੇਜ਼ ਕੈਦ ਕਰ ਲਏ ਗਏ ਅਤੇ ਮੇਮਾਂ ਤੋਂ ਗਾਵਾਂ ਹਕਵਾਈਆਂ ਗਈਆਂ

ਇਸੇ ਪ੍ਰਕਾਰ ਸਿਕੰਦਰਾਬਾਦ ਤੇ ਹਮਲਾ ਕੀਤਾ ਗਿਆ। ਥਾਨੇ ਤਹਿਸੀਲ ਉਪਰ ਦੇਸ਼ ਭਗਤਾਂ ਦਾ ਕਬਜ਼ਾ ਹੋ ਗਿਆ ਸੀ। ਭਟਾਨੇ ਦੇ ਤਹਿਸੀਲਦਾਰ ਹਰਪਾਲ ਸਿੰਘ ਦੇ ਪਿਤਾ ਨੇ ਅੰਗਰੇਜ਼ਾਂ ਨੂੰ ਸਭ ਕੁਝ ਭੇਦ ਦੇ ਦਿੱਤਾ ਜਿਸਦੇ ਫਲਸਰੂਪ ਅੰਗਰੇਜ਼ੀ ਸਰਕਾਰ ਨੇ ਉਨ੍ਹਾਂ ਨੂੰ ਬਤੌਰ ਇਨਾਮ ਰਾਮਗੜ੍ਹ, ਉਸ ਤਰਾ ਤੇ ਅਨੰਦ ਆਦਿ ਪਿੰਡ ਜਾਗੀਰ ਵਿੱਚ ਦਿੱਤੇ ਗਏ ਸਨ।

ਜ਼ਿਲ੍ਹਾ ਬੁਲੰਦ ਸ਼ਹਿਰ ਦੇ ਗੁੱਜਰ ਆਗੂਆਂ ਜਿਨ੍ਹਾਂ 1857 ਦੇ ਆਜਾਦੀ ਦੀ ਲੜਾਈ ਵਿੱਚ ਭਾਗ ਲਿਆ, ਉਨ੍ਹਾਂ ਨੂੰ ਸਜ਼ਾ ਦਿੱਤੀ ਗਈ। ਇਨ੍ਹਾਂ ਤੋਂ ਇਲਾਵਾ ਅਨੇਕ ਐਸੇ ਦੇਸ਼ ਭਗਤ ਸ਼ਹੀਦ ਅੰਗਰੇਜ਼ਾਂ ਦੀ ਗੋਲੀ ਦੇ ਸ਼ਿਕਾਰ ਹੋਏ, ਜਿਨ੍ਹਾਂ ਦਾ ਕਿਤੇ ਵੀ ਨਾਮੋ ਨਿਸ਼ਾਨ ਅਤੇ ਰਿਕਾਰਡ ਵੀ ਨਹੀਂ ਹੈ। ਨਿਮਨਲਿਖਿਤ ਸ਼ਹੀਦਾਂ ਦੇ ਨਾਮ ਨਮੂਨੇ ਮਾਤਰ ਹਨ :—

1. ਰਾਉ ਉਮਰਾਓ ਸਿੰਘ ਭਾਟੀ ਕਟਹੜਾ ਜਿਨ੍ਹਾਂ ਨੂੰ ਬੁਲੰਦ ਸ਼ਹਿਰ ਲਿਜਾ ਕੇ ਸੜਕ ਉਤੇ ਜ਼ਿੰਦਾ ਲਿਟਾਕੇ ਹਾਥੀ ਤੋਂ ਕੁਚਲਵਾਇਆ ਗਿਆ।
2. ਰਉ ਸੇਢੂ ਸਿੰਘ ਭਾਟੀ ਕਟਹੜਾ ਨੂੰ ਵੀ ਹਾਥੀ ਤੋਂ ਕੁਚਲਵਾਇਆ ਗਿਆ।
3. ਰਾਉ ਬਿਸ਼ਨ ਸਿੰਘ ਦਾਦਰੀ ਨੂੰ ਫਾਂਸੀ ਦਿੱਤੀ ਗਈ।
4. ਰਾਮ ਦਯਾਲ, ਹਰਦਿਆਲ ਅਤੇ ਨਿਰਮਲ ਸਿੰਘ–ਰੌਸੇ ਗੁੱਜਰ ਤਿੰਨੇ ਭਾਈ ਸਨ। ਸ਼ਰਕਪੁਰ ਦੇ ਰਹਿਣ ਵਾਲੇ ਸਨ। ਕਾਲਾ ਅੰਬ ਤੇ ਬੁਲੰਦ ਸ਼ਹਿਰ ਵਿੱਚ ਫਾਂਸੀ ਦਿੱਤੀ ਗਈ।
5. ਲੋਹਾਰਲੀ ਨਿਵਾਸੀ ਦਾਦਾ ਮਜਲਿਸ ਨੂੰ ਕਾਲਾ ਅੰਬ ਨਾਲ ਲਟਕਾ ਦੇ ਬੁਲੰਦ ਸ਼ਹਿਰ ਵਿੱਚ ਫਾਂਸੀ ਦਿੱਤੀ ਗਈ ਅਤੇ ਉਸ ਦੀ ਲਾਸ਼ ਕਈ ਦਿਨ ਲਟਕਦੀ ਰਹੀ।
6. ਕਾਨਹਾ ਇੰਦਰ ਸਿੰਘ ਅਟਾ ਨਿਵਾਸੀ ਸ਼ਹੀਦ ਹੋਏ।
7. ਏਮਾਨ ਸਿੰਘ ਅਸਾਵਰ ਨਿਵਾਸੀ ਸ਼ਹੀਦ ਹੋਏ।
8. ਦਰਿਆਵ ਸਿੰਘ ਜਨੇਦਪੁਰ ਨਿਵਾਸੀ ਸ਼ਹੀਦ ਹੋਏ।
9. ਸੁਰਜੀਤ ਸਿੰਘ ਰਾਜਪੁਰਾ ਨਿਵਾਸੀ ਸ਼ਹੀਦ ਹੋਏ।
10. ਭਗਵਤ ਸਿੰਘ ਦਾਦਰੀ ਨੂੰ ਫਾਂਸੀ ਦਿੱਤੀ ਗਈ।
11. ਵਲੀਦਾਦ ਖਾਂ ਪਠਾਨ ਮਾਲਾਗੜ੍ਹ ਸ਼ਹੀਦ ਹੋਏ।
12. ਇੰਦਰ ਸਿੰਘ (ਵਿਜਯ ਸਿੰਘ ਪਾਥਿਕ ਦੇ ਦਾਦਾ ਸ਼ਹੀਦ ਹੋਏ।

ਬੁਲੰਦ ਸ਼ਹਿਰ ਵਿੱਚ ਜਿਸ ਕਾਲਾ ਅੰਬ ਉਪਰ ਆਜ਼ਾਦੀ ਦੇ ਦੀਵਾਨਿਆਂ ਭਾਰਤ ਮਾਤਾ ਦੇ ਸੱਚੇ ਸਪੂਤਾਂ ਤੇ ਵੀਰ ਦੇਸ਼ ਭਗਤਾਂ ਨੂੰ ਫਾਂਸੀ ਉਤੇ ਲਟਕਾਇਆ ਗਿਆ ਹੈ। ਹੁਣ ਉਸ ਕਾਲਾ ਅੰਬ ਚੋਰਾਹੇ ਦਾ ਨਾਂ ਸ਼ਹੀਦ ਚੌਕ ਰੱਖਿਆ ਗਿਆ ਹੈ। ਗੁੱਜਰਾਂ ਨੂੰ ਫਾਂਸੀ ਦੇਣ ਜਾਂ ਗੋਲੀ ਨਾਲ ਉਡਾਉਣ ਦਾ ਤਰੀਕਾ ਬਹੁਤ ਵਚਿੱਤਰ ਸੀ ਜੋ ਦੁਨੀਆਂ ਦੇ ਇਤਿਹਾਸ ਵਿੱਚ ਅਨੋਖਾ ਸੀ। ਬੁਲੰਦ ਸ਼ਹਿਰ ਜ਼ਿਲ੍ਹੇ ਦੇ ਅੰਗਰੇਜ਼ ਅਧਿਕਾਰੀਆਂ ਨੂੰ ਗੁੱਜਰਾਂ ਦੀ ਪਹਿਚਾਣ ਉਨ੍ਹਾਂ ਦੇ ਵਫਾਦਾਰਾਂ ਨੇ ਦੱਸੀ, ਕਿ ਗੁੱਜਰ ਦਾ ਉਚਾਰਣ ਚਨੇ ਨੂੰ ਚਣੋਂ ਅਤੇ ਆਲੂ ਨੂੰ ਆਲਹੂ ਹੈ ਅਤੇ ਗੁੱਜਰ ਚੌੜੀ ਕਿਨਾਰੀਦਾਰ ਧੋਤੀ ਪਹਿਨਦੇ ਹਨ। ਇਸੇ ਪਹਿਚਾਣ ਦੇ ਆਧਾਰ ਉਤੇ ਉਨ੍ਹਾਂ ਦਾ ਕਤਲਾਮ ਸ਼ੁਰੂ ਹੋਇਆ। ਪਿੰਡਾਂ ਵਿੱਚ ਜਾਕੇ ਬੇਸ਼ੁਮਾਰ ਨੌਜੁਆਨਾਂ ਗੁੱਜਰਾਂ ਦਾ ਖਾਸ ਤੌਰ ਤੇ ਚੁਣ ਚੁਣ ਕੇ ਗੋਲੀ ਨਾਲ ਭੁੰਨਿਆ ਗਿਆ। ਇਹ ਐਸੇ ਦੇਸ਼ ਭਗਤ ਗੁੱਜਰ ਜਿਨ੍ਹਾਂ ਦੀ ਕੋਈ ਸਰਕਾਰੀ ਰਿਕਾਰਡ ਨਹੀਂ ਹੈ। ਲੇਕਿਨ ਉਹ ਸਵਾਧੀਨਤਾ ਭਵਨ ਦੀ ਨੀਂਹ ਦੇ ਪੱਥਰ ਹਨ। ਜਿਨ੍ਹਾਂ ਉਤੇ ਸਵਾਧੀਨਤਾ ਸੰਗਰਾਮ ਦਾ ਸਾਰਾ ਭਵਨ ਖੜਾ ਹੈ ਅਤੇ ਉਹ ਪੱਥਰ ਨਜ਼ਰ ਨਹੀਂ ਆਉਂਦੇ। ਕੁਝ ਵੀ ਹੋਵੇ ਉਨ੍ਹਾਂ ਦੀ ਸ਼ਹਾਦਤ ਰੰਗ ਲਿਆਈ ਅਤੇ ਦੇਸ਼ 15 ਅਗਸਤ 1947 ਨੂੰ ਆਜ਼ਾਦ ਹੋਇਆ।

ਦੇਸ਼ ਭਗਤ ਗੁੱਜਰਾਂ ਦੇ ਪਿੰਡ ਜਲਾ ਕੇ ਭਸਮ ਕਰ ਦਿੱਤੇ ਗਏ। ਉਨ੍ਹਾਂ ਦੀ ਜ਼ਮੀਨ ਜਾਇਦਾਦ ਜਬਤ ਕਰਕੇ ਅੰਗਰੇਜ਼ਾਂ ਨੇ ਆਪਣੇ ਵਫਾਦਾਰ ਚਹੇਤੇ ਮੁਖਬਰਾਂ ਨੂੰ ਬਤੌਰ ਇਨਾਮ ਜਗੀਰ ਤੇ ਪਿੰਡ ਦੇ ਦਿੱਤੇ ਸਨ ਅਤੇ ਦੇਸ਼ ਭਗਤ ਗੁੱਜਰਾਂ ਨੂੰ ਰਾਜਧਰੋਹੀ ਕਰਾਰ ਦਿੱਤਾ ਗਿਆ। ਇਨ੍ਹਾਂ ਨੂੰ ਸੈਨਾ ਤੇ ਪੁਲਿਸ ਤੇ ਹੋਰ ਸਰਵਿਸਾਂ ਵਿੱਚ ਨਹੀਂ ਲਿਆ ਗਿਆ। ਜੋ ਜ਼ੁਲਮੋਂ ਸਿਤਮ ਇਨ੍ਹਾਂ ਤੇ ਹੋਏ ਉਨ੍ਹਾਂ ਨੂੰ ਕੋਈ ਇਤਿਹਾਸਕਾਰ ਪੂਰਣ ਰੂਪ ਵਿੱਚ ਨਹੀਂ ਲਿਖ ਸਕੇਗਾ।

ਜ਼ਿਲ੍ਹਾ ਬੁਲੰਦ ਸ਼ਹਿਰ ਦਾ ਚੌੜਾ ਸ਼ਹਾਦਤ ਪੁਰ (ਹੁਣ ਜ਼ਿਲ੍ਹਾ ਗਾਜ਼ੀਆਬਾਦ) ਦਿੱਲੀ ਦੀ ਸੀਮਾ ਦਾ ਪਿੰਡ ਹੈ। ਇਹ ਪਿੰਡ ਡੇੜੀਏ ਗੁੱਜਰਾਂ ਦਾ ਗੜ੍ਹ ਸੀ। ਚੌਧਰੀ ਬਿਸ਼ਨ ਸਿੰਘ ਤੇ ਭਗਵਤ ਸਿੰਘ ਜਿਨ੍ਹਾਂ ਦੇ ਆਗੂ ਸਨ। ਚੌਧਰੀ ਬਿਸ਼ਨ ਸਿੰਘ ਦੀ ਯਾਦ ਵਿੱਚ ਚੌੜਾ ਸ਼ਹਾਦਤਪੁਰ ਦੇ ਨੇੜੇ ਹੀ ਉਨ੍ਹਾਂ ਦੇ ਵੰਸ਼ ਨੇ ਬਿਸ਼ਨਪੁਰਾ ਪਿੰਡ ਵਸਾਇਆ ਸੀ ਜੋ ਨੋਇਡਾ ਨਾਲ ਘਿਰ ਗਿਆ ਹੈ। ਯਾਦ ਰਹੇ ਚੌ. ਬਿਸ਼ਨ ਸਿੰਘ ਵੰਸ ਕੋਲ ਡੇੜੀਏ ਗੋਤਰ ਦੇ 24 ਪਿੰਡਾਂ ਵਿੱਚ ਸਭ ਤੋਂ ਵਧੇਰੇ ਖੇਤੀ ਭੂਮੀ ਸੀ। ਲੇਕਿਨ ਹੁਣ ਨੋਇਡਾ ਵਿੱਚ ਚਲੀ ਗਈ ਹੈ। ਇਸ ਵੰਸ਼ ਦੇ ਹੁਣ ਚੌਧਰੀ ਰਾਮ ਚੰਦਰ ਦੇ ਪੁੱਤਰ ਸਰਵਸ੍ਰੀ ਚੌ. ਜਿਲੇ ਸਿੰਘ, ਗਜਰਾਜ ਸਿੰਘ, ਵਿਜੇਂਦਰ ਸਿੰਘ, ਕੈਪਟਨ ਰਣਵੀਰ ਸਿੰਘ, ਬਲਰਾਜ ਸਿੰਘ ਤੇ ਰਘੁਰਾਜ ਸਿੰਘ ਮੌਜੂਦ ਹਨ। ਇਨ੍ਹਾਂ ਦਾ

ਅਧਿਕਾਰ ਖੇਤਰ ਸ਼ਾਹਦਰਾ ਤੋਂ ਸੂਰਜਪੁਰ ਤੱਕ ਸੀ। ਇਹ ਗੁੱਜਰ ਰਾਉ ਉਮਰਾਉ ਸਿੰਘ ਕਟਹੜਾ ਦੇ ਸਹਿਯੋਗੀ ਸਨ ਜਦੋਂ ਦਮਨ ਚੱਕਰ ਚਾਲੂ ਹੋਇਆ ਤਾਂ ਚੌੜਾ ਪਿੰਡ ਦੇ 14 ਗੁੱਜਰਾਂ ਨੂੰ ਲਾਲ ਕਿਲੇ ਵਿੱਚ ਫੜਕੇ ਲਿਆਂਦਾ ਗਿਆ ਜਿਨ੍ਹਾਂ ਵਿੱਚ ਬਿਸ਼ਨ ਸਿੰਘ ਤੇ ਭਗਵਤ ਸਿੰਘ ਪ੍ਰਮੁੱਖ ਸਨ। 7 ਨੂੰ ਫਾਂਸੀ ਦਿੱਤੀ ਗਈ। 4 ਨੂੰ ਕਾਲੇਪਾਣੀ ਦੀ ਸਜ਼ਾ ਦਿੱਤੀ ਗਈ। ਬਾਕੀ ਲੋਕਾਂ, ਬੱਚਿਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਇੱਕ ਗਰਭਵਤੀ ਔਰਤ ਆਪਣੇ ਪੇਕੇ ਗਈ ਹੋਈ ਸੀ ਜਿਸ ਦੀ ਕੁੱਖ ਤੋਂ ਇਨ੍ਹਾਂ ਦੇਸ਼ ਭਗਤਾਂ ਦਾ ਪਰਿਵਾਰ ਵੰਸ਼ ਚੱਲਿਆ। ਜੋ ਭਾਰਤ ਮਾਤਾ ਦੀ ਆਜ਼ਾਦੀ ਲਈ ਹੱਸਦੇ ਹੱਸਦੇ ਸ਼ਹੀਦ ਹੋ ਗਏ ਸਨ।

ਇਸੇ ਪ੍ਰਕਾਰ ਸਨ 1857 ਵਿੱਚ ਗ੍ਰਾਮ ਭਦੌਲਾ ਹਾਪੁੜ ਤਹਿਸੀਲ ਦੇ ਨਿਵਾਸੀ ਘਨਈਆ ਸਿੰਘ ਤੇ ਫੂਲ ਸਿੰਘ ਗੁੱਜ਼ਰ ਨੇ ਅੰਗਰੇਜ਼ਾਂ ਨੂੰ ਢੂੰਡ-ਢੂੰਡ ਕੇ ਮੌਤ ਦੇ ਘਾਟ ਉਤਾਰਿਆ ਸੀ। ਇਸ ਕਾਰਨ ਇਨ੍ਹਾਂ ਦੀ ਜ਼ਮੀਨ ਜਾਇਦਾਦ ਅੰਗਰੇਜ਼ੀ ਹਕੂਮਤ ਨੇ ਜ਼ਬਤ ਕਰ ਲਈ। ਸਰਕਾਰੀ ਰਿਕਾਰਡ ਵਿੱਚ ਇੱਕ ਲਾਈਨ ਇਸ ਸਬੰਧ ਵਿੱਚ ਇਸ ਪ੍ਰਕਾਰ ਲਿਖੀ ਹੋਈ ਹੈ, "ਬਾਬਤ ਬਗਾਵਤ ਜਾਇਦਾਦ ਜਬਤ ਕੀਤੀ ਜਾਂਦੀ ਹੈ ਜਿਸਦੀ ਮਾਲ ਗੁਜਾਰੀ ਦੀ ਜ਼ਿੰਮੇਵਾਰ ਸਰਕਾਰ ਹੋਵੇਗੀ।" ਦਮਨ ਚੱਕਰ ਦੇ ਫਲਸਰੂਪ ਇਸ ਪਰਿਵਾਰ ਦੇ ਸ਼੍ਰੀ ਰਾਮ ਦਿਆਲ ਗ੍ਰਾਮ ਭਦੌਲਾ ਛੱਡ ਕੇ ਡੇਰੀ ਰਛੌਤੀ ਵਿੱਚ ਜਾ ਵੱਸੇ। ਸਰਵ ਸ਼੍ਰੀ ਏਮਨ ਸਿੰਘ, ਜਸਵੰਤ ਸਿੰਘ, ਤ੍ਰਿਖਾ ਸਿੰਘ, ਕਿਸ਼ਨ ਸਿੰਘ ਆਦਿ ਗ੍ਰਾਮ ਮਹਮਦਪੁਰ, ਸੁਜਾਨਪੁਰ ਤਹਿਸੀਲ ਹਾਪੁੜ ਪਿਲਖੁਵਾ ਦੇ ਨੇੜੇ ਵਰਤਮਾਨ ਜ਼ਿਲ੍ਹਾ ਗਾਜ਼ੀਆਬਾਦ ਵਿੱਚ ਆਬਾਦ ਹੋ ਗਏ। ਸ਼੍ਰੀ ਸੁਜਾਨ ਸਿੰਘ ਕਿਲੋਟੜਾ ਵਿੱਚ ਜਾ ਵੱਸੇ।

ਸ਼੍ਰੀ ਏਮਨ ਸਿੰਘ ਦੇ ਸ਼੍ਰੀ ਚੰਦਨ ਸਿੰਘ, ਬੀਰਬਲ ਸਿੰਘ, ਰਾਮ ਬਲ ਸਿੰਘ, ਰਘੁਬੀਰ ਸਿੰਘ, ਮੰਗਤ ਸਿੰਘ ਪੰਜ ਪੁੱਤਰ ਸਨ। ਸ਼੍ਰੀ ਕਿਸ਼ਨ ਸਿੰਘ ਦੇ ਸ਼ੰਕਰ ਸਿੰਘ, ਸ਼੍ਰੀ ਤ੍ਰਿਖਾ ਸਿੰਘ ਦੇ ਸਰੂਪ ਸਿੰਘ, ਹਰਲਾਲ ਤੇ ਰਾਮ ਚੰਦਰ ਸਿੰਘ ਜਿਨ੍ਹਾਂ ਦਾ ਪਰਿਵਾਰ ਹੁਣ ਮਹਮਿਦਪੁਰ, ਸੁਜਾਨਪੁਰ, ਪਿਲਖਵਾ ਦੇ ਨੇੜੇ ਆਬਾਦ ਹੈ। ਇਸ ਪਰਿਵਾਰ ਨੂੰ ਅੰਗਰੇਜ਼ਾਂ ਨੇ ਬਾਗੀ ਕਰਾਰ ਦਿੱਤਾ ਸੀ। ਇਨ੍ਹਾਂ ਦੀ ਜਬਤ ਕੀਤੀ ਗਈ ਜਾਇਦਾਦ ਜੋ ਦੇਸ਼ ਦੇ ਆਜਾਦ ਹੋਣ ਤੋਂ ਬਾਅਦ ਤੱਕ ਵੀ ਪਰਿਵਾਰ ਨੂੰ ਵਾਪਿਸ ਨਹੀਂ ਦਿੱਤੀ ਗਈ।

ਹਾਪੁੜ ਤਹਿਸੀਲ ਦੇ ਗੁਜਰਾਂ ਨੇ ਹੋਰ ਗੁੱਜਰਾਂ ਦੀ ਤਰ੍ਹਾਂ ਵੱਧ ਚੜ੍ਹ ਕੇ ਇਸ ਕ੍ਰਾਂਤੀ ਵਿੱਚ ਭਾਗ ਲਿਆ ਸੀ ਜਿਸਦੇ ਕਾਰਨ ਅਨੇਕ ਗੁੱਜਰਾਂ ਦੇ ਪਿੰਡ ਸਾੜ ਦਿੱਤੇ ਗਏ ਅਤੇ ਜਾਇਦਾਦਾਂ ਜਬਤ ਕਰ ਲਈਆ ਗਈਆਂ। ਗੁੱਜਰਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਅੰਗਰੇਜ਼ਾਂ ਨੂੰ ਆਪਣੇ ਵਫਾਦਾਰ ਅਤੇ ਦੇਸ਼ ਦੇ ਗੱਦਾਰਾਂ ਨੂੰ ਇਨਾਮ ਸਰੂਪ ਜ਼ਬਤ ਕੀਤੀ ਜ਼ਮੀਨ ਅਲਾਟ ਕੀਤੀ ਗਈ। ਜੇਕਰ

ਇਕ-ਇਕ ਪਿੰਡ ਦੀ ਕਹਾਣੀ ਲਿਖੀ ਜਾਵੇ ਤਾਂ ਇਹ ਇੱਕ ਮਹਾਨ ਗ੍ਰੰਥ ਬਣ ਜਾਵੇਗਾ। ਅਸੀਂ ਇੱਥੇ ਹਾਪੁੜ ਦੇ ਇੱਕ ਪਿੰਡ ਭਦੌਲੇ ਦਾ ਸੰਖੇਪ ਵਰਣਨ ਕੀਤਾ ਹੈ।

ਹਾਪੁੜ ਤਹਿਸੀਲ ਦੇ ਗੁੱਜਰਾਂ ਦੇ ਪਿੰਡਾਂ ਵਿੱਚ ਅੰਗਰੇਜ਼ੀ ਸਰਕਾਰ ਦੇ ਖਿਲਾਫ ਜੰਗਲ ਦੀ ਅੱਗ ਦੀ ਤਰ੍ਹਾਂ ਕ੍ਰਾਂਤੀ ਦੀਆਂ ਲਾਟਾਂ ਫੈਲ ਗਈਆਂ ਸਨ ਅਤੇ ਸਭ ਨੇ ਇਸ ਕ੍ਰਾਂਤੀ ਵਿੱਚ ਯੋਗਦਾਨ ਪਾਇਆ। ਨਿਦਾਮਪੁਰ ਪਿੰਡ ਜੋ ਗਾਜ਼ੀਆਬਾਦ ਤੋਂ ਹਾਪੁੜ ਜਾਣ ਵਾਲੀ ਸੜਕ ਉਤੇ ਸਥਿਤ ਹੈ ਕ੍ਰਾਂਤੀਕਾਰੀ ਗੁੱਜਰਾਂ ਦਾ ਕੇਂਦਰ ਜਿਹਾ ਬਣ ਗਿਆ ਸੀ। ਗੁੱਜਰਾਂ ਦੇ ਪਿੰਡਾਂ ਦੇ ਆਸ ਪਾਸ ਹੋਰ ਪਿੰਡਾਂ ਜਿਨ੍ਹਾਂ ਵਿੱਚ ਅਰਨੀਆਂ ਪਿੰਡ ਦਾ ਜ਼ਿਕਰ ਕਰਨਾ ਜ਼ਰੂਰੀ ਹੈ। ਇੱਕ ਅੰਗਰੇਜ਼ ਪਰਿਵਾਰ ਅਰਨੀਆਂ ਪਿੰਡ ਦੇ ਨੇੜੇ ਹੀ ਕੋਠੀ ਵਿੱਚ ਰਹਿੰਦਾ ਸੀ। ਉਸਦਾ ਆਤੰਕ ਹਾਪੁੜ ਇਲਾਕੇ ਵਿੱਚ ਛਾਇਆ ਹੋਇਆ ਸੀ। ਉਸਦੀ ਕੋਠੀ ਦੇ ਪਾਸ ਕੋਈ ਵੀ ਬਿਨਾਂ ਆਗਿਆ ਦੇ ਨਹੀਂ ਸੀ ਨਿਕਲ ਸਕਦਾ। ਅਰਨੀਆਂ ਪਿੰਡ ਵਿੱਚ ਰਾਜਪੂਤ ਆਬਾਦ ਸਨ। ਉਨ੍ਹਾਂ ਨੇ ਗੁੱਜਰਾਂ ਵਾਂਗ ਜਾਨ ਦੀ ਬਾਜੀ ਲਾਕੇ ਉਸ ਆਤੰਕ ਨੂੰ ਸਮਾਪਤ ਕਰਨ ਲਈ ਉਸ ਤੇ ਧਾਵਾ ਬੋਲ ਦਿੱਤਾ। ਇੱਕ ਤਰਫ ਲਾਠੀ, ਭਾਲੇ, ਬਰਛਾ ਵਾਲੇ ਦੇਸ਼ ਭਗਤ ਰਾਜਪੂਤ, ਦੂਸਰੀ ਤਰਫ ਆਧੁਨਿਕ ਹਥਿਆਰਾਂ ਨਾਲ ਲੈਸ ਆਤੰਕੀ ਅੰਗਰੇਜ਼ ਅਫਸਰ। ਜਦੋਂ ਤੱਕ ਉਸਦੀਆਂ ਗੋਲੀਆਂ ਸਮਾਪਤ ਨਾ ਹੋਈਆਂ, ਉਹ ਦੇਸ਼ ਭਗਤਾਂ ਨੂੰ ਭੁੰਨਦਾ ਰਿਹਾ, ਮਗਰ ਰਾਜਪੂਤ ਕ੍ਰਾਂਤੀਕਾਰੀ ਪਿੱਛੇ ਨਹੀਂ ਹਟੇ। ਆਖਿਰ ਕੋਠੀ ਤੇ ਕਬਜ਼ਾ ਕਰਕੇ ਕਾਂਤੀਕਾਰੀਆ ਨੇ ਉਸ ਕੋਠੀ ਤੇ ਝੰਡਾ ਲਹਿਰਾ ਦਿੱਤਾ।

1857 ਦੀ ਇਸ ਮਹਾਨ ਕ੍ਰਾਂਤੀ ਵਾਲੇ ਅਰਨੀਆਂ ਪਿੰਡ ਦੇ ਰਾਜਪੂਤ ਨੇਤਾ ਕੰਵਰ ਸੁਖਲਾਲ ਆਰੀਆ ਮੁਸਾਫਰ ਅਤੇ ਸ਼੍ਰੀ ਸਵਾਮੀ ਅਮਰ ਜੀ ਦੇ ਪੂਰਵਜ ਸਨ। ਸਵਰਗੀ ਕੰਵਰ ਸੁਖਲਾਲ ਨੇ ਵਰਤਮਾਨ ਸੁਤੰਤਰਤਾ ਸੰਗਰਾਂਮ ਵਿੱਚ ਭਾਗ ਲਿਆ, ਕਈ ਵਾਰ ਵੇਖਿਆ ਗਿਆ ਹੈ, ਕਿ ਜਿਨ੍ਹਾਂ ਪਰਿਵਾਰਾਂ ਨੇ 1921 ਤੋਂ 1947 ਤੱਕ ਇਹ ਯੁੱਧ ਲੜਿਆ ਜਾਂ 1857 ਦੀ ਕ੍ਰਾਂਤੀ ਵਿੱਚ ਵੀ ਭਾਗ ਲਿਆ, ਜਿਵੇਂ ਮਾਲਾਗੜ੍ਹ ਕਿਲ੍ਹੇ ਦੇ ਸੈਨਾਪਤੀ ਇੰਦਰ ਸਿੰਘ ਗੁੱਜਰ ਦੇ ਪੋਤੇ ਵਿਜਯ ਸਿੰਘ ਪਥਿਕ ਗੁਠਾਵਲੀ ਕਲਾਂ ਦੇ ਰਹਿਣ ਵਾਲੇ ਸਨ। ਮਹਾਤਮਾ ਗਾਂਧੀ ਦੀ ਅਗਵਾਈ ਵਿੱਚ ਰਾਜਸਥਾਨ ਵਿੱਚ ਕ੍ਰਾਂਤੀ ਦੀ ਜਵਾਲਾ ਸੁਲਗਾਈ ਸੀ ਅਤੇ ਅੰਗਰੇਜ਼, ਰਜਵਾੜਾ ਤੇ ਸਾਮੰਤਵਾਦੀ ਆਦਿ ਦੀ ਤੀਹਰੀ ਗੁਲਾਮੀ ਤੋਂ ਬਿਜੌਲੀਆ ਸੱਤਿਆਗ੍ਰਹਿ ਦੁਆਰਾ ਮੁਕਤੀ ਦਿਵਾਈ। ਬੁਲੰਦ ਸ਼ਹਿਰ ਜ਼ਿਲ੍ਹੇ ਦਾ ਹਰ ਪਿੰਡ ਕ੍ਰਾਤੀ ਦੀ ਕਹਾਣੀ ਸੁਣਾ ਰਿਹਾ ਹੈ। ਮਗਰ ਕੋਈ ਸੁਣਨੇ ਵਾਲਾ ਨਹੀਂ।

ਦੁਨੀਆਂ ਕੋ ਖੁਸ਼ ਕਰਨਾ ਕਿਆ,  
ਕਾਂਟੇ ਅਪਨੇ ਫੂਲ ਪਰਾਏ।

ਖਾਮੋਸ਼ ਸਰਹੱਦੀ।

# ਦਿੱਲੀ ਦੇ ਗੁੱਜਰ-1857

ਸਨ 1857 ਦੀ ਆਜ਼ਾਦੀ ਦੀ ਅੱਗ ਦੀਆਂ ਤੇਜ਼ ਲਪਟਾਂ ਮੇਰਠ ਤੋਂ 10 ਮਈ ਨੂੰ ਛੇਤੀ ਹੀ ਦਿੱਲੀ ਪਹੁੰਚ ਗਈਆਂ। ਕ੍ਰਾਂਤੀਕਾਰੀਆਂ ਦੀ ਇੱਕ ਭਾਰੀ ਫੌਜ ਜਿਸ ਵਿੱਚ ਸੈਨਿਕ ਵੀ ਸਨ "ਅੰਗਰੇਜਾਂ ਦਾ ਨਾਸ਼, ਬਹਾਦਰ ਸ਼ਾਹ ਦੀ ਜੈ" ਦਾ ਨਾਅਰਾ ਬੋਲਕੇ ਬਹਾਦੁਰ ਸ਼ਾਹ ਜਫਰ ਨੂੰ 21 ਤੋਪਾਂ ਦੀ ਸਲਾਮੀ ਦਿੱਤੀ ਤੇ ਲਾਲ ਕਿਲ੍ਹੇ ਉਤੇ ਹਰਾ ਤੇ ਸੁਨਹਿਰਾ ਝੰਡਾ ਫਹਿਰਾ ਦਿੱਤਾ। ਬਹਾਦਰ ਸ਼ਾਹ ਜਫ਼ਰ ਨੂੰ ਕ੍ਰਾਂਤੀਕਾਰੀ ਜਨਤਾ ਨੇ ਭਾਰਤ ਦਾ ਸਮਰਾਟ ਹੋਣ ਦਾ ਐਲਾਨ ਕਰ ਦਿੱਤਾ। ਇਹ ਜਨਤਾ ਦਾ, ਸੈਨਾ ਦਾ, ਹਿੰਦੂ ਅਤੇ ਮੁਸਲਮਾਨ ਦਾ ਸਮੂਹਿਕ ਸਵਾਧੀਨਤਾ ਯੁੱਧ ਸੀ। ਇਹ ਏਕਤਾ ਬੇਮਿਸਾਲ ਸੀ। ਦਿੱਲੀ ਦੇ ਆਸ-ਪਾਸ ਦੇ ਗੁੱਜਰ ਯੋਧਿਆਂ ਦਾ ਖੂਨ ਖੌਲ ਰਿਹਾ ਸੀ। ਉਹ ਆਪਣੀ ਪ੍ਰਾਚੀਨ ਪ੍ਰੰਪਰਾ ਦੇ ਅਨੁਸਾਰ ਵਿਦੇਸ਼ੀ ਹਕੂਮਤ ਨਾਲ ਟਕਰਾਉਣ ਲਈ ਜਿਵੇਂ ਤਿਆਰ ਹੀ ਬੈਠੇ ਸਨ। ਦਿੱਲੀ ਦੇ ਆਸ-ਪਾਸ ਵਸੇ ਹੋਏ ਡੇੜੀਏ, ਬੈਸੋਏ, ਬਾਸੱਟੇ, ਲੋਹਮੌੜ, ਖਾਰੀ, ਅਵਾਨੇ, ਵਿਘੂੜੀ, ਬੈਸਲੇ, ਕਸਾਨੇ, ਚਪਰਾਨੇ ਤੇ ਤੰਵਰ ਵੰਸ਼ਾਂ ਦੇ ਗੁੱਜਰ ਸੰਗਠਿਤ ਹੋਕੇ ਬ੍ਰਿਟਿਸ਼ ਹਕੂਮਤ ਨੂੰ ਭਾਰਤ ਵਿੱਚੋਂ ਕੱਢਣ ਵਾਸਤੇ ਅਤੇ ਦਿੱਲੀ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਜਫ਼ਰ ਨੂੰ ਫਿਰ ਤੋਂ ਸ਼ਕਤੀਸ਼ਾਲੀ ਬਣਾਉਣ ਲਈ ਜੀ ਜਾਨ ਨਾਲ ਜੁਟ ਗਏ ਸਨ। ਗੁੱਜਰਾਂ ਨੇ ਜੀ.ਟੀ. ਰੋਡ, ਮਥੁਰਾ ਰੋਡ, ਯਮੁਨਾ ਨਦੀ ਦੇ ਦੋਵੇਂ ਕਿਨਾਰਿਆਂ ਤੇ ਅਧਿਕਾਰ ਕਰਕੇ ਅੰਗਰੇਜ਼ੀ ਡਾਕ ਤਾਰ ਤੇ ਸਾਰੇ ਸੰਚਾਰ ਸਾਧਨ ਕੱਟਕੇ ਕੁਝ ਸਮੇਂ ਲਈ ਦਿੱਲੀ ਤੋਂ ਅੰਗਰੇਜ਼ੀ ਰਾਜ ਨੂੰ ਸਮਾਪਤ ਕਰ ਦਿੱਤਾ ਸੀ।

ਅੰਗਰੇਜ਼ ਅਫਸਰ, ਸਿਵਲੀਅਨ ਤੇ ਫੌਜੀ ਜੋ ਵੀ ਹੱਥ ਆਇਆ, ਉਸਨੂੰ ਮਾਰ ਦਿੱਤਾ। ਲੇਕਿਨ ਔਰਤਾਂ ਅਤੇ ਬੱਚਿਆਂ ਤੇ ਕਿਸੇ ਨੇ ਹੱਥ ਨਹੀਂ ਚੁੱਕਿਆ। ਇਹ ਗੁੱਜਰਾਂ ਦੀ ਵੀਰ ਪ੍ਰੰਪਰਾ ਤੇ ਉਦਾਰਤਾ ਦੀ ਪਹਿਚਾਨ ਸੀ। ਵੀਰ ਪੁਰਸ਼ ਕਦੇ ਵੀ ਅਬਲਾ, ਔਰਤਾਂ ਤੇ ਬੱਚਿਆਂ ਤੇ ਹੱਥ ਨਹੀਂ ਚੁੱਕਦੇ। ਗੁੱਜਰਾਂ ਦੀ ਦਿਲੀ ਹਮਦਰਦੀ ਬਾਦਸ਼ਾਹ ਬਹਾਦਰ ਸ਼ਾਹ ਜਫਰ ਦੇ ਨਾਲ ਸੀ। ਦਿੱਲੀ ਦੇ ਗੁੱਜਰ ਅੰਗਰੇਜ਼ੀ ਹਕੂਮਤ ਨੂੰ ਮਾਲ ਗੁਜ਼ਾਰੀ ਨਾ ਦੇਕੇ ਬਾਦਸ਼ਾਹ ਬਹਾਦਰ ਸ਼ਾਹ ਜਫਰ ਨੂੰ ਮਾਲ

ਗੁਜ਼ਾਰੀ ਦਿੰਦੇ ਸਨ। ਅੰਗਰੇਜ਼ਾਂ ਤੋਂ ਗੁੱਜਰਾਂ ਨੂੰ ਜੋ ਮਾਲ ਕੀਮਤੀ ਸਮਾਨ ਜਾਂ ਰਸਦ ਸਮੱਗਰੀ ਤੇ ਹਥਿਆਰ ਮਿਲਦੇ ਸਨ। ਉਹ ਬਹਾਦੁਰ ਸ਼ਾਹ ਜਫਰ ਨੂੰ ਭੇਂਟਾ ਕਰ ਦਿੱਤੇ ਜਾਂਦੇ ਸਨ। ਨਵਾਬ ਮੁਈਦੀਨ ਤੇ ਜੀਵਨ ਲਾਲ ਦੀ ਗਦਰ ਦੀ ਕਹਾਣੀ ਤੇ ਡਾਇਰੀ ਆਦਿ ਪੁਸਤਕਾਂ ਤੋਂ ਵੀ ਇਸ ਸੱਚਾਈ ਦੀ ਪੁਸ਼ਟੀ ਹੁੰਦੀ ਹੈ।

ਦਿੱਲੀ ਦੇ ਨੇੜੇ ਵਜੀਰਾਬਾਦ ਪਿੰਡ ਦੇ ਗੁੱਜਰਾਂ ਨੇ ਆਪਣੇ ਨੇਤਾ ਦਯਾ ਰਾਮ ਗੁੱਜਰ ਦੀ ਅਗਵਾਈ ਵਿੱਚ ਸੰਗਠਿਤ ਹੋਕੇ ਦਿੱਲੀ ਦਾ ਮੈਟਕਾਫ ਹਾਊਸ ਜੋ ਅੰਗਰੇਜ਼ੀ ਨਿਵਾਸ ਸਥਾਨ ਸੀ, ਉਸ ਉਤੇ ਅਧਿਕਾਰ ਕਰ ਲਿਆ। ਦਿੱਲੀ ਦੇ ਨੇੜੇ ਬਾਰੂਦ ਦਾ ਜਖੀਰਾ ਸੀ। ਉਸਨੂੰ ਗੁੱਜਰਾਂ ਨੇ ਲੁੱਟ ਲਿਆ, ਜੋ ਵੀ ਸਮਾਨ ਮਿਲਿਆ, ਉਸਨੂੰ ਦਿੱਲੀ ਦੇ ਬਾਦਸ਼ਾਹ ਦੇ ਚਰਨਾਂ ਵਿੱਚ ਢੇਰੀ ਕਰ ਦਿੱਤਾ। ਅੰਗਰੇਜ਼ ਔਰਤਾਂ ਅਤੇ ਬੱਚਿਆਂ ਨੂੰ ਅਭੈ ਦਾਨ ਦੇਕੇ ਛੱਡ ਦਿੱਤਾ। ਲੁੱਟ ਵਿੱਚ ਜੇਕਰ ਅੰਗਰੇਜ਼ ਔਰਤ ਦੀ ਅਗੂਠੀ ਗੁੱਜਰਾਂ ਨੂੰ ਮਿਲ ਗਈ ਤਾਂ ਪਤਾ ਲੱਗਣ ਤੇ ਜਾਨ ਦਾ ਖਤਰਾ ਤੱਕ ਲੈਕੇ ਵਾਪਿਸ ਪਹੁੰਚਾਈ। ਅੰਗੂਠੀ ਅੰਗਰੇਜ਼ ਸ਼ਾਦੀ ਸ਼ੁਦਾ ਔਰਤਾਂ ਦਾ ਸੁਹਾਗ ਚਿੰਨ੍ਹ ਹੈ। ਇਹ ਗੁੱਜਰਾਂ ਦੀ ਆਨ ਤੇ ਉਚ ਪ੍ਰੰਪਰਾ ਦੀ ਉਦਾਹਰਣ ਹੈ।

ਪੰ. ਜਵਾਹਰ ਲਾਲ ਨਹਿਰੂ ਨੇ ਆਪਣੀ ਆਤਮ ਕਥਾ 'ਮੇਰੀ ਕਹਾਣੀ' ਵਿੱਚ ਲਿਖਿਆ ਹੈ, ਕਿ ਦਿੱਲੀ ਦੇ ਨਜ਼ਦੀਕ ਥੋੜੀ ਜਿਹੀ ਜਗੀਰ ਉਨ੍ਹਾਂ ਦੇ ਪੂਰਵਜਾਂ ਪੰਡਤ ਲਕਸ਼ਮੀ ਨਰਾਇਣ ਕੌਲ ਨੂੰ ਮੁਗਲਾਂ ਤੋਂ ਮਿਲੀ ਸੀ। ਨਹਿਰੂ ਜੀ ਨੇ ਸਥਾਨ ਨਹੀਂ ਲਿਖਿਆ, ਦਿੱਲੀ ਦੇ ਪੂਰਬ ਵੱਲ ਨਹਿਰ ਹਿੰਡਨ ਕੱਟ ਦੇ ਕਿਨਾਰੇ ਡੇੜੀਏ ਗੁੱਜਰਾਂ ਦਾ ਇੱਕ ਪਿੰਡ ਦਲੂਪੁਰਾ ਹੈ। ਇੱਥੋਂ ਦੇ ਗੁੱਜਰਾਂ ਨੇ 1857 ਦੀ ਮਹਾਨ ਕ੍ਰਾਂਤੀ ਵਿੱਚ ਵੱਧ ਚੜ੍ਹਕੇ ਭਾਗ ਲਿਆ ਸੀ। ਦਿੱਲੀ ਵਿੱਚ ਜਦੋਂ ਦਮਨ ਚੱਕਰ ਆਰੰਭ ਹੋਇਆ ਤਾਂ ਅੰਗਰੇਜ਼ ਅਫਸਰ ਸੈਨਾ ਦੇ ਨਾਲ ਦਲੂਪੁਰਾ ਪਿੰਡ ਪਹੁੰਚਿਆ। ਪਿੰਡ ਦੇ ਸਾਰੇ ਜਵਾਨ 40 ਸਾਲ ਤੱਕ ਦੇ ਗੁੱਜਰਾਂ ਨੂੰ ਪਿੱਪਲ ਦੇ ਦਰੱਖਤ ਦੇ ਹੇਠਾਂ ਲਾਈਨ ਵਿੱਚ ਖੜਾ ਕਰ ਲਿਆ। ਇਨ੍ਹਾਂ ਲੋਕਾਂ ਦਾ ਕਸੂਰ ਉਨ੍ਹਾਂ ਦਾ ਗੁੱਜਰ ਹੋਣਾ ਸੀ। ਅੰਗਰੇਜ਼ ਅਫਸਰ ਗੁੱਜਰਾਂ ਦੇ ਦੁਸ਼ਮਣ ਸਨ। ਅੰਗਰੇਜ਼ ਅਫਸਰ ਨੇ ਕਿਹਾ, "ਤੁਸੀਂ ਦਿੱਲੀ ਦਾ ਖਜ਼ਾਨਾ ਲੁਟਿਆ ਹੈ। ਤੁਹਾਨੂੰ ਦਰੱਖਤ ਤੇ ਲਟਕਾਕੇ ਗੋਲੀ ਨਾਲ ਉਡਾਉਣ ਦੀ ਸਜ਼ਾ ਦਿੱਤੀ ਜਾਵੇਗੀ।"

ਇਹ ਪਿੱਪਲ ਦਾ ਦਰੱਖਤ ਪੰ. ਲਕਸ਼ਮੀ ਨਰਾਇਣ ਦੀ ਕੱਚੀ ਹਵੇਲੀ ਦੇ ਸਾਹਮਣੇ ਖਲੋਤਾ ਸੀ। ਅੱਜ ਤੱਕ ਉਹ ਪਿੱਪਲ ਮੌਜੂਦ ਹੈ। ਪੰ. ਲਕਸ਼ਮੀ ਨਰਾਇਣ ਜੀ ਉਨ੍ਹਾਂ ਦਿਨਾਂ ਵਿੱਚ ਦੁਲਪੁਰਾ ਆਪਣੇ ਖੇਤ ਦੀ ਅਤੇ ਬਾਗ ਦੀ ਸੰਭਾਲ ਕਰਨ ਵਾਸਤੇ ਆਏ ਹੋਏ ਸਨ। ਲਕਸ਼ਮੀ ਨਰਾਇਣ ਜੀ ਨੇ ਅੱਗੇ ਵੱਧ ਕੇ ਉਸ

ਰਾਖਸ਼ ਰੂਪੀ ਅੰਗਰੇਜ਼ ਨੂੰ ਕਿਹਾ, "ਸ਼੍ਰੀਮਾਨ ਇਹ ਸਭ ਬੇਕਸੂਰ ਕਿਸਾਨ ਹਨ। ਇਨ੍ਹਾਂ ਨੇ ਕਦੇ ਵੀ ਅੰਗਰੇਜ਼ੀ ਹਕੂਮਤ ਨੂੰ ਨੁਕਸਾਨ ਨਹੀਂ ਪਹੁੰਚਾਇਆ। ਇਹ ਮੇਰੇ ਮੁਜ਼ਾਰੇ ਹਨ। ਇਹਨਾਂ ਨੂੰ ਸਜ਼ਾ ਨਾ ਦਿਓ।" ਅੰਗਰੇਜ਼ ਨੇ ਕਰੋਧ 'ਚ ਕਿਹਾ।

"ਅਗਰ ਇਹ ਤੇਰੇ ਮੁਜ਼ਾਰੇ ਹਨ, ਤੂੰ ਇਨ੍ਹਾਂ ਨੂੰ ਬਚਾਉਣਾ ਚਾਹੁੰਦਾ ਹੈ ਤਾਂ ਆਪਣੀ ਜ਼ਮੀਨ ਇਨ੍ਹਾਂ ਦੇ ਨਾਮ ਕਰਕੇ, ਸਾਨੂੰ ਸੂਚਨਾ ਦਿਓ ਵਰਨਾ ਏਕ ਸਪਤਾਹ ਬਾਅਦ ਇਨ੍ਹਾਂ ਨੂੰ ਇਹੀ ਸਜ਼ਾ ਦਿੱਤੀ ਜਾਵੇਗੀ।" ਪੰ: ਲਕਸ਼ਮੀ ਨਰਾਇਣ ਬਹੁਤ ਦਿਆਲੂ ਅਤੇ ਉਦਾਰ ਵਿਅਕਤੀ ਸਨ। ਉਨ੍ਹਾਂ ਨੇ ਆਪਣੇ ਕਿਸਾਨਾਂ ਦਾ ਜੀਵਨ ਬਚਾਉਣ ਵਾਸਤੇ ਆਪਣੀ ਸਾਰੀ ਜ਼ਮੀਨ ਉਨ੍ਹਾਂ 40 ਮੁਜਾਰਿਆਂ ਦੇ ਨਾਮ ਦਾਦਰੀ ਤਹਿਸੀਲ ਵਿੱਚ ਜਾਕੇ ਕੇਵਲ 40 ਰੁਪਏ ਵਿੱਚ ਟਰਾਂਸਫਰ ਕਰਵਾ ਦਿੱਤੀ ਅਤੇ ਉਹ ਆਪ ਪਿੰਡ ਦੇ ਭੂਮੀਹੀਣ ਹੋਕੇ ਦਿੱਲੀ ਚਲੇ ਗਏ। ਲੇਕਿਨ ਇੱਕ ਮਾਨਵਤਾ ਦਾ ਉਦਾਹਰਣ ਪੇਸ਼ ਕਰ ਗਏ। ਜੋ ਦਲੂਪੁਰ ਪਿੰਡ ਦੇ ਲੋਕਾਂ ਦੀ ਜੀਵਨ ਦਾਨ ਦੀ ਕਹਾਣੀ ਹੈ।

ਦਲੂਪੁਰਾ ਪਿੰਡ ਦੇ ਬਜ਼ੁਰਗ ਆਪਣੇ ਬੱਚਿਆਂ ਨੂੰ ਲਕਸ਼ਮੀ ਨਰਾਇਣ ਪੰਡਿਤ ਦੀ ਕਹਾਣੀ ਸੁਣਾ ਕੇ ਧੰਨਵਾਦ ਪ੍ਰਗਟ ਕਰਦੇ ਹਨ। ਪਿੰਡ ਵਾਲੇ ਉਨ੍ਹਾਂ ਨੂੰ ਆਦਰ ਨਾਲ ਲਕਸ਼ਮੀ ਪੰਡਤ ਕਿਹਾ ਕਰਦੇ ਸਨ। ਜਦੋਂ ਉਸ ਅਧਿਕਾਰੀ ਨੂੰ ਜ਼ਮੀਨ ਦਾ ਅਧਿਕਾਰ ਪੱਤਰ ਦਿਖਾਏ ਗਏ ਤਾਂ ਉਹ ਚਕ੍ਰਿਤ ਰਹਿ ਗਿਆ ਅਤੇ ਜਿਵੇਂ ਆਇਆ ਸੀ। ਉਵੇਂ ਹੀ ਵਾਪਸ ਚਲਿਆ ਗਿਆ। ਉਹ ਆਪਣੀ ਬਦਲੇ ਦੀ ਅੱਗ ਨਾ ਬੁਝਾ ਸਕਿਆ।

ਦਿੱਲੀ ਦੇ ਚੰਦਰਾਵਲ ਪਿੰਡ ਦਾ ਵੀ ਦਮਨ ਚੱਕਰ ਵਿੱਚ ਬੁਰਾ ਹਾਲ ਕੀਤਾ ਗਿਆ। ਪਿੰਡ ਨੂੰ ਸਾੜਿਆ ਗਿਆ ਅਤੇ ਵੱਡੇ ਪੈਮਾਨੇ ਤੇ ਨਰ ਸੰਹਾਰ ਕੀਤਾ ਗਿਆ, ਜੋ ਗੁੱਜ਼ਰ ਔਰਤਾਂ ਆਪਣੇ ਪੇਕਿਆਂ ਨੂੰ ਗਈਆ ਹੋਈਆਂ ਸਨ ਅਤੇ ਗਰਭਵਤੀਆਂ ਸਨ, ਉਹਨਾਂ ਦੀ ਸੰਤਾਨ ਤੋਂ ਚੰਦਰਾਵਲ ਪਿੰਡ ਦੀ ਵੰਸ਼ ਪ੍ਰੰਪਰਾ ਚੱਲੀ। ਇਨ੍ਹਾਂ ਗੁੱਜਰਾਂ ਤੇ ਮੈਟਾਕਾਫ ਹਾਊਸ ਲੁੱਟਣ ਅਤੇ ਵਜ਼ੀਰਾਬਾਦ ਦਾ ਸ਼ਸਤਰਗਾਰ ਲੁੱਟਣ ਦਾ ਇਲਜ਼ਾਮ ਲਾਇਆ ਗਿਆ। ਨਾਲ ਹੀ ਅੰਗਰੇਜ਼ਾਂ ਨੂੰ ਮੌਤ ਦੇ ਘਾਟ ਉਤਾਰਨ ਦਾ ਆਰੋਪ ਵੀ ਲਾਇਆ ਗਿਆ ਸੀ।

ਮਹਿਰੌਲੀ ਦੇ ਨੇੜੇ ਹੀ ਫਤਿਹਪੁਰ ਬੇਰੀ ਦੇ ਤੰਵਰ ਗੁੱਜਰਾਂ ਨੇ ਆਪਣੇ ਨੇਤਾ ਰਾਉ ਦਰਗਈ ਦੀ ਅਗਵਾਈ ਵਿੱਚ 1857 ਦੀ ਕ੍ਰਾਂਤੀ ਵਿੱਚ ਵੱਡਾ ਯੋਗਦਾਨ ਪਾਇਆ ਸੀ। ਇਸ ਪਿੰਡ ਦੇ 12 ਸਾਲ ਤੋਂ ਉਪਰ ਉਮਰ ਦੇ ਮਰਦਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਸੀ। ਉਥੋਂ ਦੇ ਗੁੱਜਰ ਆਗੂਆਂ ਦੇ ਸਿਰ ਕੱਟਕੇ ਪਿੰਡ ਦੀ ਚੌਪਾਲ ਦੀ ਪੌੜੀਆਂ ਦੇ ਹੇਠਾਂ ਦਬਾਏ ਗਏ ਤਾਂ ਕਿ ਫਤਿਹਪੁਰ ਬੇਰੀ ਦੇ ਗੁੱਜਰਾਂ

ਨੂੰ ਇਹ ਹਮੇਸ਼ਾਂ ਯਾਦ ਰਹੇ ਕਿ ਉਨ੍ਹਾਂ ਦੇ ਬਜ਼ੁਰਗਾਂ ਦੇ ਸਿਰਾਂ ਉਪਰ ਦੀ ਚੜ੍ਹਕੇ ਉਨ੍ਹਾਂ ਦਾ ਆਉਣਾ ਜਾਣਾ ਹੁੰਦਾ ਹੈ। ਅੰਗਰੇਜ਼ ਹਕੂਮਤ ਨਾਲ ਟੱਕਰ ਲੈਣ ਦੀ ਉਨ੍ਹਾਂ ਨੂੰ ਇਹ ਸਜ਼ਾ ਮਿਲੀ ਸੀ।

ਇਹ ਅੰਗਰੇਜ਼ੀ ਜ਼ੁਲਮ ਤੇ ਜੰਗਲੀਪਣ ਦੇ ਕੁਝ ਉਦਾਹਰਣ ਹਨ ਜੋਂ ਹੇਠਾਂ ਦਿੱਤੇ ਜਾ ਰਹੇ ਹਨ। ਜਦੋਂ ਕਿ ਉਨ੍ਹਾਂ ਨੇ ਹਰ ਪਿੰਡ ਇਸੇ ਪ੍ਰਕਾਰ ਦਾ ਦਮਨ ਚੱਕਰ ਚਲਾ ਕੇ ਦਹਿਸ਼ਤ ਫੈਲਾਈ ਸੀ ਜਾਂ ਇਸਦੀ ਕੋਸ਼ਿਸ਼ ਕੀਤੀ ਸੀ। ਦਿੱਲੀ ਦੇ ਅੰਤਿਮ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਜਫਰ ਕ੍ਰਾਂਤੀ ਦੇ ਅਸਫਲ ਹੋਣ ਤੇ ਲਾਚਾਰ ਤੇ ਬੇਬਸ ਹੋਕੇ ਲਾਲ ਕਿਲ੍ਹੇ ਤੋਂ ਬੇ ਪਨਾਹ ਨਿਕਲ ਪਿਆ ਅਤੇ ਪੁਰਾਣੇ ਕਿਲ੍ਹੇ ਤੱਕ ਜਾ ਪੁਜਿਆ। ਅਜੇ ਉਹ ਪਹੁੰਚਿਆ ਹੀ ਸੀ ਕਿ ਮੇਜਰ ਹਡਸਨ ਅੰਗਰੇਜ਼ ਜੋ ਦਿੱਲੀ ਵਿੱਚ ਦਮਨ ਚੱਕਰ ਦਾ ਇੰਚਾਰਜ ਸੀ। ਪਿੱਛੇ ਪਿੱਛੇ ਬਹਾਦਰ ਸ਼ਾਹ ਕੋਲ ਪਹੁੰਚਿਆ ਤੇ ਕਹਿਣ ਲੱਗਾ ਕਿ ਬ੍ਰਿਟਿਸ਼ ਸਰਕਾਰ ਤੁਹਾਨੂੰ ਇੱਕ ਤੋਹਫਾ ਦੇਣਾ ਚਾਹੁੰਦੀ ਹੈ। ਤੁਸੀਂ ਮੇਰੇ ਨਾਲ ਚਲੋ। ਬੇਪਨਾਹ ਲਾਚਾਰ ਬਾਦਸ਼ਾਹ ਮੇਜਰ ਹਡਸਨ ਦੇ ਨਾਲ ਮੁੜ ਪਿਆ। ਬੁੱਢਾ ਬਾਦਸ਼ਾਹ ਜਫਰ ਜੋ ਕਦੇ ਭਾਰਤ ਦਾ ਸਮਰਾਟ ਸੀ। ਅੱਜ ਇੱਕ ਮਾਯੂਸ ਅਤੇ ਲਾਚਾਰ ਇਨਸਾਨ ਸੀ। ਪੁਰਾਣੀ ਦਿੱਲੀ ਦੀ ਜੇਲ ਜਿਸ ਥਾਂ ਅੱਜ ਕੱਲ ਮੌਲਾਨਾ ਆਜ਼ਾਦ ਮੈਡੀਕਲ ਕਾਲਜ ਹੈ। ਉਥੇ ਮੇਜਰ ਹਡਸਨ ਨੇ ਇੱਕ ਚਾਂਦੀ ਦੀ ਤਸ਼ਕਰੀ ਵਿੱਚ ਬਾਦਸ਼ਾਹ ਜਫਰ ਦੇ ਪਰਿਵਾਰ ਦੇ ਇੱਕ ਜਵਾਨ ਬੇਟੇ ਅਤੇ ਅਬੋਧ ਪੋਤਿਆਂ ਦੇ ਕੱਟੇ ਹੋਏ ਸਿਰ ਪੇਸ਼ ਕੀਤੇ। ਬਾਦਸ਼ਾਹ ਜਫਰ ਦਾ ਕਵੀ ਹਿਰਦਾ ਚੀਖ ਉਠਿਆ, "ਐ ਜਫਰ ਉਸੇ ਇਨਸਾਨ ਮਤ ਸਮਝੋ, ਜਿਸੇ ਐਸ਼ ਮੇਂ ਯਾਦੇਂ ਖੁਦਾ ਨ ਰਹੀ, ਜਿਸੇ ਤੈਸ਼ ਮੇਂ ਖੌਫ ਏ ਖੁਦਾ ਨਾ ਰਹਾ" ਮੇਜਰ ਹਡਸਨ ਨੇ ਵੇਖਿਆ ਬਾਦਸ਼ਾਹ ਜਫਰ ਦੀਆਂ ਅੱਖਾਂ ਵਿੱਚ ਹੰਝੂਆਂ ਦਾ ਕੋਈ ਨਾਮੋ ਨਿਸ਼ਾਨ ਨਹੀਂ ਅਤੇ ਚਿਹਰੇ ਤੇ ਕੋਈ ਸ਼ਿਕਨ ਵੀ ਨਹੀਂ। ਉਸ ਤੇ ਮੇਜਰ ਹਡਸਨ ਨੇ ਕਿਹਾ, "ਕੀ ਤੁਹਾਡੀਆਂ ਅੱਖਾਂ ਵਿਚਲੇ ਹੰਝੂ ਵੀ ਸੁੱਕ ਗਏ ਹਨ।" ਇਸ ਤੇ ਜਫਰ ਨੇ ਤਪਾਕ ਨਾਲ ਕਿਹਾ, ਹਡਸਨ ਬਾਦਸ਼ਾਹ ਰੋਇਆ ਨਹੀਂ ਕਰਦੇ। ਇਸੇ ਪ੍ਰਕਾਰ ਬੱਚਿਆਂ ਤੇ ਬੇਟਿਆਂ ਦੇ ਸਿਰ ਦੇਖ ਕੇ ਕਿਹਾ ਸੀ। ਅੱਲਹਮਦੋ ਲਿਲਾਹ ਤੈਮੂਰ ਦੇ ਔਲਾਦੇਂ ਇੰਜ ਹੀ ਸੁਰਖਰੂ ਹੋਕੇ ਬਾਪ ਦੇ ਸਾਹਮਣੇ ਆਇਆ ਕਰਦੀਆਂ ਹਨ। ਉਸਤੋਂ ਬਾਅਦ ਭਾਰਤ ਦੇ ਅੰਤਿਮ ਮੁਗਲ ਸਮਰਾਟ ਕ੍ਰਾਂਤੀਕਾਰੀਆਂ ਦੀ ਆਸ਼ਾ ਦੇ ਪ੍ਰਤੀਕ ਅਤੇ ਬਾਬਰ ਦੀ ਅੰਤਿਮ ਵੰਸ਼ ਬਾਦਸ਼ਾਹ ਬਹਾਦਰ ਸ਼ਾਹ ਜਫਰ ਨੂੰ 20 ਸਤੰਬਰ 1857 ਨੂੰ ਕੈਦ ਕਰ ਲਿਆ ਗਿਆ ਅਤੇ ਜਲਦੀ ਹੀ ਰੰਗੂਨ ਦੀ ਜੇਲ ਵਿੱਚ ਪਹੁੰਚਾ ਦਿੱਤਾ ਗਿਆ।

ਜਿੱਥੇ ਉਹ ਇਕਾਂਤ ਅਤੇ ਬੁਢਾਪੇ ਦਾ ਮਾਰਿਆ ਹੋਇਆ ਬਾਦਸ਼ਾਹ ਕੈਦੀ

ਦਾ ਜੀਵਨ ਬਤੀਤ ਕਰਦਾ ਰਿਹਾ ਅਤੇ 7 ਨਵੰਬਰ 1862 ਨੂੰ ਉਸਦੀ ਜੀਵਨ ਲੀਲਾ ਰੰਗੂਨ ਵਿੱਚ ਹੀ ਸਮਾਪਤ ਹੋ ਗਈ। ਇਸ ਪ੍ਰਕਾਰ ਮਹਾਨ ਮੁਗਲ ਵੰਸ਼ ਦਾ ਅੰਤਿਮ ਸਮਰਾਟ ਬਹਾਦਰ ਸ਼ਾਹ ਜਫਰ ਦਾ ਦੁਖਦ ਅੰਤ ਹੋਇਆ ਤੇ ਉਸਨੂੰ ਆਪਣੇ ਵਤਨ ਵਿੱਚ ਹੀ ਦੋ ਗਜ਼ ਜਮੀਨ ਆਪਣੀ ਕਬਰ ਲਈ ਵੀ ਨਸੀਬ ਨਹੀਂ ਹੋਈ।

ਦਿਲ ਸੇ ਨਿਕਲੇਗੀ ਨਾ ਮਰ ਕਰ ਭੀ ਵਤਨ ਕੀ ਉਲਫਤ
ਮੇਰੀ ਮਿੱਟੀ ਸੇ ਭੀ ਖੁਸ਼ਬੂ-ਏ -ਵਤਨ ਕੀ ਆਏਗੀ

-ਜਫ਼ਰ

ਬਹਾਦਰ ਸ਼ਾਹ ਜਫ਼ਰ ਨੂੰ ਹਿੰਦੂ ਜਨਤਾ ਇਸ ਲਈ ਵੀ ਬਹੁਤ ਆਦਰ ਤੇ ਪਿਆਰ ਕਰਦੀ ਸੀ, ਕਿ ਬਾਦਸ਼ਾਹ ਨੇ ਫੁਰਮਾਨ ਜਾਰੀ ਕੀਤਾ ਕਿ ਕੋਈ ਵਿਅਕਤੀ ਈਦ ਦੇ ਅੱਗੇ ਜਾਂ ਪਿੱਛੇ, ਦਿਨ ਜਾਂ ਰਾਤ ਨੂੰ ਸ਼ਰੇਆਮ ਜਾਂ ਚੋਰੀ ਤੋਂ ਗਊ, ਬੈਲ , ਬਛੜਾ, ਬੱਛੀ ਆਦਿ ਨੂੰ ਕਤਲ ਕਰੇਗਾ ਤਾਂ ਉਹ ਬਾਦਸ਼ਾਹ ਦਾ ਦੁਸ਼ਮਨ ਸਮਝਿਆ ਜਾਵੇਗਾ ਅਤੇ ਉਸ ਨੂੰ ਤੋਪ ਨਾਲ ਉਡਾ ਦਿੱਤਾ ਜਾਵੇਗਾ।

ਬਹਾਦਰ ਸ਼ਾਹ ਜਫਰ ਦਾ ਇੱਕ ਹੋਰ ਆਦੇਸ਼ ਵੀ ਮਹੱਤਵਪੂਰਨ ਹੈ, 'ਕਿ ਉਸਨੇ ਸਭ ਥਾਨੇਦਾਰਾਂ ਨੂੰ ਆਦੇਸ਼ ਦਿੱਤਾ ਕਿ ਉਨ੍ਹਾਂ ਮੁਸਲਮਾਨਾਂ ਦੇ ਜਿਨ੍ਹਾਂ ਦੇ ਘਰ ਵਿੱਚ ਗਊਆਂ ਹੋਣ ਨਾਮ ਲਿਖ ਲਏ ਜਾਣ ਤੇ ਉਨ੍ਹਾਂ ਤੋਂ ਅਸ਼ਵਾਸਨ ਲਿਆ ਜਿਵੇਂ ਕਿ ਉਹ ਨਾ ਤੇ ਖੁਲਮਖੁਲਾ ਅਤੇ ਨਾ ਹੀ ਚੋਰੀ ਨਾਲ ਗਊ ਵਧ ਕਰਨਗੇ। ਜਿਨ੍ਹਾਂ ਘਰਾਂ ਵਿੱਚ ਗਊਆਂ ਬੰਨੀਆਂ ਹੋਈਆਂ ਉਸੇ ਪ੍ਰਕਾਰ ਬੰਨ੍ਹੀਆਂ ਰਹਿਣ। ਉਹਨਾਂ ਨੂੰ ਤਿੰਨ ਦਿਨ ਤੱਕ (ਈਦ ਦੇ ਦਿਨਾਂ ਵਿੱਚ) ਦਾਣਾ ਚਾਰਾ ਉਸੇ ਅਸਥਾਨ ਤੇ ਖਿਲਾਇਆ ਜਾਵੇ ਅਤੇ ਉਨ੍ਹਾਂ ਨੂੰ ਬਾਹਰ ਚਰਨ ਵਾਸਤੇ ਨਾ ਛੱਡਿਆ ਜਾਵੇ। ਉਨ੍ਹਾਂ ਨੂੰ ਭਲੀ ਭਾਂਤ ਸਮਝ ਲੈਣਾ ਚਾਹੀਦਾ ਹੈ, ਕਿ ਯੋਗ ਸੂਚੀ ਤੇ ਮੁਚੱਲਕੇ ਅਨੁਸਾਰ ਜੇਕਰ ਗਊਆਂ ਨਾ ਮਿਲੀਆਂ ਅਤੇ ਜੇਕਰ ਕਿਸੇ ਨੇ ਛੁਪਾ ਕੇ ਉਨ੍ਹਾਂ ਨੂੰ ਕਤਲ ਕਰ ਦਿੱਤਾ ਤਾਂ ਉਹ ਦੰਡ ਦਾ ਭਾਗੀ ਹੋਵੇਗਾ ਅਤੇ ਜਾਨ ਤੋਂ ਮਾਰ ਦਿੱਤਾ ਜਾਵੇਗਾ। 29 ਜੁਲਾਈ 1857 ਦਾ ਇਹ ਫਰਮਾਨ ਇੱਕ ਨਮੂਨਾ ਸੀ ਬਾਦਸ਼ਾਹ ਬਹਾਦਰ ਸ਼ਾਹ ਜਫਰ ਦੀ ਹਿੰਦੂ ਜਨਤਾ ਦੀਆਂ ਕੋਮਲ ਭਾਵਨਾਵਾਂ ਦਾ ਆਦਰ ਅਤੇ ਸਰਵ ਧਰਮ ਸਦਭਾਵਨਾ ਦਾ ਪਾਲਨ ਤੇ ਹਿੰਦੂ-ਮੁਸਲਿਮ ਏਕਤਾ ਨੂੰ ਬਣਾਈ ਰੱਖਣ ਦਾ।

ਬਹਾਦਰ ਸ਼ਾਹ ਜਫਰ ਦੇ ਬਾਅਦ ਦਿੱਲੀ ਵਿੱਚ ਦਮਨ ਚਕਰ ਦਾ ਅੰਤ ਹੋਇਆ ਅਤੇ ਦਿੱਲੀ ਵਿੱਚ ਕ੍ਰਾਂਤੀ ਨੂੰ ਦਬ ਦਿੱਤਾ ਗਿਆ। ਇਸ ਕ੍ਰਾਂਤੀ ਵਿੱਚ ਦਿੱਲੀ ਦੇ ਮੁਸਲਮਾਨਾਂ ਅਤੇ ਸ਼ਾਹੀ ਪਰਿਵਾਰਾਂ ਦੇ ਰਿਸ਼ਤੇਦਾਰਾਂ ਨੂੰ ਜਾਨ ਤੇ ਮਾਲ ਦੀ ਹਾਨੀ ਉਠਾਉਣੀ ਪਈ, ਲੇਕਿਨ ਗੁੱਜਰਾਂ ਦੇ ਹਰ ਇੱਕ ਪਿੰਡ ਜਾਕੇ ਅੰਗਰੇਜ਼

ਅਫਸ਼ਰਾਂ ਨੇ ਦਿਲ ਖੋਲ੍ਹ ਕੇ ਬਦਲਾ ਲਿਆ। ਜਦੋਂ ਅੰਗਰੇਜ਼ ਕਲਕੱਤਾ ਤੋਂ ਆਪਣੀ ਰਾਜਧਾਨੀ ਨਵੀਂ ਦਿੱਲੀ ਲੈ ਆਏ ਤਾਂ ਗੁੱਜਰਾਂ ਦੇ 50 ਪਿੰਡ ਉਜਾੜ ਕੇ ਪਿੰਡ ਵਿਚ ਰਾਜ ਕਾਜ ਚਲਾਉਣ ਅਤੇ ਆਰਾਮ ਨਾਲ ਰਹਿਣ ਲਈ ਰਾਸ਼ਟਰਪਤੀ ਭਵਨ, ਕੇਂਦਰੀ ਸਕੱਤਰੇਤ ਤੇ ਸੰਸਦ ਭਵਨ ਅਤੇ ਨਵੀਂ ਦਿੱਲੀ ਵਰਗੇ ਆਧੁਨਿਕ ਸ਼ਹਿਰ ਦਾ ਨਿਰਮਾਣ ਕੀਤਾ ਗਿਆ। ਦਿੱਲੀ ਦੇ ਆਸ ਪਾਸ ਦੇ ਗੁੱਜਰਾਂ ਨੂੰ ਅੰਗਰੇਜ਼ਾਂ ਨੇ ਜਿਤਨਾ ਕੁਚਲਿਆ ਇਸਦੀ ਦੂਸਰੀ ਮਿਸਾਲ ਕਿਤੇ ਨਹੀਂ ਹੈ। ਇਹੋ ਕਾਰਨ ਹੈ ਰਾਜਧਾਨੀ ਦੇ ਨਜ਼ਦੀਕ ਹੁੰਦੇ ਹੋਏ ਵੀ ਦਿੱਲੀ ਦੇ ਗੁੱਜਰ ਅੱਜ ਤੱਕ ਪਛੜੇ ਰਹਿ ਗਏ ਹਨ ਜਦੋਂ ਕਿ ਉਨ੍ਹਾਂ ਨੂੰ ਸਭ ਤੋਂ ਮੂਹਰਲੀਆਂ ਸਫਾਂ ਵਿੱਚ ਹੋਣਾ ਚਾਹੀਦਾ ਸੀ।

# ਹਰਿਆਣਾ (ਸੋਹਨਾ ਖੇਤਰ ਦੇ ਗੁੱਜਰ – 1857)

ਸੋਹਨਾ ਖੇਤਰ ਵਿੱਚ ਸਵਾਧੀਨਤਾ ਸੰਗ੍ਰਾਮ ਵਿੱਚ ਗੁੱਜਰਾਂ ਨੇ ਵੱਡੇ ਸੰਗਠਿਤ ਰੂਪ ਵਿੱਚ ਦਿਲੋ ਜਾਨ ਨਾਲ ਲੜਾਈ ਲੜੀ। ਖਟਾਣੇ ਗੁੱਜਰਾਂ ਦਾ ਸਦੀਆਂ ਪਹਿਲੇ ਪਿੰਡ ਦੁਧਵਾ (ਰਾਜਸਥਾਨ) ਵਿੱਚ ਸੀ। ਜਿਥੋਂ ਇਨ੍ਹਾਂ ਦੇ ਪੁਰਖੇ 'ਰੋਜ ਕਾ ਗੁੱਜਰ' ਦੀਆ ਪਹਾੜੀਆਂ ਵਿੱਚ ਆ ਵਸੇ ਸਨ। ਇਹ ਰੋਜ਼ ਕਾ ਗੁੱਜਰ ਦੀਆਂ ਪਹਾੜੀਆਂ ਅਰਾਵਲੀ ਪਰਬਤ ਦੀਆਂ ਸ਼ਾਖਾਵਾਂ ਗੁੜਗਾਓਂ ਵਿੱਚ ਹਨ। ਜਿਸ ਵਿੱਚ 'ਰੋਜ ਕਾ ਗੁੱਜਰ' ਦੀਆਂ ਪਹਾੜੀਆਂ ਤੋਂ ਨਿਕਲ ਕੇ ਇਨ੍ਹਾਂ ਦੇ ਪਿੰਡ ਰਿਠੌਜ, ਸਹਿਜਾਬਾਸ, ਬਹਲਪਾ, ਖੇਲੜਾ, ਦਮਦਮਾ, ਅਭੈਪੁਰ, ਲੋਹਰਕੀ, ਬੇਰਕਾ, ਖੇਲੜੀ ਲਾਲਾ, ਗਗੋਲੀ ਆਦਿ ਆਬਾਦ ਹਨ। ਇਨ੍ਹਾਂ ਪਿੰਡਾਂ ਤੋਂ ਇਲਾਵਾ ਗੰਗਾ ਜਮੁਨਾ ਦੇ ਦੋਆਬ ਵਿੱਚ ਵੀ ਖਟਾਣਿਆਂ ਦੇ 12 ਪਿੰਡ ਆਬਾਦ ਹਨ। ਖਟਾਣੇ ਗੁੱਜਰ ਵੀਰਤਾ ਅਤੇ ਦੇਸ਼ ਭਗਤੀ ਲਈ ਪ੍ਰਸਿੱਧ ਰਹੇ ਹਨ।

ਸਵਾਧੀਨਤਾ ਸੰਗਰਾਮ ਸਨ 1857 ਈ. ਵਿੱਚ ਖਟਾਣੇ ਪ੍ਰਮੁੱਖ ਪ੍ਰਭਾਵਸ਼ਾਲੀ ਤੇ ਬਹਾਦਰ ਨੇਤਾ ਭਜਨ ਖਟਾਣਾ ਜਿਸਨੂੰ ਡਾਫਾ ਵੀ ਕਹਿੰਦੇ ਸਨ। ਜੋ ਕਿ ਬਹਲਪਾ ਪਿੰਡ ਦਾ ਰਹਿਣ ਵਾਲਾ ਸੀ ਦੀ ਅਗਵਾਈ ਵਿੱਚ ਲੜਿਆ ਗਿਆ।

ਮੈਂ ਇੱਥੇ ਭਜਨ ਖਟਾਣਾ ਦਾ ਉਚ ਕੋਟੀ ਦਾ ਮਾਨਵੀ ਉਦਾਹਰਨ ਦਾ ਰੋਚਕ ਵੇਰਵਾ ਦੇ ਰਿਹਾ ਹਾਂ। ਇੱਕ ਦਿਨ ਚੌਧਰੀ ਭਜਨ ਖਟਾਣਾ ਦੌਲਾ ਪਿੰਡ ਵੱਲ ਘੋੜੇ ਤੇ ਸਵਾਰ ਹੋਕੇ ਜਾ ਰਹੇ ਸਨ। ਰਸਤੇ ਵਿੱਚ ਇੱਕ ਅੰਗਰੇਜ਼ ਅਫਸਰ ਹੱਥ ਉਠਾਕੇ ਇਨ੍ਹਾਂ ਦੇ ਪੈਰਾਂ ਨੂੰ ਚੰਬੜ ਗਿਆ ਅਤੇ ਜੀਵਨਦਾਨ ਮੰਗਣ ਲੱਗਿਆ। ਉਸ ਅੰਗਰੇਜ਼ ਦਾ ਪਿੱਛਾ ਭੌਮਲੇ ਗੁੱਜਰਾਂ ਦੀ ਧਾੜ ਕਰ ਰਹੀ ਸੀ। ਚੌਂ. ਭਜਨ ਨੇ ਹੱਥ ਉਠਾ ਉਚੀ ਆਵਾਜ ਵਿੱਚ ਕਿਹਾ, "ਖਬਰਦਾਰ ਸ਼ਰਣ ਵਿੱਚ ਆਏ ਉਤੇ ਹੱਥ ਚੁੱਕਣਾ ਜਾ ਮਾਰਨਾ ਸਾਡੇ ਇਲਾਕੇ ਦੇ ਛਤ੍ਰੀ ਧਰਮ ਦੇ ਵਿਰੁੱਧ ਹੈ। ਇਹ ਅੰਗਰੇਜ਼ ਹੁਣ ਮੇਰੀ ਸ਼ਰਨ ਵਿੱਚ ਹੈ। ਤੁਸੀਂ ਇਸਨੂੰ ਜੀਵਨ ਦਾਨ ਦੇ ਦਿਓ। ਵਰਨਾ ਉਸ ਤੋਂ ਪਹਿਲਾਂ ਮੈਨੂੰ ਮਾਰਨਾ ਹੋਵੇਗਾ। ਜਦੋਂ ਤੱਕ ਮੈਂ ਜਿਉਂਦਾ ਹਾਂ ਤੁਸੀਂ ਇਸਦੀ ਜਾਨ ਨਹੀਂ ਲੈ ਸਕਦੇ।" ਭਜਨ ਖਟਾਣਾ ਨੇ ਆਪਣੀ ਜਾਨ ਦੀ ਬਾਜੀ ਲਾਕੇ ਉਸ ਅੰਗਰੇਜ਼ ਦੀ ਜਾਨ ਬਚਾਈ। ਇਸ ਪ੍ਰਕਾਰ ਭੌਮਲਿਆ ਦੀ ਧਾੜ ਆਪਣੇ ਨੇਤਾ

ਦੇ ਆਦੇਸ ਤੇ ਵਾਪਸ ਚਲੀ ਗਈ। ਇਸਤੋਂ ਬਾਅਦ ਤੇਲ ਵਿੱਚ ਤਵੇ ਦੀ ਕਾਲਖ ਅੰਗਰੇਜ਼ ਦੇ ਸਰੀਰ ਉਤੇ ਮਲ ਦਿੱਤੀ ਤਾਂ ਕਿ ਕੋਈ ਉਸਨੂੰ ਪਹਿਚਾਣ ਨਾ ਸਕੇ ਅਤੇ ਉਸਨੂੰ ਸੁਰੱਖਿਅਤ ਉਸਦੇ ਟਿਕਾਣੇ ਪਹੁੰਚਾਇਆ ਗਿਆ।

ਉਹ ਅੰਗਰੇਜ਼ ਬਹੁਤ ਪ੍ਰਭਾਵਸ਼ਾਲੀ ਅਧਿਕਾਰੀ ਸੀ। ਉਸਨੇ ਭੌਂਮਲੇ ਗੁੱਜਰਾਂ ਦੇ ਜਬਤ ਹੋਏ ਪੰਜ ਪਿੰਡ ਅਤੇ 52 ਸਰਟੀਫਿਕੇਟ ਚੌਂ: ਭਜਨ ਖਟਾਣਾਂ ਨੂੰ ਵਫਾਦਾਰੀ ਦੇ ਇਨਾਮ ਵਜੋਂ ਦਿਵਾਉਣ ਦੀ ਕੋਸ਼ਿਸ਼ ਅੰਗਰੇਜ਼ ਸਰਕਾਰ ਨਾਲ ਕੀਤੀ। ਭਜਨ ਖਟਾਣਾ ਨੇ ਇਹ ਇਨਾਮ ਠੁਕਰਾ ਦਿੱਤਾ। ਫਿਰ ਵੀ ਅੰਗਰੇਜ਼ ਸਰਕਾਰ ਨੇ ਉਨ੍ਹਾਂ ਦੇ ਛੋਟੇ ਭਾਈ ਘੇਸੂ ਖਟਾਣਾ ਦੇ ਨਾਮ ਮੈਨਪੁਰੀ ਵਿੱਚ ਇੱਕ ਹਜ਼ਾਰ ਘੋੜਿਆਂ ਦਾ ਰਿਸਾਲਾ ਕਾਇਮ ਕੀਤਾ ਅਤੇ ਉਹ ਰਿਸਾਲਦਾਰ ਕਹਿਲਾਏ। ਸੱਚਾ ਵੀਰ ਉਹੋ ਹੈ ਜਿਸ ਵਿੱਚ ਮਾਨਵਤਾ, ਦਇਆ ਤੇ ਧਰਮ ਦੇ ਸੰਸਕਾਰ ਹੋਣ ਅਤੇ ਵੱਡੇ ਤੋਂ ਵੱਡਾ ਲਾਲਚ ਵੀ ਉਸਨੂੰ ਡੇਗ ਨਾ ਸਕੇ।

ਚੌਧਰੀ ਭਜਨ ਖਟਾਣਾ ਦਾ ਇੱਕ ਹੋਰ ਦੂਰਦਰਸੀ ਵਾਲਾ ਤੇ ਮਾਨਵਤਾ ਦੀ ਕਹਾਣੀ ਲਿਖਣ ਦਾ ਲੋਭ ਨਹੀਂ ਛੱਡ ਸਕਦਾ। 1857 ਵਿੱਚ ਦਮਨ ਫਲਸਰੂਪ ਜਦੋਂ ਖਟਾਣੇ ਗੁੱਜਰਾਂ ਨੂੰ ਫਾਂਸ਼ੀ ਦੇਣ ਵਾਸਤੇ ਮਹਿਰੌਲੀ ਲਿਜਾਇਆ ਜਾ ਰਿਹਾ ਸੀ। ਉਨ੍ਹਾਂ ਵਿੱਚ ਚਾਰ ਗੁੱਜਰ ਅਜਿਹੇ ਸਨ, ਜਿਨ੍ਹਾਂ ਦੀ ਸ਼ਾਦੀ ਹੋਇਆਂ ਅਜੇ ਥੋੜ੍ਹੇ ਦਿਨ ਹੀ ਹੋਏ ਸਨ। ਜੇਕਰ ਉਹ ਫਾਂਸੀ ਚੜ੍ਹ ਜਾਂਦੇ ਤਾਂ ਉਨ੍ਹਾਂ ਦੇ ਵੰਸ਼ ਰੁਕ ਜਾਂਦਾ। ਇਸ ਲਈ ਭਜਨ ਖਟਾਣਾ ਨੇ ਉਨ੍ਹਾਂ ਨੂੰ ਛੁਡਾ ਦਿੱਤਾ, ਤਾਂ ਉਨ੍ਹਾਂ ਅੱਗੇ ਦੀ ਵੰਸ਼ ਚੱਲੀ। ਜਿਨ੍ਹਾਂ ਖਟਾਣੇ ਗੁੱਜਰਾਂ ਨੂੰ ਮਹਿਰੌਲੀ ਲਿਜਾਕੇ ਫਾਂਸੀ ਦਿੱਤੀ ਗਈ, ਉਹ ਰਿਠੌਜ, ਸਹਜਾਬਾਸ, ਬਹਲਪਾ, ਖੇਲੜਾ ਤੇ ਬੇਰਕਾ ਆਦਿ ਪਿੰਡਾਂ ਦੇ ਨਿਵਾਸੀ ਸਨ।

ਇਸੇ ਪ੍ਰਕਾਰ ਚੌਂ: ਖੁਸ਼ੀਆ ਖਟਾਣਾ ਜਿਹੜਾ ਅਭੈਪੁਰ ਦੇ ਰਹਿਣ ਵਾਲੇ। ਬਹੁਤ ਪ੍ਰਭਾਵਸ਼ਾਲੀ ਗੁੱਜਰ ਸਨ। ਉਨ੍ਹਾਂ ਦੀ ਵੀਰਤਾ ਇਸ ਸੰਗਠਿਤ ਸ਼ਕਤੀ ਤੇ ਪ੍ਰਭਾਵ ਨੂੰ ਦੇਖਕੇ ਦਿੱਲੀ ਦੇ ਕਮਿਸ਼ਨਰ ਫੇਜ਼ਰ ਨੇ ਚੌਂ: ਖੁਸ਼ੀਆ ਗੁੱਜਰ ਨੂੰ ਇਸ ਇਲਾਕੇ ਦਾ ਰਾਜਾ ਬਣਵਾਇਆ। ਉਸਨੂੰ ਸ਼ਾਹੀ ਪੋਸ਼ਾਕ ਪੁਆ ਕੇ ਹਾਥੀ ਤੇ ਬਹਾ ਕੇ ਉਸਦਾ ਜਲੂਸ ਕੱਢਿਆ ਗਿਆ। ਇਸ ਇਲਾਕੇ ਦੇ ਪਿੰਡਾਂ ਦੀ ਭੂਮੀ ਦਾ ਬੰਦੋਬਸਤ ਕਰਨ ਦਾ ਕੰਮ ਉਸ ਨੂੰ ਸੌਂਪ ਦਿੱਤਾ। ਚੌਂ: ਖੁਸ਼ੀਆ ਖਟਾਣਾ ਨੇ ਇਸ ਕੰਮ ਨੂੰ ਬਹੁਤ ਚਤੁਰਾਈ ਨਾਲ ਕੀਤਾ। ਅਤੇ ਅਜਿਹੇ ਤਰੀਕੇ ਕੱਢੇ ਜਿਸ ਨਾਲ ਲਗਾਨ ਘੱਟੋ ਘੱਟ ਵਸੂਲ ਹੋਵੇ ਅਤੇ ਕਿਸਾਨਾਂ ਦੀਆ ਕਠਿਨਾਈਆਂ ਘੱਟ ਹੋਣ। ਕਿਸਾਨਾਂ ਨੂੰ ਰਾਹਤ ਦੇਣੀ ਚੌਂ: ਖੁਸ਼ੀਆ ਖਟਾਣਾ ਦਾ ਵਿਸ਼ੇਸ ਨਿਸ਼ਾਨਾ ਸੀ ਨਾ ਕਿ ਵਿਦੇਸ਼ੀ ਹਕੂਮਤ ਨੂੰ ਲਾਭ ਪਹੁਚਾਉਣਾ।

ਦੇਸ਼ ਦੇ ਹੋਰ ਗੁੱਜਰਾਂ ਦੀ ਤਰ੍ਹਾਂ ਸੋਹਨਾ ਇਲਾਕਾ (ਹਰਿਆਣਾ) ਦੇ ਖਟਾਣੇ, ਭੌਮਲੇ ਆਦਿ ਗੁੱਜਰਾਂ ਨੇ ਬਹੁਤ ਵੱਡੇ ਵੱਡੇ ਬਲੀਦਾਨ ਦਿੱਤੇ। ਇਸ ਇਲਾਕੇ ਦੇ 31 ਬਾਗੀ ਨੇਤਾਵਾਂ ਨੂੰ ਅੰਗੇਰਜ਼ ਹਕੂਮਤ ਨੇ ਮਹਿਰੌਲੀ ਵਿੱਚ ਫਾਂਸੀ ਦੇ ਕੇ ਜਾਂ ਉਨ੍ਹਾਂ ਦੇ ਪਿੰਡਾਂ ਨੂੰ ਤੋਪਾਂ ਨਾਲ ਉਡਾ ਕੇ ਬਦਲਾ ਲਿਆ ਸੀ। ਉਨ੍ਹਾਂ ਦੀ ਜ਼ਮੀਨ ਜਾਇਦਾਦ ਜਬਤ ਕੀਤੀ ਗਈ ਸੀ। ਗੁੱਜਰਾਂ ਨੂੰ ਸਰਕਾਰੀ ਨੌਕਰੀ ਦੇ ਅਯੋਗ ਐਲਾਨਿਆ ਗਿਆ। ਉਨ੍ਹਾਂ ਨੂੰ ਹੋਰ ਕਈ ਤਰ੍ਹਾਂ ਦੀਆ ਯਾਤਨਾਵਾਂ ਦੇ ਕੇ ਤੰਗ ਕੀਤਾ ਗਿਆ। 3 ਮਾਰਚ 1980 ਨੂੰ ਗੁਜਰੋਟ ਭਾਰਤੀ (ਗੁੱਜਰ ਬਿਰਾਦਰੀ ਦੀ ਇੱਕ ਸੰਸਥਾ) ਨੇ 31 ਅਮਰ ਸ਼ਹੀਦਾਂ ਦੀ ਯਾਦ ਵਿੱਚ ਦਮਦਮਾ ਅਭੈਪੁਰ ਬੰਨ (ਸੋਹਨਾ) ਜ਼ਿਲ੍ਹਾ ਗੁੜਗਾਓਂ ਵਿੱਚ ਇਕ ਯਾਦਗਾਰ  ਸਥਾਪਤ ਕੀਤੀ। ਭਵਿੱਖ ਦੇ ਇਤਿਹਾਸਕਾਰ ਕੇਵਲ ਇਹ ਨਾ ਸਮਝ ਲੈਣ ਕੇ 1857 ਵਿੱਚ ਕੇਵਲ 31 ਵੀਰ ਸਪੂਤਾਂ ਨੇ ਹੀ ਸ਼ਹਾਦਤ ਦਿੱਤੀ ਸੀ ਬਲਕਿ ਸੱਚਾਈ ਇਹ ਹੈ ਕਿ ਦਿੱਲੀ, ਗੁੜਗਾਓਂ, ਸੋਹਨਾ, ਪਲਵਲ ਇਲਾਕੇ ਵਿੱਚੋਂ ਕੋਈ ਵੀ ਵੱਡਾ ਦਰਖਤ ਐਸਾ ਨਹੀਂ ਜਿਸ ਨਾਲ ਲਟਕਾ ਕੇ ਦੇਸ਼ ਭਗਤਾਂ ਨੂੰ ਫਾਂਸੀ ਨਾ ਦਿੱਤੀ ਗਈ ਹੋਵੇ ਜਾਂ ਉਸਦੇ ਤਣੇ ਨਾਲ ਬੰਨ੍ਹਕੇ ਤੋਪ ਜਾਂ ਗੋਲੀਆਂ ਨਾਲ ਨਾ ਉਡਾਇਆ ਗਿਆ ਹੋਵੇ। ਇਸ ਇਲਾਕੇ ਵਿੱਚ ਬਜ਼ੁਰਗਾਂ ਨੂੰ ਪੁਰਾਣੇ ਦਰੱਖਤਾਂ ਦੇ ਨਾਲ ਜੁੜੀਆਂ ਅਨੇਕਾਂ ਆਜ਼ਾਦੀ ਦੇ ਦੀਵਾਨਿਆਂ ਦੀਆਂ ਅਮਰ ਕਹਾਣੀਆਂ ਯਾਦ ਹਨ, ਜਿੱਥੇ ਇਨ੍ਹਾਂ ਭਾਰਤ ਮਾਤਾ ਦੇ ਸੱਚੇ ਸਪੂਤ ਦੇਸ਼ ਭਗਤਾਂ ਨੂੰ ਫਾਂਸੀ ਦਿੱਤੀ ਗਈ ਜਾਂ ਗੋਲੀ ਨਾਲ ਉਡਾਇਆ ਗਿਆ ਸੀ।

ਏਥੇ ਅਸੀਂ ਅਣਜਾਣੇ ਗੁੱਜਰ ਸ਼ਹੀਦਾਂ ਤੇ ਇਸ ਇਲਾਕੇ ਦੇ ਸਵਾਧੀਨਤਾ ਸੰਗਰਾਮ ਦੇ ਅਮਰ ਸ਼ਹੀਦਾਂ ਦੀ ਸੂਚੀ ਦੇ ਰਹੇ ਹਾਂ। ਜਿਨ੍ਹਾਂ ਨੂੰ ਫਾਂਸੀ ਜਾਂ ਗੋਲੀ ਨਾਲ ਉਡਾਉਣ ਦੀ ਸਜ਼ਾ ਦਿੱਤੀ ਗਈ ਸੀ। ਇਨ੍ਹਾਂ ਵਿੱਚ ਇੱਕ ਦੋ ਗੈਰ ਗੁੱਜਰ ਵੀ ਸ਼ਾਮਿਲ ਹਨ। ਇਸ ਸੂਚੀ ਨੂੰ ਅੰਤਿਮ ਸੂਚੀ ਨਹੀਂ ਸਮਝਣਾ ਚਾਹੀਦਾ। ਇਹ ਤਾਂ ਕੇਵਲ ਉਹ ਸ਼ਹੀਦ ਹਨ, ਜਿਨ੍ਹਾਂ ਦੇ ਨਾਮ ਸਰਕਾਰੀ ਰਿਕਾਰਡ ਵਿੱਚ ਮੌਜੂਦ ਹਨ। ਇਨ੍ਹਾਂ ਤੋਂ ਇਲਾਵਾ ਅਨੇਕਾਂ ਗੁੱਜਰਾਂ ਨੂੰ ਮੌਤ ਦੇ ਘਾਟ ਉਤਾਰਿਆ ਗਿਆ ਸੀ। ਇੱਥੋਂ ਤੱਕ ਅੰਗਰੇਜ਼ਾਂ ਨੇ ਗੁੱਜਰਾਂ ਨੂੰ ਮਾਰਕੇ ਆਪਣੀ ਇੰਤਕਾਮ ਦੀ ਅੱਗ ਬੁਝਾਉਣ ਦੇ ਵਿਚਿਤਰ ਤਰੀਕਾ ਕੱਢਿਆ। ਸੋਹਨਾ ਇਲਾਕੇ ਵਿੱਚ ਰਾਹ ਚੱਲਦੇ ਰਾਹਗੀਰਾਂ ਨੂੰ ਏ ਨੂੰ ਓ ਦੇ ਸਥਾਨ ਤੇ ਉਚਾਰਣ ਕਰਨ ਤੇ ਗੁੱਜਰ ਸਮਝ ਲਿਆ ਜਾਂਦਾ ਸੀ। ਬੁਲੰਦ ਸ਼ਹਿਰ ਜ਼ਿਲ੍ਹੇ ਵਿੱਚ ਚਨੇ ਨੂੰ ਚਣੋਂ ਅਤੇ ਆਲੂ ਨੂੰ ਆਲਹੂ ਉਚਾਰਣ ਕਰਨ ਵਾਲੇ ਨੂੰ ਗੁੱਜ਼ਰ ਮੰਨ ਕੇ ਗੋਲੀ ਮਾਰ ਦਿੱਤੀ ਜਾਂਦੀ ਸੀ। ਜਿਸਦਾ ਕੋਈ ਸਰਕਾਰੀ ਰਿਕਾਰਡ ਜਾਂ ਗੈਰ ਸਰਕਾਰੀ ਰਿਕਾਰਡ ਨਹੀਂ ਹੈ। ਹਾਂ ਇਸ

ਇਲਾਕੇ ਦੇ ਗੁੱਜਰਾਂ ਦੇ ਬਜ਼ੁਰਗਾਂ ਨੂੰ ਅਨੇਕਾਂ ਰੋਮਾਂਚਕ ਤੇ ਦਿਲ ਹਿਲਾਊ ਕਿੱਸੇ ਯਾਦ ਹਨ ਜੋ ਅੰਗਰੇਜ਼ਾਂ ਨੇ ਦਮਨ ਚੱਕਰ ਦੇ ਦੌਰਾਨ ਗੈਰ ਮਨੁੱਖੀ ਕਾਰਜ ਕੀਤੇ ਸਨ। ਇਸ ਤਰ੍ਹਾਂ ਬਿਨਾ ਦੋਸ਼ ਅਰੋਪਣ ਦੇ ਕਿਸੇ ਨੂੰ ਸਜਾ ਦੇਣਾ ਦੁਨੀਆਂ ਵਿੱਚ ਕਿਤੇ ਵੀ ਐਸੀ ਮਿਸਾਲ ਨਹੀਂ ਕਿ ਕੇਵਲ ਉਚਾਰਣ ਦੀ ਪਹਿਚਾਣ ਕਰਕੇ ਹੀ ਕਿਸੇ ਨੂੰ ਮਾਰਿਆ ਜਾਵੇ ਜਾਂ ਮਾਰਿਆ ਗਿਆ ਹੋਵੇ ਅਤੇ ਬਦਲੇ ਦੀ ਅੱਗ ਅੰਗਰੇਜ਼ਾਂ ਨੇ ਜ਼ੁਲਮ ਨਾਲ ਬੁਝਾਈ ਸੀ।

## ਹਰਿਆਣਾ ਦੇ ਗੁੜਗਾਉਂ ਜ਼ਿਲ੍ਹੇ ਸੋਹਨਾ ਇਲਾਕੇ ਦੇ 1857 ਦੇ ਸ਼ਹੀਦ

**ਇਨ੍ਹਾਂ ਸ਼ਹੀਦਾਂ ਨੂੰ ਮਹਿਰੌਲੀ (ਦਿੱਲੀ) ਵਿੱਚ ਫਾਂਸੀ ਦਿਤੀ ਗਈ ਸੀ:**

1. ਛੱਜੀਆ ਨੰਬਰਦਾਰ ਗੁੱਜਰ, ਕਾਦਰਪੁਰ, 7 ਦਸੰਬਰ 1857
2. ਗੰਗਾ ਨੰਬਰਦਾਰ ਗੁੱਜਰ ਰਿਠੌਜ, 7 ਦਸੰਬਰ 1857
3. ਕਲੂਆ ਵਲਦ ਤੇਜਾ ਗੁੱਜਰ ਰਿਠੌਜ, 7 ਦਸੰਬਰ 1857
4. ਸ਼ੋਭਾ ਗੁੱਜਰ ਪਾਲੀ, 7 ਦਸੰਬਰ 1857
5. ਮੇਹਰਾ ਗੁੱਜਰ ਪਾਲੀ, 7 ਦਸੰਬਰ 1857
6. ਸ਼ੇਰਾਵ ਗੁੱਜਰ ਕਾਦਰਪੁਰ, 7 ਦਸੰਬਰ 1857
7. ਮੀਰਾ ਨੰਬਰਦਾਰ ਗੁੱਜਰ ਕਾਦਰਪੁਰ, 7 ਦਸੰਬਰ 1857
8. ਮਿਹਰਾਬ ਗੁੱਜਰ ਕਾਦਰਪੁਰ, 7 ਦਸੰਬਰ 1857
9. ਨੰਦਾ ਗੁੱਜਰ ਰਿਠੌਜ, 7 ਦਸੰਬਰ 1857
10. ਭੀਖਾ ਰਾਮ ਵਲਦ ਬਖਸ਼ੀ ਰਾਮ ਗੁੱਜਰ ਦਰਬਾਰੀਪੁਰ, 11 ਦਸੰਬਰ 1857
11. ਬਿਰਜਾ ਵਲਦ ਸਾਧੂ ਰਾਮ ਗੁੱਜਰ ਦਰਬਾਰੀਪੁਰ, 11 ਦਸੰਬਰ 1857
12. ਅਮੀਰ ਵਲਦ ਮੁਬਾਰਕ ਗੁੱਜਰ ਬੇਰਕਾ, 6 ਜਨਵਰੀ 1858
13. ਬਖਤਾ ਰਾਮ ਵਲਦ ਜੋਖੀ ਰਾਮ ਬਾਦਸ਼ਾਹਪੁਰ, 6 ਜਨਵਰੀ 1858
14. ਖੁਸ਼ਹਾਲ ਵਲਦ ਖਾਂਡੂ ਰਾਮ ਗੁੱਜਰ ਬੇਰਕਾ, 6 ਜਨਵਰੀ 1858
15. ਕਿਸ਼ਨ ਇਲਆਸ ਖੁਸ਼ੀ ਵਲਦ ਚੰਦੂ ਗੁੱਜਰ ਬੇਰਕਾ, 6 ਜਨਵਰੀ 1858
16. ਰਾਮਦੀਨ ਵਲਦ ਕੇਵਲ ਸਿੰਘ ਬਾਦਸ਼ਾਹਪੁਰ, 6 ਜਨਵਰੀ 1858

17. ਰੰਗਬਾਜ ਵਲਦ ਮਲਖਾਨ ਗੁੱਜਰ ਬੇਰਕਾ, 6 ਜਨਵਰੀ 1858
18. ਉਦਯ ਚੰਦ ਗੁੱਜਰ ਬੇਰਕਾ, 6 ਜਨਵਰੀ 1858
19. ਰਤੀਆ ਵਲਦ ਮੁਖਾਂ ਗੁੱਜਰ ਬੇਰਕਾ, 6 ਜਨਵਰੀ 1858
20. ਕੰਵਰ ਚੰਦ ਗੁੱਜਰ ਨਗਲੀ, 7 ਫਰਵਰੀ 1858
21. ਰਤਨ ਸਿੰਘ ਗੁੱਜਰ ਨਗਲੀ, 7 ਫਰਵਰੀ 1858
22. ਰਤਨਾ ਗੁੱਜਰ ਨਗਲੀ, 7 ਫਰਵਰੀ 1858
23. ਰੌਲਾ ਗੁੱਜਰ ਨਗਲੀ, 7 ਫਰਵਰੀ 1858
24. ਰੂੜਾ ਗੁੱਜਰ ਨਗਲੀ, 7 ਫਰਵਰੀ 1858
25. ਸਹਿਆ ਗੁੱਜਰ ਰਿਠੌਜ ਨੂੰ ਤੋਪ ਨਾਲ ਉਡਾਇਆ ਗਿਆ।
26. ਕਾਲਾ ਗੁੱਜਰ ਸਹਿਜਾਵਾਸ ਨੂੰ ਤੋਪ ਨਾਲ ਉਡਾਇਆ ਗਿਆ।
27. ਅਭੈਯ ਗੁੱਜਰ ਖੋਰ ਨੂੰ ਦਰੱਖਤ ਤੇ ਲਟਕਾ ਕੇ ਫਾਂਸੀ ਦਿੱਤੀ।
28. ਬੱਲੂ ਜਾਟ ਬਾਦਸ਼ਾਹਪੁਰ, 11 ਨਵੰਬਰ 1857
29. ਭਗਤਾ ਵਲਦ ਜੋਖੀ ਰਾਮ ਮਹਾਜਨ ਬਾਦਸ਼ਾਹਪੁਰ, 11 ਨਵੰਬਰ 1857
30. ਖੁਸ਼ਹਾਲ ਅਹੀਰ ਬਾਦਸ਼ਾਹਪੁਰ, 11 ਨਵੰਬਰ 1857
31. ਰਾਮ ਸੁਖ ਵਲਦ ਕੇਵਲ ਸਿੰਘ ਬਾਦਸ਼ਾਹਪੁਰ, 11 ਨਵੰਬਰ 1857

ਸਭਸੁਖ ਫਾਗਨਾ ਗੁੱਜਰ ਭਾਖਰੀ (ਪਾਲੀ ਦੇ ਨੇੜੇ) ਦਾ ਨਿਵਾਸੀ ਸੀ, ਜੋ ਸੁਤੰਤਰ ਪ੍ਰਕਿਰਤੀ ਦਾ ਵਿਅਕਤੀ ਸੀ। ਹਕੂਮਤ ਲਈ ਸਿਰਦਰਦੀ ਸੀ। ਕੋਲੇ ਖਾਂ ਥਾਨੇਦਾਰ ਉਸਨੂੰ 1857 ਵਿੱਚ ਫੜਕੇ ਲੈ ਗਿਆ ਸੀ। ਪ੍ਰੰਤੂ ਉਹ ਦਮਨ ਚੱਕਰ ਸ਼ਾਂਤ ਹੋਣ ਤਕ ਵਾਪਿਸ ਨਹੀਂ ਆਇਆ। ਇਹ ਕਹਿਣਾ ਮੁਸ਼ਕਿਲ ਹੈ ਕਿ ਉਹ ਕਿਸ ਤਰ੍ਹਾਂ ਮਾਰਿਆ ਗਿਆ ਸੀ ਜਾਂ ਕਾਲੇ ਪਾਣੀ ਭੇਜ ਦਿੱਤਾ ਗਿਆ। ਭਾਖਰੀ ਪਿੰਡ ਦੀ ਸਭ ਤੋਂ ਜਿਆਦਾ ਉਮਰ ਦੀ ਬੁੱਢੀ ਮਾਈ ਜਿਸਨੂੰ ਮੜੀਆ ਦਾਦੀ ਕਹਿੰਦੇ ਸਨ, ਉਹ ਇਸ ਕਹਾਣੀ ਨੂੰ ਸੁਣਾਇਆ ਕਰਦੀ ਸੀ। ਸਬਸੁਖ ਦੇ ਦੂਸਰੇ ਭਾਈ ਦਾ ਨਾਮ ਲਾਲ ਜੀ ਸੀ। ਮੜੀਆ ਦਾਦੀ 1857 ਵਿੱਚ 17 ਸਾਲ ਦੀ ਸੀ।

ਸੋਹਨਾ ਇਲਾਕੇ ਵਿੱਚ ਅੰਗਰੇਜ਼ਾਂ ਨਾਲ ਜਿੱਥੇ ਜਿੱਥੇ ਗੁੱਜਰਾਂ ਨਾਲ ਮੁੱਠ ਮੁਠਭੇੜ ਹੋਈ ਉਸਦਾ ਸੰਖੇਪ ਵਰਣਨ ਦੇ ਰਹੇ ਹਾਂ। 13 ਮਈ 1857 ਗੁੜਗਾਉਂ ਵਿੱਚ ਨੇਹਡੇ ਇਲਾਕੇ (ਅੱਗੇ ਨੇਹਡੇ ਇਲਾਕੇ ਦਾ ਵੇਰਵਾ ਦਿੱਤਾ ਜਾ ਰਿਹਾ ਹੈ)

ਮਹਿਰੌਲੀ ਇਲਾਕੇ ਤੇ ਮੋਹੰਮਦਪੁਰ, ਨਰ ਸਿੰਘ ਪੁਰ, ਬੇਗਮਪੁਰ, ਖਟੋਲਾ, ਨਾਥਪੁਰ, ਅਹੀਆ ਨਗਰ, ਘਿਟੋਰਨੀ, ਫਤੇਹਪੁਰ ਬੇਰੀ ਦੇ ਤੰਵਰ, ਹਰਸ਼ਾਣੇ, ਭਾਟੀ, ਲੋਹਮੋੜ, ਖਾਰੀ, ਘੋੜਾਰੋਪ ਵੋਕਨ ਖਟਾਣੇ, ਭੋਮਲੇ ਆਦਿ ਗੋਤਰਾਂ ਦੇ ਗੁੱਜਰਾਂ ਨੇ ਅੰਗਰੇਜ਼ਾਂ ਨੂੰ ਕਰਾਰੀ ਹਾਰ ਦਿੱਤੀ। ਅੰਗਰੇਜ਼ ਸੈਨਾਪਤੀ ਵਿਲੀਅਮ ਫੋਰਡ ਦੀ ਕਮਾਂਡ ਵਿੱਚ 300 ਸੈਨਿਕ ਹਥਿਆਰ ਨਾਲ ਲੈਸ ਗੁੜਗਾਓਂ ਛੱਡਕੇ ਭੌਂੜਸੀ ਹੁੰਦੇ ਹੋਏ ਸਿਲਾਨੀ ਪਹੁੰਚੇ ਉਥੇ ਭੌਮਲੇ ਅਤੇ ਖਟਾਣੇ ਗੁੱਜਰਾਂ ਤੇ ਮੇਵਾਂ ਨੇ ਇਨ੍ਹਾਂ ਦੀ ਫੌਜ ਉਤੇ ਹਮਲਾ ਕੀਤਾ। 7,84,000 ਰੁਪਏ ਲੁੱਟ ਤੋਂ ਕ੍ਰਾਂਤੀਕਾਰੀਆ ਨੂੰ ਪ੍ਰਾਪਤ ਹੋਏ। ਅਨੇਕ ਅੰਗਰੇਜ਼ ਮਾਰੇ ਗਏ। ਬਹੁਤ ਸਾਰੇ ਬੰਦੀ ਬਣਾ ਲਏ ਗਏ। ਅੰਗਰੇਜ਼ਾਂ ਤੋਂ ਬੈਲ ਹਕਵਾਏ ਗਏ ਸਿਲਾਨੀ ਦੀ ਲੜਾਈ ਵਿੱਚ ਚੌਃ ਹਿੰਮਤ ਖਟਾਣਾ ਗੁੱਜਰ ਨਿਵਾਸੀ ਰਿਠੌਜ ਸ਼ਹੀਦ ਹੋਇਆ, ਉਨ੍ਹਾਂ ਦੀ ਯਾਦ ਵਿੱਚ ਰਿਠੌਜ ਪਿੰਡ ਵਿੱਚ ਵੱਡੇ ਛੱਪੜ ਉਤੇ ਛਤਰੀ ਬਣਾਈ ਗਈ। ਦੀਵਾਲੀ ਦੇ ਦਿਨ ਉਸ ਥਾਂ ਹਰ ਸਾਲ ਮੇਲਾ ਲੱਗਦਾ ਹੈ।

17 ਮਈ 1857 ਦਿਨ ਐਤਵਾਰ ਗੜ੍ਹੀ ਹਰਸਰੂ ਦੇ ਲਾਗਿਓਂ ਸਰਕਾਰੀ ਖਜ਼ਾਨਾ ਦਿੱਲੀ ਲਿਜਾਇਆ ਜਾ ਰਿਹਾ ਸੀ। ਜਿਸਨੂੰ 300 ਗੁੱਜਰਾਂ ਨੇ ਜੋ ਮੋਹੰਮਦਪੁਰ, ਨਰਸਿੰਘਪੁਰ ਬੇਗਮਪੁਰ, ਖਟੋਲਾ, ਦਰਬਾਰੀ ਪੁਰ, ਹਸਨਪੁਰ ਅਤੇ ਨਹੜੇ ਇਲਾਕੇ ਦੇ ਪਿੰਡ ਰਾਮਗੜ੍ਹ ਢਾਣੀ, ਤੰਵਰ, ਭੋਆਪੁਰ, ਨਯਾ ਗਾਉਂ, ਕਾਦਰਪੁਰ, ਤਿਗਰਾ, ਉਲਹਾਬਾਸ, ਬਹਿਰਮਪੁਰ, ਘਾਟਾ, ਬਲੀਆਵਾਸ ਹਰਸ਼ਾਣੇ, ਭਾਟੀ ਬੰਧਵਾੜੀ, ਗੁਆਲ, ਪਹਾੜੀ ਆਦਿ ਪਿੰਡਾਂ ਜਿਨ੍ਹਾਂ ਵਿੱਚ ਤੰਵਰ, ਲੋਹਮੋੜ, ਹਰਸ਼ਾਣੇ, ਭਾਟੀ ਕੋਲੀ ਆਦਿ ਗੋਤਰਾਂ ਦੇ ਗੁੱਜਰ ਰਹਿੰਦੇ ਸਨ। ਇਨ੍ਹਾਂ ਨੇ ਹਮਲਾ ਕਰਕੇ ਸਰਕਾਰੀ ਖਜ਼ਾਨਾ ਲੁੱਟ ਲਿਆ। ਜਦੋਂ ਇਹ ਖਬਰ ਦਿੱਲੀ ਪਹੁੰਚੀ ਤਾਂ ਅੰਗਰੇਜ਼ ਸਰਕਾਰ ਅੱਗ ਬਬੂਲਾ ਹੋ ਗਈ ਅਤੇ ਬਦਲਾ ਲੇਣ ਵਾਸਤੇ ਇੱਕ ਫੌਜ ਭੇਜੀ ਲੇਕਿਨ ਖਜ਼ਾਨੇ ਦਾ ਪੈਸਾ ਤਾਂ ਵੰਡਿਆ ਜਾ ਚੁੱਕਾ ਸੀ। ਇਸ ਗਰੋਹ ਦੇ ਨੇਤਾ ਚੌਃ ਭੀਖਾ ਰਾਮ ਵਲਦ ਬਖਸ਼ੀ ਰਾਮ ਵੋਕਨ ਗੁੱਜਰ ਨਿਵਾਸੀ ਦਰਬਾਰੀਪੁਰ ਨੂੰ 11 ਦਸੰਬਰ 1857 ਨੂੰ ਫਾਂਸੀ ਦੇਕੇ ਇੰਤਕਾਮ ਦੀ ਅੱਗ ਬੁਝਾਈ ਗਈ। ਇਸ ਤਰ੍ਹਾਂ ਭੀਰਾ ਨੰਬਰਦਾਰ, ਚੌਃ ਮੇਹਰਾਵ ਅਤੇ ਸੌਰਾਵ ਨਿਵਾਸੀ ਕਾਦਰਪੁਰ ਨੂੰ ਵਿਲੀਅਮ ਫੋਰਡ ਦੀ ਹਾਰ ਦਾ ਬਦਲਾ ਲੈਣ ਲਈ 7 ਦਸੰਬਰ ਨੂੰ ਫਾਂਸੀ ਦਿੱਤੀ ਗਈ। ਉਨ੍ਹਾਂ ਦੀਆਂ ਜਾਇਦਾਦਾਂ ਜਬਤ ਕਰਕੇ ਵਫਾਦਾਰਾਂ ਨੂੰ ਦੇ ਦਿੱਤੀਆਂ ਗਈਆਂ।

ਚੌਃ ਅਭਯ ਭੌਮਲਾ ਗੁੱਜਰ ਨਿਵਾਸੀ ਖੋਰ ਗੁੜਗਾਉਂ ਬੜਾ ਦਬੰਗ ਤੇ ਬਹਾਦਰ ਨੇਤਾ ਸੀ। ਉਸਨੇ ਅੰਗਰੇਜ਼ਾਂ ਨੂੰ ਬੰਦੀ ਬਣਾਇਆ ਅਤੇ ਉਨ੍ਹਾਂ ਤੋਂ ਗਾਂਵਾਂ ਹਕਵਾਈਆਂ ਸੀ। ਉਸਦਾ ਬਦਲਾ ਲੇਣ ਵਾਸਤੇ ਬ੍ਰਗੇਡੀਅਰ ਸ਼ੋਵਰਜ ਨੇ

ਭੌਮਲੇ ਗੁੱਜਰਾਂ ਦੇ ਪਿੰਡਾਂ ਤੇ ਹਮਲਾ ਕੀਤਾ ਲੇਕਿਨ ਉਹ ਘਬਰਾ ਕੇ ਭੱਜ ਗਿਆ ਅਤੇ ਬੱਲਭਗੜ ਜਾਕੇ ਜਾਨ ਬਚਾਈ। ਬਾਅਦ ਵਿੱਚ ਕੈਪਰਨ ਡ੍ਰਮੰਡ ਨੇ ਤੋਪਖਾਨੇ ਨਾਲ ਭੌਮਲੇ ਖਾਪ ਦੇ ਗੁੱਜਰਾਂ ਦੇ ਪਿੰਡਾਂ ਨੂੰ ਬਰਬਾਦ ਕਰ ਦਿੱਤਾ। ਚੌਃ ਅਭਯ ਭੌਮਲਾ ਨੂੰ ਉਸਦੇ ਪਿੰਡ ਵਿੱਚ ਹੀ ਫਾਂਸ਼ੀ ਲਗਾਈ ਗਈ। ਇਨ੍ਹਾਂ ਦੀ ਜ਼ਮੀਨ, ਜਾਇਦਾਦ ਜਬਤ ਕਰਕੇ ਵਫਾਦਾਰਾਂ ਨੂੰ ਬਤੌਰ ਇਨਾਮ ਜਗੀਰ ਦਿੱਤੀ ਗਈ।

ਜੂਨ 1857 ਨੂੰ ਜੈਪੁਰ ਰਾਜ ਦਾ ਪੋਲੀਟੀਕਲ ਏਜੰਟ ਮੇਜਰ ਡਬਲਯੂ ਐਫ ਐਡਨ ਇਕ ਵਿਸ਼ਾਲ ਤੋਪਖਾਨਾ ਲੈਕੇ ਤਾਬੜੂ ਤੇ ਸੋਹਨਾ ਇਲਾਕੇ ਦੇ ਵਿਚਕਾਰਲੇ ਗੁੱਜਰਾਂ ਦਾ ਦਮਨ ਕਰਨ ਵਾਸਤੇ ਪਹੁੰਚਿਆ, ਲੇਕਿਨ ਇਸ ਸੈਨਾ ਨੂੰ ਅਕਸਰ ਹਰ ਪਿੰਡ ਵਿੱਚ ਹਾਰ ਦਾ ਮੂੰਹ ਵੇਖਣਾ ਪਿਆ। ਗੁੱਜਰਾਂ ਦੇ ਕੋਟਾ, ਬਾਰ ਬਿੱਸਰ ਤੇ ਸਰਾਏ ਪਿੰਡਾਂ ਵਿੱਚ ਤਾਂ ਐਡਨ ਦਾ ਬੁਰਾ ਹਾਲ ਕਰ ਦਿੱਤਾ, ਜਿੱਥੋਂ ਉਹ ਭੱਜ ਕੇ ਸੋਹਨਾ ਹੁੰਦਾ ਹੋਇਆ ਪਲਵਲ ਜਾਕੇ ਛੁਪ ਗਿਆ। ਉਸਦੀਆਂ ਤੋਪਾਂ ਠੰਢੀਆਂ ਪਈਆਂ ਰਹੀਆਂ। ਇਸ ਇਲਾਕੇ ਦੇ ਲੋਕ ਜਾਨ ਹਥੇਲੀ ਉਪਰ ਰੱਖਕੇ ਲੜੇ ਵਰਨਾ ਤੋਪਾਂ ਦੇ ਸਾਹਮਣੇ ਉਨ੍ਹਾਂ ਦੀ ਕੀ ਪੇਸ਼ ਜਾਣੀ ਸੀ।

2 ਅਕਤੂਬਰ 1857 ਨੂੰ ਬ੍ਰਿਗੇਡੀਅਰ ਜਨਰਲ ਸ਼ੋਵਰਜ ਦੀ ਕਮਾਂਡ ਵਿੱਚ ਇੱਕ 1500 ਸਿਪਾਹੀਆਂ ਦੀ ਵਿਸ਼ਾਲ ਸੈਨਾ ਤੇ ਤੋਪਖਾਨਾ ਤੁਗਲਕਾਬਾਦ ਮਹਿਰੌਲੀ ਇਲਾਕੇ ਫਤੇਹਪੁਰ ਬੇਰੀ, ਗੁੜਗਾਉਂ, ਰਿਵਾੜੀ ਤੇ ਸੋਹਨਾ ਇਲਾਕੇ ਦਾ ਦਮਨ ਕਰਨ ਵਾਸਤੇ ਅੰਗਰੇਜ਼ ਸਰਕਾਰ ਨੇ ਭੇਜੀ। ਸਭ ਤੋਂ ਪਹਿਲਾਂ ਸ਼ੋਵਰਜ ਨੇ ਰਿਵਾੜੀ ਤੇ ਹਮਲਾ ਕੀਤਾ, ਪ੍ਰੰਤੂ ਉਨ੍ਹਾਂ ਦੇ ਉਥੇ ਪੁੱਜਣ ਤੋਂ ਪਹਿਲਾਂ ਹੀ ਰਾਉ ਤੁਲਾ ਰਾਮ ਰਿਵਾੜੀ ਛੱਡਕੇ ਰਾਜਸਥਾਨ ਚਲਿਆ ਗਿਆ ਸੀ। ਮਾਯੂਸ ਹੋਕੇ ਕਪਤਾਨ ਹਡਸਨ ਨੇ ਕਿਹਾ, "ਪੰਛੀ ਉਡ ਗਿਆ, ਆਲ੍ਹਣਾ ਖਾਲੀ ਪਿਆ ਹੈ।" ਪੰਛੀ ਦਾ ਵਰਣਨ ਵੀ ਉਨ੍ਹਾਂ ਦੇ ਸ਼ਬਦਾਂ ਵਿੱਚ ਸੁਣੋਃ "ਉਹ (ਤੁਲਾ ਰਾਮ) ਬਹੁਤ ਚਤੁਰ ਵਿਅਕਤੀ ਸੀ। ਉਸਨੇ ਵੱਡੀ ਤਿਆਰੀ ਕਰ ਰੱਖੀ ਸੀ ਅਤੇ ਜੇਕਰ ਦਿੱਲੀ ਵਿੱਚ ਸਾਡੀ ਹਾਰ ਹੋ ਜਾਂਦੀ ਤਾਂ ਇਸ ਇਲਾਕੇ ਵਿੱਚ ਸਾਡਾ ਕੰਮ ਤਮਾਮ ਕਰਨ ਵਾਲਾ ਉਹ ਪਹਿਲਾ ਵਿਅਕਤੀ ਹੁੰਦਾ। ਉਸਦੀ ਸੈਨਿਕ ਤਿਆਰੀ ਕਮਾਲ ਦੀ ਹੈ। ਸਭ ਪ੍ਰਕਾਰ ਦੇ ਸੈਨਿਕ ਸ਼ਸ਼ਤਰ, ਤੋਪਾਂ ਛਕੜੇ ਬਾਰੂਦ ਏਥੇ ਹੀ ਬਣਦੇ ਹਨ। ਬੜੀ ਅੱਛੀ ਫਾਊਂਡਰੀ ਤੇ ਫੈਕਟਰੀਆਂ ਲੱਗੀਆ ਹੋਈਆ ਹਨ। ਵਾਸਤਵ ਵਿੱਚ ਇਸਨੇ ਕਾਫੀ ਕੁਝ ਕਰ ਲਿਆ ਸੀ ਤੇ ਕੁਝ ਹੀ ਮਹੀਨਿਆਂ ਵਿੱਚ ਇਸਦੀ ਸਥਿਤੀ ਇਤਨੀ ਮਜ਼ਬੂਤ ਹੋ ਜਾਂਦੀ ਕਿ ਆਸ ਪਾਸ ਦੇ ਇਲਾਕੇ ਉਪਰ ਇਸਦਾ ਅਧਿਕਾਰ ਹੋ ਜਾਂਦਾ ਅਤੇ ਉਹ ਪਟਿਆਲਾ, ਜੀਂਦ ਵਰਗਾ ਵੱਡਾ ਰਾਜ ਸਥਾਪਿਤ ਕਰ ਲੈਂਦਾ।

ਵਾਸਤਵ ਵਿੱਚ ਰਾਉ ਤੁਲਾ ਰਾਮ ਦੀ ਸੈਨਿਕ ਤੇ ਅਸੈਨਿਕ ਦੋਵੇਂ ਤਰ੍ਹਾਂ ਦੀ ਪੂਰੀ ਤਿਆਰੀ ਸੀ। ਉਸਦੀ ਬਿਰਾਦਰੀ ਅਹੀਰ ਜੋ ਆਰੰਭ ਵਿੱਚ ਅਭੀਰ

ਕਹਿਲਾਉਂਦੇ ਸਨ, ਬਹੁਤ ਬਹਾਦਰ ਕੌਮ ਹੈ, ਜੋ ਰਾਓ ਤੁਲਾ ਰਾਮ ਦੀ ਅਗਵਾਈ ਵਿੱਚ ਪੂਰੀ ਤਰ੍ਹਾਂ ਸੰਗਠਿਤ ਸੀ। ਜੇਕਰ ਨਸੀਬਪੁਰ ਦੇ ਮੈਦਾਨ ਵਿੱਚ 16 ਨਵੰਬਰ 1857 ਨੂੰ ਰਾਵ ਤੁਲਾ ਰਾਮ ਦੀ ਹਾਰ ਨਾ ਹੁੰਦੀ, ਤਾਂ ਨਿਸ਼ਚਿਤ ਹੀ ਅੱਜ ਭਾਰਤ ਦਾ ਇਤਿਹਾਸ ਕੁਝ ਹੋਰ ਹੀ ਹੋਣਾ ਸੀ। ਸੋਹਨਾ ਵਿੱਚ ਵੀ ਇਸ ਸੈਨਾ ਦੀ ਗੁੱਜਰਾਂ ਨਾਲ ਲੜਾਈ ਹੋਈ। ਇਸ ਲੜਾਈ ਵਿੱਚ ਬਹੁਤ ਸਾਰੇ ਅੰਗਰੇਜ਼ ਮਾਰੇ ਗਏ। ਸੋਹਨਾ ਤੋਂ ਬਚੇ ਹੋਏ ਅੰਗਰੇਜ਼ ਅਧਿਕਾਰੀ ਤੇ ਸੈਨਾ ਬੱਲਭਗੜ੍ਹ ਦੀ ਤਰਫ ਚਲੇ ਗਏ। ਰਸਤੇ ਵਿੱਚ ਹਰਚੰਦਪਰੁ ਦੇ ਗੁੱਜਰਾਂ ਨੇ (ਮੇਵ ਵੀ ਨਾਲ ਸਨ) ਉਸ ਸੈਨਾ ਨੂੰ ਘੇਰ ਲਿਆ। ਬ੍ਰਿਗੇਡੀਅਰ ਸ਼ੋਵਰਜ਼ ਨੇ ਬਲੱਭਗੜ੍ਹ ਜਾਕੇ ਹੀ ਦਮ ਲਿਆ। ਉਧਰ ਕੈਪਟਨ ਡਰਮੰਡ ਨੇ ਭੌਮਲਿਆ ਦੇ ਪਿੰਡਾਂ ਨੂੰ ਤੋਪਾਂ ਨਾਲ ਉਡਾ ਦਿੱਤਾ ਸੀ। ਹਰਚੰਦਰਪੁਰ ਦੇ ਗੁੱਜਰਾਂ ਦੀ ਜ਼ਮੀਨ ਜਬਤ ਕਰਕੇ ਅੰਗਰੇਜ਼ਾਂ ਨੇ ਆਪਣੇ ਵਫਾਦਾਰਾਂ ਦੌਲਾ ਪਿੰਡ ਦੇ ਰਾਜਪੂਤਾਂ ਨੂੰ ਇਨਾਮ ਵਿੱਚ ਦੇ ਦਿੱਤੀ।

ਪਲਵਲ ਤਹਿਸੀਲ ਦੇ 28 ਪਿੰਡ, ਬੈਸਲੇ, ਚੇਚੀ, ਕਾਂਵਰ ਗੋਤਾਂ ਦੇ ਗੁੱਜਰਾਂ ਦੇ ਜਬਤ ਹੋਏ। ਇੱਕ ਅੰਗਰੇਜ਼ ਅਫ਼ਸਰ ਦੀ ਮੌਤ ਉਪਰੰਤ ਉਸਦੀ ਪਤਨੀ ਨੂੰ ਜਗੀਰ ਦੇ ਰੂਪ ਵਿੱਚ ਦਿੱਤੇ ਗਏ ਜੋ ਇੰਗਰਮ ਅਸਟੇਟ ਕਹਿਲਾਉਂਦੀ ਸੀ। ਪਿੰਡਾਂ ਦੇ ਨਾਮ ਜਿਵੇਂ ਕੁਸ਼ਕ, ਬਡੌਲੀ, ਭਵਾਨਾ, ਕਾਂਵਰਕਾ, ਬਿਲੋਚਪੁਰ, ਟੀਕਰੀ, ਅਛੇਜਾ, ਬੇਲਾ, ਬਾੜਕਾ, ਨਗਲਾ ਆਦਿ।

10 ਮਈ 1857 ਨੂੰ ਹਰਿਆਣਾ ਵਿੱਚ ਕ੍ਰਾਂਤੀ ਦਾ ਸ਼੍ਰੀ ਗਣੇਸ਼ ਅੰਬਾਲਾ ਤੋਂ ਹੋਇਆ ਸੀ। ਕਾਰਣ ਅੰਗਰੇਜ਼ਾਂ ਨੂੰ ਇਸ ਯੋਜਨਾ ਦਾ ਪਹਿਲਾਂ ਹੀ ਪਤਾ ਲੱਗ ਗਿਆ ਸੀ। ਉਹਨਾਂ ਅੰਗਰੇਜ਼ਾਂ ਨੇ ਤੁਰੰਤ ਹੀ ਦਬਾ ਦਿੱਤਾ। ਗੁੜਗਾਉਂ ਦੀ ਤਰ੍ਹਾਂ ਰੋਹਤਕ ਵਿੱਚ ਮਈ ਦੇ ਤੀਸਰੇ ਹਫਤੇ ਕ੍ਰਾਂਤੀ ਦਾ ਸ਼੍ਰੀ ਗਣੇਸ਼ ਰੰਘੜ ਮੁਸਲਮਾਨਾਂ ਨੇ ਕੀਤਾ ਸੀ। ਉਨ੍ਹਾਂ ਨੇ ਅੰਗਰੇਜ਼ਾਂ ਦਾ ਰਾਜ ਰੋਹਤਕ ਤੋਂ ਸਮਾਪਤ ਕਰ ਦਿੱਤਾ ਸੀ।

ਹਿਸਾਰ ਵਿੱਚ 1857 ਦੀ ਕ੍ਰਾਂਤੀ ਦਾ ਸ਼੍ਰੀ ਗਣੇਸ਼ ਮਈ ਦੇ ਤੀਸਰੇ ਹਫ਼ਤੇ ਵਿੱਚ ਸਿਰਸਾ, ਹਾਂਸੀ ਤੇ ਹਿਸਾਰ ਵਿੱਚ ਸਥਿਤ ਹਰਿਆਣਾ ਲਾਈਟ ਇਨਫੈਂਟਰੀ ਦੇ ਸੈਨਿਕ ਦਸਤਿਆਂ ਨੇ ਕੀਤਾ। ਸਾਰੇ ਜ਼ਿਲ੍ਹਿਆਂ ਵਿੱਚ ਕ੍ਰਾਂਤੀ ਦੀ ਜਵਾਲਾ ਭੜਕ ਉਠੀ। ਹਰੇਕ ਪਿੰਡ ਵਿਦਰੋਹ ਦਾ ਅੱਡਾ ਬਣ ਗਿਆ। ਵਿਦਰੋਹੀਆਂ ਨੇ ਦਮਨ ਦੇ ਲਈ ਵੱਡੀ ਸੈਨਾ ਲੈਕੇ ਫਿਰੋਜ਼ਪੁਰ ਦੇ ਡਿਪਟੀ ਕਮਿਸ਼ਨਰ ਵਾਨ ਕੋਰਟ ਲੈਂਡ ਨੂੰ ਭੇਜਿਆ ਗਿਆ। ਰਾਨੀਆ ਦੇ ਨਵਾਬ ਨੂਰ ਮੁਹੰਮਦ ਖਾਂ ਤੇ ਸ਼ਹਿਜ਼ਾਦਾ ਮੁਹੰਮਦ ਆਜਿਮ ਨੇ ਡਟ ਕੇ ਅੰਗਰੇਜ਼ਾਂ ਦਾ ਮੁਕਾਬਲਾ ਕੀਤਾ, ਪ੍ਰੰਤੂ ਉਹ ਹਾਰ ਗਏ। ਨਵਾਬ ਨੂਰ ਮੁਹੰਮਦ ਖਾਂ ਨੂੰ ਬੰਦੀ ਬਣਾ ਕੇ ਬਹੁਤ ਨਿਰਦੈਇਤਾ ਨਾਲ ਫਾਂਸੀ ਤੇ ਚੜ੍ਹਾ ਦਿੱਤਾ ਗਿਆ।

ਝੱਜਰ ਦੀ ਲੜਾਈ ਵਿੱਚ ਜਨਰਲ ਸ਼ੋਵਰਜ਼ ਨੇ ਕ੍ਰਾਂਤੀਕਾਰੀਆ ਨੂੰ ਹਰਾਕੇ ਝੱਜਰ ਦੇ ਨਵਾਬ ਅਬਦੁਲਰਹਿਮਾਨ ਫਾਰੂਖ ਨਗਰ ਦੇ ਨਵਾਬ ਅਹਿਮਦ ਅਲੀ ਅਤੇ ਬੱਲਭਗੜ੍ਹ ਦੇ ਰਾਜਾ ਨਾਹਰ ਸਿੰਘ ਨੂੰ ਬੰਦੀ ਬਣਾਕੇ ਦਿੱਲੀ ਭੇਜ ਦਿੱਤਾ। ਨਾਰਨੌਲ ਉਪਰ ਜਨਰਲ ਜੇਰਾਡ ਨੂੰ 16 ਨਵੰਬਰ 1857 ਨੂੰ ਹਮਲਾ ਕੀਤਾ। ਪ੍ਰੰਤੂ ਜੇਰਾਡ ਯੁੱਧ ਵਿੱਚ ਮਾਰਿਆ ਗਿਆ ਅਤੇ ਉਸਦੇ ਬਾਦ ਕੋਲਫੀਲਡ ਨੇ ਸਥਿਤੀ ਨੂੰ ਸੰਭਾਲਿਆ। ਇਸ ਯੁੱਧ ਵਿੱਚ ਰਾਵ ਰਾਮ ਲਾਲ ਤੇ ਸ਼ਹਿਜ਼ਾਦਾ ਮਹੁੰਮਦ ਆਜਿਮ ਝੱਜਰ ਨਵਾਬ ਦੇ ਦਾਮਾਦ ਜਨਰਲ ਸਮਦ ਖਾਂ ਦੇ ਪੁੱਤਰ ਵੀਰ ਗਤੀ ਨੂੰ ਪ੍ਰਾਪਤ ਹੋ ਗਏ। ਰਾਵ ਤੁਲਾ ਰਾਮ ਤੇ ਸਮਦ ਖਾਂ ਸ਼ੇਖਾਵਟੀ ਵਲੋਂ ਚਲੇ ਗਏ। ਨਾਰਨੌਲ ਦੇ ਨੇੜੇ ਨਸੀਬਪੁਰ ਪਿੰਡ ਵਿੱਚ ਘਮਸਾਨ ਦਾ ਯੁੱਧ ਹੋਇਆ। ਇਹ ਅੰਗਰੇਜ਼ਾਂ ਦੀ ਅਤੇ ਰਾਵ ਤੁਲਾ ਰਾਮ ਦੀ ਬਹੁਤ ਵੱਡੀ ਲੜਾਈ ਸੀ। ਇਸ ਲੜਾਈ ਵਿੱਚ ਰਾਵ ਤੁਲਾ ਰਾਮ ਤੇ ਕ੍ਰਾਤੀਕਾਰੀਆਂ ਦੀ ਹਾਰ  ਹੋ ਗਈ। ਜੇਕਰ ਨਸੀਬਪੁਰ ਦੀ ਲੜਾਈ ਦੇ ਮੈਦਾਨ ਵਿੱਚ ਤੁਲਾ ਰਾਮ ਦੀ ਹਾਰ ਨਾ ਹੁੰਦੀ ਤਾਂ ਭਾਰਤ ਦਾ ਇਤਿਹਾਸ ਨਿਸ਼ਚੇ ਹੋਰ ਹੀ ਹੋਣਾ ਸੀ। ਅੰਗਰੇਜ਼ ਭਾਰਤ ਵਿੱਚ 1947 ਦੀ ਬਜਾਇ 1857 ਦੇ ਅੰਤ ਵਿੱਚ ਹੀ ਚਲੇ ਜਾਣੇ ਸਨ। ਕ੍ਰਾਂਤੀਕਾਰੀਆਂ ਦਾ ਹੌਸਲਾ ਵਧ ਜਾਂਦਾ ਅਤੇ ਭਾਰਤ ਵਿੱਚ ਇੱਕ ਨਵਾਂ ਰਾਜਨੀਤਿਕ ਸੂਰਜ ਚੜ ਪੈਂਦਾ।

ਗੁੱਜਰ, ਅਹੀਰ ਜਾਤੀ ਦੀ ਤਰ੍ਹਾਂ ਹਰਿਆਣਾ ਦੇ ਗੁੜਗਾਉਂ ਤੇ ਅਲਵਰ ਦੇ ਮੇਵ 1857 ਦੀ ਕ੍ਰਾਂਤੀ ਵਿੱਚ ਅੰਗਰੇਜ਼ ਹਕੂਮਤ ਨਾਲ ਖੂਬ ਲੜੇ ਸਨ। ਮੇਵਾਤ ਇਲਾਕੇ ਵਿੱਚ ਰੂਪੜਾਕਾ ਪਿੰਡ ਦੇ ਨਜ਼ਦੀਕ ਘੋਰ ਘਮਸਾਨ ਦਾ ਯੁੱਧ ਅੰਗਰੇਜ਼ਾਂ ਨਾਲ ਹੋਇਆ ਸੀ। ਜਿਸ ਵਿੱਚ 400 ਸੂਰਮੇ ਸ਼ਹੀਦ ਹੋਏ ਸਨ। ਇਸੇ ਪ੍ਰਕਾਰ ਹੋਰ ਥਾਵਾਂ ਤੇ ਮੇਵਾਂ ਨੇ ਅੰਗੇਰਜ਼ਾਂ ਦੇ ਛੱਕੇ ਛੁਡਾ ਦਿੱਤੇ ਸਨ ਤੇ ਆਪਣੀ ਬਹਾਦਰੀ ਦੀ ਧਾਂਕ ਜਮਾਈ ਸੀ।

ਇਸੇ ਤਰ੍ਹਾਂ ਕਰਨਾਲ ਤੇ ਪਾਣੀਪਤ ਤੱਕ ਰੋਡ ਜਾਤੀ ਦੇ ਵੀਰਾਂ ਨੇ ਅੰਗਰੇਜ਼ਾਂ ਨਾਲ 1857 ਦੀ ਕ੍ਰਾਂਤੀ ਵਿੱਚ ਡਟਕੇ ਮੁਕਾਬਲਾ ਕੀਤਾ। ਜਦੋਂ ਦਮਨ ਚੱਕਰ ਸ਼ੁਰੂ ਹੋਇਆ ਤਾਂ ਬੇਸ਼ੁਮਾਰ ਰੋਡ ਸੂਰਮਿਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਉਨ੍ਹਾਂ ਦੇ ਪਿੰਡਾਂ ਨੂੰ ਸਾੜ ਦਿੱਤਾ ਗਿਆ। ਦੁਖ ਦਾ ਵਿਸ਼ਾ ਇਹ ਹੈ ਕਿ ਇਨ੍ਹਾਂ ਵੀਰਾਂ ਦੇ ਨਾਂਵਾਂ ਦਾ ਕੋਈ ਰਿਕਾਰਡ ਅੰਗਰੇਜ਼ਾਂ ਨੇ ਨਹੀਂ ਰੱਖਿਆ। ਪੇਂਡੂਆਂ ਨੂੰ ਰਿਕਾਰਡ ਰੱਖਣ ਦੀ ਆਦਤ ਨਹੀਂ ਸੀ। ਉਨ੍ਹਾਂ ਵੀਰਾਂ ਦੀਆ ਕਹਾਣੀਆਂ ਕੇਵਲ ਉਨ੍ਹਾਂ ਦੇ ਦਿਲਾਂ ਤੇ ਉੱਕਰੀਆਂ ਰਹਿ ਗਈਆਂ

# ਆਗਰਾ ਤੇ ਧੌਲਪੁਰ ਇਲਾਕੇ ਦੇ ਗੁੱਜਰ-1857

ਪਲਵਲ, ਹੋਡਲ, ਕੋਸੀ, ਛਾਤਾ, ਮਹਾਬਨ, ਮਥੁਰਾ, ਸ਼ੇਰਗੜੀ ਦੇ ਗੁੱਜਰਾਂ ਨੇ ਜੀ.ਟੀ, ਰੋਡ ਦੇ ਨਾਲ ਅੰਗਰੇਜ਼ਾਂ ਦੀ ਬਹੁਤ ਦੁਰਗਤੀ ਕੀਤੀ। ਉਧਰ ਆਗਰੇ ਤੋਂ ਧੌਲਪੁਰ ਤੱਕ ਉੱਥੋਂ ਦੇ ਗੁੱਜਰ ਨੇਤਾ ਸੂਬਾ ਦੇਵ ਹੰਸ ਦੀ ਅਗਵਾਈ ਵਿੱਚ ਅੰਗਰੇਜ਼ਾਂ ਨਾਲ ਲੜ ਰਹੇ ਸਨ। ਇਸ ਇਲਾਕੇ ਵਿੱਚ ਬਹੁਤ ਘਮਸਾਨ ਦਾ ਯੁੱਧ ਹੋਇਆ ਸੀ।

ਇੰਡੀਅਨ ਇਮਪਾਇਰ ਦੇ ਲੇਖਕ ਮਾਰਟਿਨਜ਼ ਨੇ ਲਿਖਿਆ ਹੈ, "ਗੁੱਜਰਾਂ ਦੇ ਸਵਾਇ ਹਿੰਦੂ ਜਨਤਾ ਵਿੱਚ ਕਿਸੇ ਨੇ ਵੀ ਬਾਗੀਆਂ ਦਾ ਸਾਥ ਨਹੀਂ ਦਿੱਤਾ। ਵਿਦਰੋਹ ਦੀ ਅੱਗ ਘੰਟਿਆਂ ਵਿੱਚ ਆਗਰੇ ਤੋਂ ਦਿੱਲੀ, ਸਹਾਰਨਪੁਰ, ਬੁਲੰਦ ਸ਼ਹਿਰ ਤੇ ਸਮੂਹਿਕ ਰੂਪ ਵਿੱਚ ਗੁੱਜਰਾਂ ਵਿੱਚ ਫੈਲ ਗਈ। ਧੌਲਪੁਰ ਦੇ ਸੂਬਾ ਦੇਵਹੰਸ ਨੇ ਆਗਰੇ ਦੀਆਂ ਤਹਿਸੀਲਾਂ ਤੇ ਕਬਜ਼ਾ ਕਰ ਲਿਆ।"

ਧੌਲਪੁਰ ਦੇ ਸੂਬਾ ਦੇਵ ਹੰਸ ਬਹੁਤ ਬਹਾਦਰ ਦੇਸ਼ ਭਗਤ ਤੇ ਸੰਗਠਨ ਕਲਾ ਵਿੱਚ ਨਿਪੁੰਨ ਸਨ। ਧੌਲਪੁਰ ਤੋਂ ਆਗਰਾ ਤੱਕ ਦੇਵ ਹੰਸ ਨੇ ਬੜੀ ਰਣਨੀਤੀ ਨਾਲ ਅੰਗਰੇਜ਼ਾਂ ਨਾਲ ਟੱਕਰ ਲਈ। ਅੰਗਰੇਜ਼ਾਂ ਕੋਲ ਸੈਨਿਕ ਸਮੱਗਰੀ ਸੀ। ਲੇਕਿਨ ਦੇਵ ਹੰਸ ਆਤਮਬਲ, ਦੇਸ਼ ਭਗਤ ਤੇ ਦੇਸ਼ ਪ੍ਰੇਮ ਨਾਲ ਓਤਪੋਤ ਸੀ ਅਤੇ ਜੀ ਜਾਨ ਤੇ ਖੇਲਣ ਵਾਲੇ ਗੁੱਜਰ ਸਨ। ਉਹ 'ਫਿਰੰਗੀ ਨੂੰ ਮਾਰੋ, ਜੋ ਨਾਹਰਾ ਮੇਰਠ ਵਿੱਚ ਲੱਗਿਆ ਸੀ, ਉਸਤੋਂ ਵੀ ਵਧਕੇ ਫਿਰੰਗੀ ਨੂੰ ਦੇਸ਼ ਤੋਂ ਕੱਢਣ ਦਾ ਹੀ ਐਲਾਨ ਤੇ ਗੁੱਜਰਾਂ ਦੇ ਨਾਲ ਇਥੇ ਵੀ ਬੋਲਦਾ। ਅੰਗਰੇਜ਼ ਦੇਵ ਹੰਸ ਦੀ ਸੈਨਾ ਦੇ ਸਾਹਮਣੇ ਇਉਂ ਭੱਜਦੇ ਸਨ ਜਿਵੇਂ ਭੇਡਾਂ ਬੱਕਰੀਆ ਸ਼ੇਰ ਦੀ ਗਰਜ ਨਾਲ ਪ੍ਰਾਣ ਛੱਡ ਦਿੰਦੀਆਂ ਹਨ ਅਤੇ ਬਚੀਆਂ ਖੁਚੀਆਂ ਭੇਡਾਂ ਬੱਕਰੀਆਂ ਜਾਨ ਹਥੇਲੀ ਤੇ ਰੱਖਕੇ ਭੱਜ ਜਾਇਆ ਕਰਦੀਆਂ ਹਨ। ਆਗਰਾ ਜ਼ਿਲ੍ਹੇ ਦੀਆਂ 3/4 ਤਹਿਸੀਲਾਂ ਤੇ ਸੂਬਾ ਦੇਵ ਹੰਸ ਦਾ ਪੂਰਣ ਅਧਿਕਾਰ ਹੋ ਗਿਆ ਸੀ। ਇਸ ਇਲਾਕੇ ਦਾ ਬਿਨਾ ਤਾਜ ਬਾਦਸ਼ਾਹ ਜਾਂ ਰਾਜਾ ਸੀ। ਉਹ ਇਸ ਇਲਾਕੇ ਦੀ ਗੁੱਜਰ ਜਨਤਾ ਉਸਦੀ ਪੁਕਾਰ ਉਤੇ ਆਪਣੇ ਪ੍ਰਾਣ ਨਿਛਾਵਰ ਕਰ ਦਿੰਦੀ ਸੀ।

1857 ਦੇ ਦਮਨ ਚੱਕਰ ਦੇ ਦੌਰਾਨ ਅੰਗਰੇਜ਼ਾਂ ਨੇ ਆਪਣੇ ਚਹੇਤੇ ਜਿਮੀਂਦਾਰ ਹਰਨਰਾਇਣ ਦੀ ਸਹਾਇਤਾ ਲੈਕੇ ਦੇਵ ਹੰਸ ਨੂੰ ਹਰਾਉਣਾ ਚਾਹਿਆ ਪ੍ਰੰਤੂ ਨਿਰਾਸ਼ਾ ਹੀ ਹੱਥ ਲੱਗੀ। ਇਸ ਲੜਾਈ ਵਿੱਚ 3000 ਬੰਦੂਕਾਂ, 2 ਸਟੇਨਗੰਨ ਤੇ 2 ਲੱਖ ਦੀ

ਸੰਪਤੀ ਦੇਵ ਹੰਸ ਨੂੰ ਪ੍ਰਾਪਤ ਹੋਈ ਸੀ। ਇਸ ਲਈ ਰਾਜਾ ਦੇਵ ਹੰਸ ਜੇਤੂ ਹੋਕੇ ਮਾਲ ਗੁਜਾਰੀ ਵਸੂਲ ਕਰਨ ਲੱਗ ਪਿਆ ਸੀ। ਉਹ ਆਦੇਸ਼ ਗੁਜ਼ਾਰੀ ਕਰਦਾ ਸੀ। ਉਸਦੇ ਪਾਸ ਦੇਸ਼ ਭਗਤਾਂ ਦੀ ਸੈਨਾ ਸੀ ਦੇਵ ਹੰਸ ਕੋਲ ਦੇਸ਼ ਲਈ ਮਰ ਮਿਟਣ ਦੀ ਭਾਵਨਾ ਸਭ ਤੋਂ ਵੱਡਾ ਹਥਿਆਰ ਸੀ। ਅੰਗਰੇਜ਼ ਸੂਬਾ ਦੇਵ ਹੰਸ ਦੇ ਨਾਮ ਤੋਂ ਬਹੁਤ ਘਬਰਾਉਂਦੇ ਸਨ। ਇੱਕ ਵਾਰ ਤਾਂ ਇਉਂ ਲੱਗਣ ਲੱਗ ਪਿਆ ਸੀ ਕਿ ਆਗਰੇ ਦੇ ਇਲਾਕੇ ਵਿੱਚ ਅੰਗਰਜ਼ੀ ਰਾਜ ਨਾਮ ਦੀ ਕੋਈ ਚੀਜ਼ ਹੀ ਨਹੀਂ ਹੈ।

ਧੌਲਪੁਰ ਰਾਜ ਵਿੱਚ 28 ਪਿੰਡ ਕਸਾਨੇ ਗੁੱਜਰਾਂ ਦੇ ਹਨ। ਉਹਨਾਂ ਦੇ ਹੀ ਇਕ ਪਿੰਡ ਵਿੱਚ ਹੀ ਸੂਬਾ ਦੇਵ ਹੰਸ ਦਾ ਜਨਮ ਕਸਾਨੇ ਗੋਤ ਵਿੱਚ ਹੋਇਆ ਸੀ। ਦੇਵ ਹੰਸ ਬਚਪਨ ਤੋਂ ਹੀ ਹੋਣਹਾਰ ਸੀ। ਇਹ ਕਹਾਵਤ, “ਰਾਜ ਬਾਜ ਕੇ ਪੁੱਤਰ ਕੋ ਝਪਟ ਸਿਖਾਵਤ ਕੌਣ ? ਅਰਥਾਤ ਰਾਜਾ ਤੇ ਬਾਜ ਪੰਛੀ ਦੇ ਬੱਚੇ ਨੂੰ ਝਪਟ ਸਿਖਾਉਣ ਦੀ ਲੋੜ ਨਹੀਂ। ਦੇਵ ਹੰਸ ਨੇ ਬਚਪਨ ਵਿੱਚ ਹੀ ਸ਼ਸ਼ਤਰ ਵਿੱਦਿਆ ਅਤੇ ਰਾਜਨੀਤੀ ਸ਼ਾਸ਼ਤਰ ਦਾ ਵਿਵਹਾਰਕ ਗਿਆਨ ਪ੍ਰਾਪਤ ਕਰ ਲਿਆ ਸੀ। ਦੇਵ ਹੰਸ ਦਾ ਜੱਸ ਤੇ ਕੀਰਤੀ ਫੈਲਣ ਲੱਗੀ ਸੀ। ਧੌਲਪੁਰ ਦੇ ਮਹਾਰਾਜਾ ਭਗਵਤ ਸਿੰਘ ਤੇ ਉਨ੍ਹਾਂ ਦੀ ਰਾਣੀ ਨੇ ਦੇਵ ਹੰਸ ਦੇ ਪਿੰਡ ਜਾਕੇ ਉਸਦੇ ਪਿਤਾ ਕੋਲੋਂ ਦੇਵ ਹੰਸ ਦੀ ਮੰਗ ਰੱਖੀ। ਜਿਸਨੂੰ ਦੇਵ ਹੰਸ ਦੇ ਪਿਤਾ ਨੇ ਮੰਨ ਲਿਆ। ਰਾਜਾ ਆਪ ਦੇਵ ਹੰਸ ਦੀ ਤੀਰ ਅੰਦਾਜ਼ੀ ਤੇ ਨਿਸ਼ਾਨ ਭੇਦੀ ਸ਼ਸ਼ਤਰ ਵਿੱਦਿਆ ਗ੍ਰਹਿਣ ਕਰਕੇ ਬਹੁਤ ਖੁਸ਼ ਹੋਏ ਅਤੇ ਦੇਵ ਹੰਸ ਦੇ ਸੈਨਿਕ ਸਿੱਖਿਆ ਦੀ ਉਤਮ ਵਿਵਸਥਾ ਕਰ ਦਿੱਤੀ।

ਰਾਜਾ ਭਗਵਤ ਸਿੰਘ ਦੇ ਪਿਤਾ ਰਾਣਾ ਕੀਰਤੀ ਸਿੰਘ ਨੂੰ ਮਥਰਾ ਦੇ ਸਾਮੰਤਾਂ (ਸਰਦਾਰਾਂ) ਨੇ ਮਾਲ ਗੁਜ਼ਾਰੀ ਦੇਣੀ ਬੰਦ ਕਰ ਦਿੱਤੀ। ਰਾਜਾ ਕੀਰਤੀ ਸਿੰਘ ਨੇ ਬਲ ਪ੍ਰਯੋਗ ਕੀਤਾ ਤਾਂ ਰਾਜਾ ਕੀਰਤੀ ਸਿੰਘ ਨੂੰ ਆਪਣੀ ਪਗੜੀ ਤੋਂ ਹੱਥ ਧੋਣੇ ਪਏ। ਉਸ ਵੇਲੇ ਰਾਜਾ ਨੇ ਦੇਵ ਹੰਸ ਕਸਾਨਾ ਨੂੰ ਸੈਨਾਪਤੀ ਬਣਾ ਕੇ ਭੇਜਿਆ। ਇਹ ਯੁੱਧ 6 ਮਹੀਨੇ ਚੱਲਿਆ ਤਾਂ ਕਿਤੇ ਜਾਕੇ ਉਸਨੂੰ ਸਫਲਤਾ ਮਿਲੀ।

ਦੇਵ ਹੰਸ ਨੇ ਧੌਲਪੁਰ ਦੇ ਨਜ਼ਦੀਕ ਹੀ ਇੱਕ ਕਿਲ੍ਹੇ ਦਾ ਨਿਰਮਾਣ ਕਰਵਾਇਆ ਜਿਸ ਵਿੱਚ ਦੇਵ ਹੰਸ ਦੀ ਕਈ ਹਜ਼ਾਰ ਸੁਸੰਗਠਿਤ ਸੈਨਾ ਰਿਹਾ ਕਰਦੀ ਸੀ। ਗਵਾਲੀਅਰ ਅਤੇ ਧੌਲਪੁਰ ਨਰੇਸ਼ ਨੂੰ ਦੇਵ ਹੰਸ ਤੋਂ ਖਤਰਾ ਨਜ਼ਰ ਆਉਣ ਲੱਗਾ। ਇੱਕ ਵਾਰ ਧੌਲਪੁਰ ਦੇ ਮਹਾਰਾਣਾ ਕੀਰਤੀ ਸਿੰਘ ਦੇਵ ਹੰਸ ਨੂੰ ਤੀਰਥ ਕਰਾਉਣ ਦੇ ਬਹਾਨੇ ਕਾਸ਼ੀ ਲੈ ਗਏ ਅਤੇ ਧੋਖੇ ਨਾਲ ਉਸਨੂੰ ਉਥੇ ਜੇਲ ਵਿੱਚ ਬੰਦ ਕਰਵਾ ਦਿੱਤਾ। ਕਾਸ਼ੀ ਨਰੇਸ਼ ਨੂੰ ਜਦੋਂ ਦੇਵ ਹੰਸ ਦੇ ਬਾਰੇ ਵਿੱਚ ਸਚਾਈ ਪਤਾ ਲੱਗੀ, ਉਸਨੇ ਉਸਨੂੰ ਬਰੀ ਕਰ ਦਿੱਤਾ। ਇਸ ਪ੍ਰਕਾਰ ਦੇਵ ਹੰਸ ਨੂੰ ਆਸੇ ਪਾਸੇ ਦੇ ਰਾਜਾਂ ਅਤੇ ਅੰਗਰੇਜ਼ਾਂ ਨਾਲ ਨਿਰੰਤਰ ਲੜਨਾ ਪਿਆ, ਜਿਸ ਵਿੱਚ ਸਦੈਵ ਜਿੱਤ ਉਸਦੀ ਹੀ ਰਹੀ।

# 1857 ਦੀ ਕ੍ਰਾਂਤੀ ਦੀਆ ਚਿੰਗਾੜੀਆਂ

1857 ਦੀ ਕ੍ਰਾਂਤੀ ਦੀਆਂ ਲਪਟਾਂ ਜਿੱਥੇ ਛਾਉਣੀਆਂ ਜਾਂ ਗੁੱਜਰਾਂ ਦੀਆਂ ਬਸਤੀਆਂ ਵਿੱਚ ਜੰਗਲ ਦੀ ਅੱਗ ਦੀ ਤਰ੍ਹਾਂ ਫੈਲ ਗਈਆ ਹਨ। ਇਧਰ ਗੁੱਜਰਾਂ ਦੇ ਇਲਾਕੇ ਵਿੱਚ ਸਹਾਰਨਪੁਰ, ਮੁਜੱਫਰਨਗਰ, ਮੁਰਾਦਾਬਾਹ ਬੁਲੰਦ ਸ਼ਹਿਰ, ਹਾਪੁੜ, ਗਾਜੀਆਬਾਦ, ਦਿੱਲੀ, ਮਥੁਰਾ, ਛਾਤਾ, ਬ੍ਰਿੰਦਾਬਨ, ਕੋਸੀ, ਆਗਰਾ, ਧੌਲਪੁਰ ਤੱਕ ਅਰਥਾਤ ਗੰਗਾ ਜਮੁਨਾ ਦੇ ਦੁਆਬ ਤੋਂ ਚੰਬਲ ਨਦੀ ਤੱਕ 1857 ਦੀ ਕ੍ਰਾਂਤੀ ਵਿਆਪਕ ਤੌਰ ਤੇ ਘਰ-ਘਰ, ਪਿੰਡ-ਪਿੰਡ, ਨਗਰ-ਨਗਰ ਅਤੇ ਸੈਨਿਕ ਛਾਉਣੀਆਂ ਵਿੱਚ ਪਹੁੰਚ ਗਈ। ਮੰਗਲ ਪਾਂਡੇ ਨਾਮ ਦੇ ਸੈਨਿਕ ਨੇ 27 ਮਾਰਚ 1857 ਨੂੰ ਜੋ 34 ਨੰਬਰ ਦੇਸੀ ਪਲਟਨ ਦਾ ਇੱਕ ਸਿਪਾਹੀ ਸੀ, ਬੈਰਕਪੁਰ ਵਿੱਚ ਸਭ ਤੋਂ ਪਹਿਲਾਂ ਇਕੱਲੇ ਨੇ ਹੀ ਚਰਬੀ ਵਾਲੇ ਕਾਰਤੂਸ ਦੇ ਸਵਾਲ ਨੂੰ ਲੈਕੇ ਕ੍ਰਾਂਤੀ ਦਾ ਬਿਗਲ ਵਜਾਇਆ ਸੀ। ਉਸਨੂੰ ਫਾਂਸੀ ਤੇ ਲਟਕਾ ਦਿੱਤਾ ਗਿਆ ਸੀ। ਇਸ ਤੋਂ ਪਹਿਲਾਂ 25 ਫਰਵਰੀ 1857 ਨੂੰ 19 ਨੰਬਰ ਦੇਸੀ ਪਲਟਨ ਨੇ ਬਰਾਹਮਪੁਰ ਛਾਉਣੀ ਵਿੱਚ ਵਿਦਰੋਹ ਕੀਤਾ ਜਿਸਦੇ ਫਲਸਰੂਪ ਉਸ ਪਲਟਨ ਨੂੰ ਤੁਰੰਤ ਭੰਗ ਕਰ ਦਿੱਤਾ ਗਿਆ ਸੀ। ਮੰਗਲ ਪਾਂਡੇ ਦੀ ਸ਼ਹਾਦਤ ਤੋਂ ਜੋ ਕ੍ਰਾਂਤੀ ਦੀ ਚਿੰਗਾੜੀ ਬੈਰਕਪੁਰ ਛਾਉਣੀ ਵਿੱਚ ਸੁਲਗੀ ਸੀ। ਉਹ ਬੈਰਕਪੁਰ, ਬਰੇਲੀ, ਢਾਕਾ, ਚਿਟਗਾਂਵ, ਦੀਨਾਪੁਰ, ਕੋਟਾ, ਇੰਦੌਰ, ਦਿੱਲੀ, ਮੇਰਠ, ਬੁਲੰਦ ਸ਼ਹਿਰ, ਸਹਾਰਨਪੁਰ, ਕਾਨਪੁਰ, ਲਖਨਊ, ਬਰੇਲੀ, ਝਾਂਸੀ, ਅਰਹਾ (ਬਿਹਾਰ) ਆਦਿ ਸੈਨਿਕ ਕੇਂਦਰਾਂ ਅਤੇ ਅਸੈਨਿਕ ਇਲਾਕਿਆ ਵਿੱਚ ਵੀ ਉੱਗਰ ਰੂਪ ਧਾਰਣ ਕਰਕੇ ਬ੍ਰਿਟਿਸ਼ ਸਾਮਰਾਜ ਲਈ ਵਿਨਾਸ਼ ਲੀਲਾ ਬਣ ਗਈ।

ਦਿੱਲੀ ਭਾਰਤ ਦੀ ਰਾਜਧਾਨੀ ਸੀ। ਦਿੱਲੀ ਵਿੱਚ 1857 ਦੀ ਕ੍ਰਾਂਤੀ ਦੇ ਪ੍ਰਮੁੱਖ ਨੇਤਾ ਅੰਤਿਮ ਮੁਗਲ ਸਮਰਾਟ ਬਹਾਦਰ ਸ਼ਾਹ ਜਫਰ ਸੀ। ਉਸ ਦਾ ਸੈਨਿਕ ਕਮਾਂਡਰ ਬਰੇਲੀ ਦਾ ਸਪੂਤ ਬਖਤ ਖਾਂ ਮੈਦਾਨ ਏ ਜੰਗ ਵਿੱਚ ਸੀ। ਬਰੇਲੀ ਦਾ ਨਵਾਬ ਮੁਹੰਮਦ ਬਖਤ ਖਾਂ ਬਹਾਦਰ ਸ਼ਾਹ ਦੀ ਸਹਾਇਤਾ ਅਤੇ ਅੰਗਰੇਜ਼ੀ ਹਕੂਮਤ ਤੋਂ ਛੁਟਕਾਰਾ ਪਾਉਣ ਲਈ 50,000 ਰੁਹੇਲ ਖੰਡ ਦੀ ਸੈਨਾ ਲੈਕੇ ਪਹੁੰਚਿਆ। ਸੈਨਿਕਾਂ ਨੂੰ ਉਸਨੇ 6 ਮਹੀਨੇ ਦੀ ਤਨਖਾਹ ਪਹਿਲਾਂ ਦੇ ਦਿੱਤੀ ਸੀ। ਬਾਦਸ਼ਾਹ ਆਪ ਲਾਲ ਕਿਲੇ ਤੋਂ ਕ੍ਰਾਂਤੀ ਦਾ ਸੰਚਾਲਨ ਕਰ ਰਿਹਾ ਸੀ। ਸੈਨਿਕ ਅਤੇ ਆਮ

ਜਨਤਾ ਬਹਾਦਰ ਸ਼ਾਹ ਜਫਰ ਨੂੰ ਆਪਣਾ ਨੇਤਾ ਮੰਨਕੇ ਬ੍ਰਿਟਿਸ਼ ਰਾਜ ਨੂੰ ਭਾਰਤ ਵਿੱਚੋਂ ਸਮਾਪਤ ਕਰਨ ਵਾਸਤੇ ਤੁਲੀ ਹੋਈ ਸੀ। ਜਿਸਦਾ ਵਰਣਨ ਪਿੱਛੇ ਕੀਤਾ ਜਾ ਚੁੱਕਾ ਹੈ। ਬਹਾਦਰ ਸ਼ਾਹ ਜਫਰ ਨੇ ਕ੍ਰਾਂਤੀਕਾਰੀਆਂ ਦੇ ਨਾਂ ਸੰਦੇਸ਼ ਭੇਜਿਆ:-

ਗਾਜੀਓਂ ਮੇਂ ਬੂ ਰਹੇਗੀ, ਜਬ ਤਲਕ ਇਮਾਨ ਥੀ।

ਤਖਤੇ ਲੰਦਨ ਤੱਕ ਚੱਲੇਗੀ, ਤੇਗ਼ ਹਿੰਦੁਸਤਾਨ ਕੀ।

ਅਰਥਾਤ ਸਾਡੇ ਸੂਰਬੀਰਾਂ ਦੇ ਅੰਤਹਕਰਣ ਵਿੱਚ ਜਦੋਂ ਤੱਕ ਆਤਮ ਵਿਸ਼ਵਾਸ ਅਤੇ ਦੇਸ਼ ਭਗਤੀ ਦੀ ਭਾਵਨਾ ਹੈ। ਉਸ ਵੇਲੇ ਤੱਕ ਹਿੰਦੋਸਤਾਨ ਦੀ ਪਵਿੱਤਰ ਕਿਰਪਾਨ ਲੰਦਨ ਤੱਕ ਵੀ ਵਾਰ ਕਰਦੀ ਰਹੇਗੀ। ਕਾਨਪੁਰ ਵਿੱਚ ਕ੍ਰਾਂਤੀਕਾਰੀਆਂ ਦੀ ਅਗਵਾਈ ਨਾਨਾ ਫਰਨਵੀਸ ਕਰ ਰਹੇ ਸਨ। ਨਾਨਾ ਫਰਨਵੀਸ ਅੰਤਮ ਮਰਾਠਾ ਪੇਸ਼ਵਾ ਬਾਜੀ ਰਾਉ ਦੂਜੇ ਦਾ ਗੋਦ ਲਿਆ ਹੋਇਆ ਪੁੱਤਰ ਸੀ। ਅੰਗਰੇਜ਼ਾਂ ਨੇ ਗੋਦ ਲਏ ਪੁੱਤਰਾਂ ਨੂੰ ਰਾਜ ਗੱਦੀ ਦਾ ਵਾਰਿਸ ਹੋਣਾ ਗੈਰ ਕਾਨੂੰਨੀ ਕਰਾਰ ਦੇਕੇ ਅਤੇ ਅਵਧ ਦੀ ਬੇਗਮ ਹਜ਼ਰਤ ਮਹਲ ਆਦਿ ਰਾਜ ਘਰਾਣਿਆਂ ਨਾਨਾ ਫਰਨਵੀਸ, ਝਾਂਸੀ ਦੀ ਰਾਣੀ  ਨੂੰ ਆਪਣਾ ਦੁਸ਼ਮਣ ਬਣਾ ਲਿਆ ਸੀ।

ਕਾਨਪੁਰ ਵਿੱਚ ਨਾਨਾ ਸਾਹਿਬ ਨੇ ਸੈਨਿਕ ਸਹਾਇਤਾ ਨਾਲ ਅੰਗਰੇਜ਼ਾਂ ਨੂੰ ਹਰਾਇਆ ਸੀ। ਨਾਨਾ ਸਾਹਿਬ ਦੇ ਸੈਨਾਪਤੀ ਤਾਂਤੀਆ ਟੋਪੇ ਨੇ ਆਪਣੀ ਦੇਸ਼ ਭਗਤੀ ਤੇ ਸੈਨਿਕ ਪ੍ਰਾਕਰਮ ਦਾ ਜਵਲੰਤ ਉਦਾਹਰਨ ਪੇਸ਼ ਕੀਤਾ ਸੀ। ਗਵਰਨਰ ਜਨਰਲ ਲਾਰਡ ਕੈਨਿੰਗ ਨੇ ਪੂਰਬੀ ਉਤਰ ਪ੍ਰਦੇਸ਼ ਨੂੰ ਕ੍ਰਾਂਤੀਕਾਰੀਆਂ ਦੇ ਕਬਜੇ ਵਿੱਚੋਂ ਛੁਡਾਉਣ ਲਈ ਕਰਨਲ ਨੀਲ ਨੂੰ ਭੇਜਿਆ ਸੀ। ਉਸਨੇ ਬਨਾਰਸ ਅਤੇ ਇਲਾਹਾਬਾਦ ਨੂੰ ਜਿੱਤਕੇ ਕਾਨਪੁਰ ਵੱਲ ਮੁੜਨਾ ਚਾਹਿਆ। ਲੇਕਿਨ ਕਰਨਲ ਹੈਵਲਾਕ ਕਾਨਪੁਰ ਉਤੇ ਅਧਿਕਾਰ ਕਰ ਚੁੱਕਾ ਸੀ। ਪ੍ਰੰਤੂ ਤਾਂਤੀਆ ਟੋਪੇ ਦੀਆਂ ਫੌਜਾਂ ਨੇ ਕਾਨਪੁਰ ਮੁੱੜ ਜਿੱਤ ਲਿਆ ਸੀ ਅੰਤ ਵਿੱਚ 6 ਦਸੰਬਰ 1857 ਨੂੰ ਅੰਗਰੇਜ਼ਾਂ ਦਾ ਕਾਨਪੁਰ ਉਤੇ ਮੁੜ ਅਧਿਕਾਰ ਹੋ ਗਿਆ ਅਤੇ ਕ੍ਰਾਂਤੀਕਾਰੀਆਂ ਦੀ ਹਾਰ ਹੋ ਗਈ।

ਲਖਨਊ ਵਿੱਚ ਵਿਦਰੋਹ ਦਾ ਸੰਚਾਲਨ ਅਵਧ ਦੀ ਬੇਗਮ ਹਜਰਤ ਮਹਲ ਨੇ ਕੀਤਾ ਸੀ। ਉਸਨੇ ਆਪਣੇ ਛੋਟੇ ਪੁੱਤਰ ਨੂੰ ਅਵਧ ਦਾ ਨਵਾਬ ਹੋਣ ਦਾ ਐਲਾਨ ਕਰ ਦਿੱਤਾ। ਕਰਨਲ ਹੈਵਲਾਕ ਕੈਂਪਬਲ ਨੇ ਲਖਨਊ ਉਤੇ ਪੂਰਨ ਤਿਆਰੀ ਨਾਲ ਹਮਲਾ ਕੀਤਾ ਅਤੇ 31 ਮਾਰਚ 1857 ਨੂੰ ਮੁੜ ਗੋਰਖੇ ਤੇ ਸਿੱਖਾਂ ਦੀ ਸਹਾਇਤਾ ਨਾਲ ਲਖਨਊ ਉਤੇ ਅੰਗਰੇਜ਼ਾਂ ਦਾ ਅਧਿਕਾਰ ਹੋ ਗਿਆ। ਅਵਧ ਦੀ ਬੇਗਮ ਹਜ਼ਰਤ ਮਹਲ ਨੇ ਨੇਪਾਲ ਵਿੱਚ ਜਾਕੇ ਸ਼ਰਣ ਲਈ।

ਝਾਂਸੀ ਵਿੱਚ ਕ੍ਰਾਂਤੀਕਾਰੀਆਂ ਦਾ ਮਾਰਗ ਦਰਸ਼ਨ ਝਾਂਸੀ ਦੀ ਰਾਣੀ ਲਕਸ਼ਮੀ

ਬਾਈ ਨੇ ਕੀਤਾ। ਸਰ ਹਯੂਰੋਜ਼ ਨੇ ਝਾਂਸੀ ਨੂੰ ਆਪਣੇ ਕਬਜੇ ਵਿੱਚ ਕਰਨ ਲਈ ਭਿਅੰਕਰ ਹਮਲਾ ਕੀਤਾ। ਕਈ ਦਿਨਾਂ ਤੱਕ ਰਾਣੀ ਆਪਣੇ ਕਿਲ੍ਹੇ ਦੀ ਰੱਖਿਆ ਕਰਦੀ ਰਹੀ, ਤਾਂਤੀਆ ਟੋਪੇ ਵੀ ਰਾਣੀ ਦੀ ਸਹਾਇਤਾ ਲਈ ਝਾਂਸੀ ਪਹੁੰਚ ਗਿਆ ਸੀ। ਬਹੁਤ ਘੋਰ ਘਮਸਾਣ ਦਾ ਯੁੱਧ ਹੋਇਆ। ਰਾਣੀ ਨੇ ਆਪਣੇ ਗੋਦ ਲਏ ਪੁੱਤਰ ਨੂੰ ਕਮਰ ਨਾਲ ਬੰਨਕੇ ਘੋੜੇ ਤੇ ਚੜ੍ਹਕੇ ਅੰਗਰੇਜ਼ਾਂ ਨਾਲ ਯੁੱਧ ਕੀਤਾ, ਪ੍ਰੰਤੂ ਕੁਝ ਦੇਸ਼ ਧਰੋਹੀ ਅੰਗਰੇਜ਼ਾਂ ਨਾਲ ਜਾ ਮਿਲੇ ਅਤੇ ਉਨ੍ਹਾਂ ਨੇ ਕਿਲ੍ਹੇ ਦਾ ਦਰਵਾਜ਼ਾ ਖੋਲ੍ਹ ਦਿੱਤਾ। ਫੇਰ ਕੀ ਸੀ ਅੰਗਰੇਜ਼ਾਂ ਦਾ ਕਿਲ੍ਹੇ ਤੇ ਕਬਜ਼ਾ ਹੋ ਗਿਆ। ਬਾਅਦ ਵਿੱਚ ਗਵਾਲੀਅਰ ਦੇ ਨੇੜੇ ਗੰਗਾ ਦਾਸ ਦੀ ਕੁਟੀਆ ਦੇ ਕੋਲ ਰਾਣੀ ਲੜਦੀ ਹੋਈ 17 ਜੂਨ 1858 ਨੂੰ ਸ਼ਹੀਦ ਹੋ ਗਈ। ਖੂਬ ਲੜੀ ਮਰਦਾਨੀ ਵੋਹ ਤੋਂ ਝਾਂਸੀ ਵਾਲੀ ਰਾਨੀ ਥੀ-ਬੁੰਦੇਲੇ ਹਰਬੋਲੋਂ ਕੇ ਮੂੰਹ ਸੇ ਹਮਨੇ ਸੁਣੀ ਕਹਾਣੀ ਥੀ। ਝਾਂਸੀ ਦੇ ਇਰਦ ਗਿਰਦ ਦੀ ਗੁੱਜਰ ਜਨਤਾ ਰਾਣੀ ਨੂੰ ਆਗੂ ਮੰਨਕੇ ਉਸ ਨਾਲ ਸਹਿਯੋਗ ਕਰਦੇ ਰਹੇ। ਬੁੰਦੇਲਖੰਡ ਡਵੀਜਨ ਦੇ ਚੰਦੇਲੇ ਤੋ ਹੋਰ ਗੁੱਜਰਾਂ ਦੀ ਬਹੁਤ ਆਬਾਦੀ ਸੀ।

ਬਿਹਾਰ ਵਿੱਚ ਜਗਦੀਸ਼ਪੁਰ ਦੇ (ਆਰਾ) 80 ਸਾਲਾ ਜਿਮੀਂਦਾਰ ਕੁੰਵਰ ਸਿੰਘ ਨਾਨਾ ਸਾਹਿਬ ਨਾਲ ਮਿਲਕੇ ਅੰਗਰੇਜ਼ਾਂ ਵਿਰੁੱਧ ਲੜਦੇ ਰਹੇ। ਨਾਨਾ ਸਾਹਿਬ ਦਾ ਯੁੱਧ ਖੇਤਰ ਅਵਧ ਤੋਂ ਮਧ ਭਾਰਤ ਤੱਕ ਸੀ। ਉਹ ਜਿੱਥੇ ਪਹੁੰਚ ਸਕਦੇ ਸਨ, ਪਹੁੰਚਦੇ ਸਨ ਅਤੇ ਕ੍ਰਾਂਤੀ ਦੀ ਅੱਗ ਨੂੰ ਬੁਝਣ ਨਹੀਂ ਦੇਣਾ ਚਾਹੁੰਦੇ ਸਨ। ਨਾਨਾ ਸਾਹਿਬ ਅਤੇ ਉਹਨਾਂ ਦਾ ਸੈਨਾਪਤੀ ਤਾਂਤੀਆ ਟੋਪੇ ਕਦੇ ਅਵਧ, ਕਦੇ ਝਾਂਸੀ ਕਦੇ ਬਿਹਾਰ ਵਿੱਚ ਕੁੰਵਰ ਸਿੰਘ ਪਾਸ ਬਰਾਬਰ ਕ੍ਰਾਂਤੀਕਾਰੀਆਂ ਦੀ ਸਹਾਇਤਾ ਤੇ ਸਹਿਯੋਗ ਦਿੰਦੇ ਰਹੇ।

26 ਅ੍ਰਪੈਲ 1858 ਨੂੰ ਜਿਮੀਂਦਾਰ ਕੰਵਰ ਸਿੰਘ ਯੁੱਧ ਕਰਦਾ ਹੋਇਆ ਵੀਰਗਤੀ ਨੂੰ ਪ੍ਰਾਪਤ ਹੋਇਆ। ਹਿਸਟਰੀ ਆਫ ਦੀ ਸਿਪਾਹੀ ਵਾਰ ਦਾ ਲੇਖਕ ਇਤਿਹਾਸਕਾਰ ਹੋਮਸ ਕੰਵਰ ਸਿੰਘ ਬਾਰੇ ਲਿਖਦਾ ਹੈ, "ਉਹ ਰਾਜਪੂਤ ਇਤਨੇ ਸਨਮਾਨ ਪੂਰਵਕ ਅਤੇ ਵੀਰਤਾ ਨਾਲ ਅੰਗਰੇਜ਼ਾਂ ਨਾਲ ਲੜਦਾ ਹੋਇਆ 26 ਅ੍ਰਪੈਲ 1858 ਨੂੰ ਸ਼ਹੀਦ ਹੋਇਆ।" ਵੀਰ ਕੰਵਰ ਸਿੰਘ ਦੇ ਸ਼ਹੀਦ ਹੋਣ ਉਪਰੰਤ ਉਸਦੇ ਛੋਟੇ ਭਾਈ ਅਮਰ ਸਿੰਘ ਨੇ ਬਚੇ ਹੋਏ ਕੰਮ ਨੂੰ ਪੂਰਾ ਕਰਨ ਲਈ ਆਪਣੇ ਆਪ ਨੂੰ ਝੌਂਕ ਦਿੱਤਾ।

ਨਾਨਾ ਫਰਨਵੀਸ ਦਾ ਸੈਨਾਪਤੀ ਤਾਂਤੀਆ ਟੋਪੇ ਮਧ ਭਾਰਤ ਦੇ ਬੀਹੜ ਜੰਗਲਾਂ ਦੀ ਸ਼ਰਣ ਚਲਿਆ ਗਿਆ ਅਤੇ ਅੰਗਰੇਜ਼ਾਂ ਲਈ ਸਿਰਦਰਦ ਬਣਿਆ ਰਿਹਾ। ਮਾਨ ਸਿੰਘ ਦੇਸ਼ ਧਰੋਹੀ ਨੇ ਜਾਗੀਰ ਦੇ ਲੋਭ ਵਿੱਚ ਵੀਰ ਨਾਨਾ ਫਰਨਵੀਸ ਦੇ ਦੇਸ਼ ਭਗਤ ਸੈਨਾਪਤੀ ਤਾਂਤੀਆ ਟੋਪੇ ਨੂੰ ਧੋਖੇ ਨਾਲ ਫੜਵਾ ਦਿੱਤਾ ਸੀ। 18

ਅ੍ਰਪੈਲ 1859 ਨੂੰ ਸ਼ਿਵਪੁਰੀ ਛਾਉਣੀ ਵਿੱਚ ਭਾਰਤ ਮਾਤਾ ਦੇ ਇਸ ਮਹਾਨ ਸਪੂਤ ਨੂੰ ਅੰਗਰੇਜ਼ਾਂ ਨੇ ਮੌਤ ਦੀ ਸਜ਼ਾ ਦੇਕੇ ਬਦਲੇ ਦੀ ਆਪਣੀ ਅੱਗ ਬੁਝਾਈ।

1857 ਦੀ ਦੇਸ਼ ਵਿਆਪੀ ਕ੍ਰਾਂਤੀ ਵਿੱਚ ਦੇਸੀ ਰਾਜਿਆਂ ਅਤੇ ਵੱਡੇ ਜਿਮੀਂਦਾਰਾਂ, ਗਵਾਲੀਅਰ, ਇੰਦੌਰ, ਰਾਜਪੂਤ ਰਾਜ, ਭੋਪਾਲ, ਪਟਿਆਲਾ, ਨਾਭਾ, ਜੀਂਦ, ਕਸ਼ਮੀਰ ਰਾਜ ਪੂਰੀ ਤਰ੍ਹਾਂ ਅੰਗਰੇਜ਼ਾਂ ਦੇ ਨਾਲ ਰਹੇ। ਬੰਗਾਲ ਦੇ ਜਿਮੀਂਦਾਰ ਵੀ ਅੰਗਰੇਜ਼ਾਂ ਦੇ ਸਾਥੀ ਰਹੇ।

ਮਦਰਾਸ, ਬੰਬਈ, ਬੰਗਾਲ ਅਤੇ ਪੰਜਾਬ ਵਿੱਚ ਇੱਕ ਅੱਧੀ ਘਟਨਾਵਾਂ ਨੂੰ ਛੱਡਕੇ ਸ਼ਾਂਤੀ ਰਹੀ, "ਜੇਕਰ ਪੰਜਾਬ ਹੱਥੋਂ ਚਲਿਆ ਜਾਂਦਾ ਤਾਂ ਸਾਡਾ ਸਰਵਨਾਸ਼ ਹੋ ਜਾਣਾ ਨਿਸ਼ਚਿਤ ਸੀ।" ਉਪਰੀ ਪ੍ਰਦੇਸ਼ ਵਿੱਚ ਸੈਨਾ ਪਹੁੰਚਣ ਤੋਂ ਪਹਿਲਾਂ ਹੀ ਸਾਰੇ ਅੰਗਰੇਜ਼ਾਂ ਦੀਆਂ ਅਸਥੀਆਂ ਧੁੱਪ ਵਿੱਚ ਸੁਕਣੇ ਪਾ ਦਿੱਤੀਆਂ ਜਾਦੀਆਂ ਸਨ। ਇਸ ਸੰਕਟ ਤੋਂ ਬਚਕੇ ਪੂਰਬ ਵਿੱਚ ਆਪਣੀ ਸੱਤਾ ਮੁੜ ਸਥਾਪਿਤ ਕਰਨਾ ਤੇ ਮਾਣ ਨਾਲ ਸਿਰ ਉਚਾ ਉਠਾਉਣਾ ਇੰਗਲੈਂਡ ਵਾਸਤੇ ਅਸੰਭਵ ਹੀ ਹੋ ਜਾਣਾ ਸੀ। ਲਾਈਫ ਆਫ ਲਾਰਡ ਲਾਰੈਂਸ ਪੁਸਤਕ ਵਿੱਚ ਸਰ ਜਾਨ ਲੋਰੰਸ ਨੇ ਉਪਰੋਕਤ ਸ਼ਬਦ ਪ੍ਰਗਟ ਕਰਕੇ ਇੱਕ ਕੌੜੀ ਸੱਚਾਈ ਦਾ ਪਰਦਾਫਾਸ਼ ਕੀਤਾ ਹੈ। ਜਦੋਂ ਸਾਰੇ ਦੇਸ਼ ਵਿੱਚ ਸਵਾਧੀਨਤਾ ਦੀ ਅੱਗ ਸੁਲਗ ਰਹੀ ਸੀ ਉਸ ਵੇਲੇ ਵੀਰ ਭੂਮੀ ਪੰਜਾਬ ਅੰਗਰੇਜ਼ਾਂ ਦਾ ਸਾਥੀ, ਹਮਦਰਦ ਤੇ ਕ੍ਰਾਂਤੀਕਾਰੀਆਂ ਦਾ ਵਿਰੋਧੀ ਪ੍ਰਗਟ ਹੋਇਆ। ਜੇਕਰ ਪੰਜਾਬ ਵਿੱਚ ਵੀ ਕ੍ਰਾਂਤੀ ਦਾ ਹੋਰ ਸਥਾਨਾਂ ਦੀ ਤਰ੍ਹਾਂ ਵਿਸਫੋਟ ਹੋਇਆ ਹੁੰਦਾ ਤਾਂ ਦਿੱਲੀ ਵਿੱਚ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਰਧਾਲੂਆਂ ਦਾ ਰਾਜ ਹੁੰਦਾ।

ਹਰਿਆਣਾ ਹਾਂਸੀ, ਹਿਸਾਰ, ਸਿਰਸਾ, ਅੰਬਾਲਾ, ਕਰਨਾਲ ਨਾਰਨੌਲ, ਝੱਜਰ, ਰੋਹਤਕ, ਗੁੜਗਾਉਂ ਆਦਿ ਖੇਤਰਾਂ ਵਿੱਚ ਵਿਆਪਕ ਵਿਦਰੋਹ ਹੋਇਆ। ਨਸੀਬਪੁਰ ਵਿੱਚ ਨਾਰਨੌਲ ਦੇ ਨਜ਼ਦੀਕ ਰਾਵ ਤੁਲਾ ਰਾਮ ਦੀ ਅਗਵਾਈ ਵਿੱਚ 16 ਨਵੰਬਰ 1857 ਨੂੰ ਘੋਰ ਘਮਸਾਨ ਦਾ ਯੁੱਧ ਹੋਇਆ, ਜਿਸ ਵਿੱਚ ਕ੍ਰਾਂਤੀਕਾਰੀਆਂ ਦੀ ਹਾਰ ਹੋਈ। ਇਸ ਯੁੱਧ ਦੀ ਹਾਰ ਤੋਂ ਇਲਾਕੇ ਦੀ ਕ੍ਰਾਂਤੀ ਦੀ ਜੋਤੀ ਪੂਰੀ ਤਰ੍ਹਾਂ ਬੁਝ ਗਈ। ਰਾਵ ਤੁਲਾ ਰਾਮ ਏਥੋਂ ਹੀ ਕਿਸੇ ਤਰ੍ਹਾਂ ਕਾਬੁਲ ਪਹੁੰਚ ਗਏ, ਜਿਸ ਥਾਂ ਉਨ੍ਹਾਂ ਦੀ ਮੌਤ 23 ਨਵੰਬਰ 1863 ਨੂੰ ਹੋ ਗਈ।

ਹਰਿਆਣਾ ਵਿੱਚ ਮੁਗਲ ਕਾਲ ਦੇ ਛੋਟੇ ਛੋਟੇ ਨਵਾਬ ਸਨ ਇਸੇ ਸਮੇਂ ਸਰ ਜਾਰਜ ਥਾਮਸ ਸੈਨਿਕ ਅਧਿਕਾਰੀ ਨੇ ਹਾਂਸੀ ਤੋਂ ਝੱਜਰ ਤੱਕ ਆਪਣਾ ਰਾਜ ਸਥਾਪਿਤ ਕੀਤਾ। ਉਸਨੇ ਆਪਣੇ ਨਾਮ ਜਾਰਜਗੜ ਨਾਮਕ ਮਜ਼ਬੂਤ ਕਿਲ੍ਹਾ ਬਣਵਾਇਆ ਜੋ ਹੁਣ ਜਹਾਜ਼ਗੜ ਕਹਿਲਾਉਂਦਾ ਹੈ। ਇੱਹ ਝੱਜਰ ਦੇ ਨਜ਼ਦੀਕ ਹੈ। ਏਧਰ ਕਰਨਾਲ ਅਤੇ ਲਾਡਵਾ ਵਿੱਚ ਸਿੱਖਾਂ ਦਾ ਦਬਦਬਾ ਸੀ। 1803 ਵਿੱਚ

ਅੰਗਰੇਜ਼ਾਂ ਅਤੇ ਮਰਾਠਿਆਂ ਦੀ ਲੜਾਈ ਹੋਈ, ਜਿਸ ਵਿੱਚ ਮਰਾਠਿਆਂ ਦੀ ਹਾਰ ਹੋਈ। ਜਿਨ੍ਹਾਂ ਲੋਕਾਂ ਨੇ ਅੰਗਰੇਜ਼ਾਂ ਦੀ ਇਸ ਯੁੱਧ ਵਿੱਚ ਮਦਦ ਕੀਤੀ ਸੀ ਉਨ੍ਹਾਂ ਨੂੰ ਝੱਜਰ, ਲੁਹਾਰੂ ਤੇ ਪਟੌਦੀ ਦੀ ਰਿਆਸਤ ਦਾ ਅਧਿਕਾਰ ਦੇ ਦਿੱਤਾ ਗਿਆ। ਬੱਲਭਗੜ੍ਹ ਵਿੱਚ ਜਾਟ ਰਿਆਸਤ ਕਾਇਮ ਹੋ ਗਈ।

1857 ਦੀ ਕ੍ਰਾਂਤੀ ਵਿੱਚ ਜਿਨ੍ਹਾਂ ਨਵਾਬਾਂ ਨੇ ਹਰਿਆਣਾ ਵਿੱਚ ਬਹਾਦਰ ਸ਼ਾਹ ਦੀ ਅਧੀਨਤਾ ਸਵੀਕਾਰ ਕਰ ਲਈ ਸੀ ਉਨ੍ਹਾਂ ਨੂੰ ਕਠੋਰ ਦੰਡ ਦਿੱਤਾ ਗਿਆ। ਝੱਜਰ ਦੇ ਨਵਾਬ ਅਬਦੁਰ ਰਹਿਮਾਨ ਖਾਂ ਬੱਲਭਗੜ ਦੇ ਜਾਟ ਰਾਜਾ ਨਾਹਰ ਸਿੰਘ, ਫਾਰੂਖ ਨਗਰ ਦੇ ਨਵਾਬ ਅਹਿਮਦ ਅਲੀ ਨੂੰ ਬਿਨਾਂ ਕਿਸੇ ਵਿਸ਼ੇਸ਼ ਸੁਣਵਾਈ ਦੇ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਫਾਂਸੀ ਦੇ ਤਖਤੇ ਤੇ ਲਟਕਾ ਦਿੱਤਾ ਗਿਆ ਸੀ। ਇਨ੍ਹਾਂ ਰਿਆਸਤਾਂ ਦੀ ਮੁਲਵਾਨ ਸੰਪਤੀ ਨੂੰ ਜਬਤ ਕਰ ਲਿਆ ਗਿਆ। ਰਾਜਾ ਨਾਹਰ ਸਿੰਘ ਦੇ ਸਾਥੀ ਚੌਃ ਗੁਲਾਬ ਸਿੰਘ ਯੋਧੇਯ ਤਾਜੂਪੁਰ ਨਿਵਾਸੀ ਜਾਟ ਨੂੰ ਵਰਤਮਾਨ ਨਾਹਰ ਸਿੰਘ ਪਾਰਕ ਬੱਲਭਗੜ ਵਿੱਚ ਫਾਂਸੀ ਦਿੱਤੀ ਗਈ। ਇਸ ਵੀਰ ਪੁਰਸ਼ ਦੀ 1500 ਏਕੜ ਭੂਮੀ ਜਬਤ ਕਰ ਲਈ ਗਈ। ਅੰਗਰੇਜ਼ਾਂ ਦੀ ਸਹਾਇਤਾ ਕਰਨ ਦੇ ਪਰਿਣਾਮ ਸਰੂਪ ਜੀਂਦ ਦੇ ਰਾਜਾ ਨੂੰ ਦਾਦਰੀ ਦੀ ਪੂਰੀ ਰਿਆਸਤ ਅਤੇ ਕਾਨੌੜ ਦਾ ਪਰਗਨਾ ਮਿਲਿਆ। ਨਾਭਾ ਦੇ ਰਾਜਾ ਨੂੰ ਝੱਜਰ ਰਿਆਸਤ ਦਾ ਨਾਰਨੌਲ ਦਾ ਵੱਡਾ ਇਲਾਕਾ ਮਿਲਿਆ। ਦੋਜਾਨਾ, ਪਟੌਦੀ ਤੇ ਲੁਹਾਰੂ ਦੇ ਨਵਾਬਾਂ ਨੇ ਨਾ ਤਾਂ ਅੰਗਰੇਜ਼ਾਂ ਦੀ ਸਹਾਇਤਾ ਕੀਤੀ ਨਾ ਹੀ ਕ੍ਰਾਂਤੀਕਾਰੀਆਂ ਨੂੰ ਸਹਿਯੋਗ ਦਿੱਤਾ। ਇਸ ਲਈ ਉਨ੍ਹਾਂ ਦੀਆਂ ਰਿਆਸਤਾਂ ਉਨ੍ਹਾਂ ਕੋਲ ਰਹੀ।

1857 ਦੀ ਕ੍ਰਾਂਤੀ ਦਾ ਦਮਨ ਚੱਕਰ ਨਾ ਤਾਂ ਇਤਨਾ ਭਿਆਨਕ ਤੇ ਜਾਲਮਾਨਾ ਸੀ, ਜਿਸਦੀ ਮਿਸਾਲ ਨਾਦਿਰ ਸ਼ਾਹ ਦੇ ਕੁਕਰਮਾਂ ਨਾਲ ਵੀ ਨਹੀਂ ਕੀਤੀ ਜਾ ਸਕਦੀ। ਪਿੰਡਾਂ ਨੂੰ ਸਾੜ ਕੇ ਸੁਆਹ ਕਰ ਦਿੱਤਾ ਗਿਆ। ਕ੍ਰਾਂਤੀਕਾਰੀਆਂ ਦੀ ਜ਼ਮੀਨ ਜਾਇਦਾਦ ਜਬਤ ਕਰਕੇ ਆਪਣੇ ਵਫਾਦਾਰਾਂ ਨੂੰ ਬਤੌਰ ਇਨਾਮ ਜਗੀਰਾਂ ਦਿੱਤੀਆਂ ਗਈਆਂ। ਉਨ੍ਹਾਂ ਦਿਨਾਂ ਵਿੱਚ ਹਰ ਇੱਕ ਪਿੰਡ ਦੇ ਬਾਹਰ ਬੋਹੜ ਜਾਂ ਪਿੱਪਲ ਦੇ ਦਰੱਖਤਾਂ ਉਤੇ ਫਾਂਸੀ ਦੇ ਰੱਸਿਆਂ ਤੇ 5-10 ਕ੍ਰਾਂਤੀਕਾਰੀ ਦਿਨ ਰਾਤ ਲਟਕਦੇ ਰਹਿੰਦੇ ਸਨ। ਇਨ੍ਹਾਂ ਦੇਸ਼ ਭਗਤਾਂ ਦੇ ਧੜ ਸੜ ਸੜ ਕੇ ਵਾਯੂਮੰਡਲ ਨੂੰ ਦੂਸ਼ਿਤ ਕਰ ਦਿੰਦੇ ਸਨ। ਇਨ੍ਹਾਂ ਦੀ ਆਖਰੀ ਕਿਰਿਆ ਕਰਨ ਦਾ ਸਾਹਸ ਕੋਈ ਇਸ ਲਈ ਨਹੀਂ ਸੀ ਕਰ ਸਕਦਾ ਕਿ ਦੂਸਰੇ ਦਿਨ ਇਨ੍ਹਾਂ ਦੀ ਹਮਦਰਦੀ ਦੇ ਜੁਰਮ ਵਿੱਚ ਉਨ੍ਹਾਂ ਨੂੰ ਫਾਂਸੀ ਤੇ ਲਟਕਾ ਦਿੱਤਾ ਜਾਂਦਾ ਸੀ। ਪਿੰਡਾਂ ਦੀ ਹੀ ਨਹੀਂ ਦਿੱਲੀ ਦੀ ਇਤਿਹਾਸਿਕ ਨਗਰੀ ਦੇ ਬਾਰੇ ਵਿੱਚ ਇਤਿਹਾਸਕਾਰ ਜਾਨ ਲਿਖਦਾ ਹੈ,

"ਅੱਠ ਛਕੜੇ ਇਸ ਕੰਮ ਲਈ ਤਾਇਨਾਤ ਸਨ ਕਿ ਗਲੀ ਅਤੇ ਬਾਜ਼ਾਰਾਂ ਵਿੱਚ ਦਰੱਖਤਾਂ ਤੇ ਲਟਕਦੀਆਂ ਲਾਸ਼ਾਂ ਨੂੰ ਉਤਾਰ ਕੇ ਦੂਰ ਸੁੱਟ ਆਉਣ।"

ਲੁਹਾਰੂ ਦੇ ਨਵਾਬ ਅਨੁਸਾਰ ਲਗਭਗ 26000 ਵਿਅਕਤੀ ਇਨ੍ਹੀਂ ਦਿਨੀਂ ਦਿੱਲੀ ਵਿੱਚ ਹੀ ਮਾਰੇ ਗਏ ਸਨ। ਹਰਿਆਣਾ ਦੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਜੋ ਨਰਸੰਹਾਰ (ਜੀਅ ਘਾਤ) ਹੋਇਆ, ਉਸਦਾ ਵਰਣਨ ਕਰਨਾ ਮੁਸ਼ਕਿਲ ਹੈ।

ਦਮਨ ਚੱਕਰ ਦੇ ਫਲਸਰੂਪ ਅੰਗਰੇਜ਼ਾਂ ਨੇ (ਉਸ ਸਮੇਂ ਸਰ ਜਾਨ ਲਾਕੰਸ ਚੀਫ ਕਮਿਸ਼ਨਰ ਸੀ) ਦਿੱਲੀ ਡਵੀਜਨ ਵਿੱਚ ਗੁੜਗਾਉਂ ਅਤੇ ਪਾਨੀਪਤ ਦੇ ਜ਼ਿਲ੍ਹੇ ਸਨ। ਹਿਸਾਰ ਡਵੀਜਨ ਵਿੱਚ ਹਿਸਾਰ, ਸਿਰਸਾ ਤੇ ਰੋਹਤਕ (ਝੱਜਰ ਰਿਆਸਤ ਦਾ ਕੁਝ ਭਾਗ) ਦੇ ਜ਼ਿਲ੍ਹੇ ਸ਼ਾਮਿਲ ਸਨ। ਸਾਰਾ ਜ਼ਿਲ੍ਹਾ ਪ੍ਰਸ਼ਾਸ਼ਨ ਡਿਪਟੀ ਕਮਿਸ਼ਨਰ ਨੂੰ ਸੌਂਪ ਦਿੱਤਾ ਗਿਆ। ਡਵੀਜਨ ਦੇ ਜ਼ਿਲ੍ਹਾ ਪ੍ਰਣਾਲੀ ਦਾ ਪ੍ਰਸ਼ਾਸ਼ਨ ਕਮਿਸ਼ਨਰ ਦੇ ਅਧੀਨ ਸੀ ਅਤੇ ਹਰਿਆਣਾ ਨੂੰ ਆਧੁਨਿਕ ਉਤਰ ਪ੍ਰਦੇਸ਼ ਨਾਲੋਂ ਕੱਟਕੇ ਪੰਜਾਬ ਵਿੱਚ ਮਿਲਾ ਦਿੱਤਾ ਸੀ। ਬਾਅਦ ਵਿੱਚ ਜਦੋਂ ਅੰਗਰੇਜ਼ਾਂ ਨੇ ਆਪਣੀ ਨਵੀਂ ਰਾਜਧਾਨੀ ਦਿੱਲੀ ਬਣਾਈ ਤਾਂ ਉਪਰੋਕਤ ਜ਼ਿਲ੍ਹਾ ਪ੍ਰਣਾਲੀ ਨੂੰ ਸਮਾਪਤ ਕਰਕੇ ਦਿੱਲੀ ਦੇ ਥੋੜ੍ਹੇ ਜਿਹੇ ਪਿੰਡਾਂ ਨੂੰ ਰੱਖ ਕੇ ਪ੍ਰਾਂਤਾਂ ਤੋਂ ਵੱਖਰਾ ਕਰ ਦਿੱਤਾ ਸੀ।

1857 ਵਿੱਚ ਪੰਜਾਬ ਦੇ ਲੁਧਿਆਣਾ, ਫਿਰੋਜ਼ਪੁਰ, ਗੁੱਜਰਾਂਵਾਲਾ, ਸਿਆਲਕੋਟ, ਗੁਜਰਾਤ, ਜਲੰਧਰ, ਕਾਂਗੜਾ, ਹੁਸ਼ਿਆਰਪੁਰ ਆਦਿ ਜ਼ਿਲ੍ਹਿਆਂ ਦੇ ਹਿੰਦੂ ਤੇ ਮੁਸਲਮਾਨ ਗੁੱਜਰ ਕੰਧੇ ਨਾਲ ਕੰਧਾ ਮਿਲਾ ਕੇ ਅੰਗਰੇਜ਼ਾਂ ਨਾਲ ਲੜਦੇ ਰਹੇ ਅਤੇ ਜਦੋਂ ਦਮਨ ਚੱਕਰ ਆਰੰਭ ਹੋਇਆ ਤਾਂ ਉਨ੍ਹਾਂ ਦੀ ਉਹੋ ਦੁਰਦਸ਼ਾ ਅੰਗਰੇਜ਼ਾਂ ਨੇ ਕੀਤੀ ਜੋ ਹੋਰ ਥਾਂਵਾਂ ਤੇ ਗੁੱਜਰਾਂ ਦੀ ਕੀਤੀ ਗਈ ਸੀ।

ਡਾ. ਸ਼੍ਰੀ ਵਾਸਤਵ ਡਾਇਰੈਕਟਰ ਪੁਰਾਤੱਤਵ ਵਿਭਾਗ ਉਤਰ ਪ੍ਰਦੇਸ਼ ਨੂੰ ਉਥੋਂ ਦੀ ਸਰਕਾਰ ਨੇ 1976 ਵਿੱਚ 1857 ਦੀ ਕ੍ਰਾਂਤੀ ਦੇ ਬਾਰੇ ਵਿੱਚ ਅੰਗਰੇਜ਼ ਗਵਰਨਰ ਜਨਰਲ ਤੇ ਉਚ ਅਧਿਕਾਰੀਆਂ ਦੀ ਡਾਇਰੀ, ਦਸਤਾਵੇਜ ਤੇ ਅਲੇਖਾਂ ਤੋਂ ਐਸੇ ਤੱਥਾਂ ਨੂੰ ਉਜਾਗਰ ਕਰਨ ਦੇ ਲਈ ਭੇਜਿਆ ਸੀ ਜੋ ਅਜੇ ਤੱਕ ਨਹੀਂ ਲੁਕੇ ਪਏ ਹਨ।

ਡਾ. ਸ਼੍ਰੀ ਵਾਸਤਵ ਨੂੰ ਲੰਡਨ ਦੀ ਲੀਡ ਪਬਲਿਕ ਲਾਇਬ੍ਰੇਰੀ ਵਿੱਚ ਲਾਰਡ ਪਾਮਰਟਸਟਨ ਦੁਆਰਾ ਲਾਰਡ ਕੈਨਿੰਗ ਤਤਕਾਲੀਨ ਗਵਰਨਰ ਜਨਰਲ ਨੂੰ ਲਿਖੇ ਹੋਏ ਕੁਝ ਪੱਤਰ ਮਿਲੇ ਜੋ ਪਿਕੈਡਲੀ ਤੋਂ 21 ਨਵੰਬਰ 1857 ਵਿੱਚ ਲਿਖੇ ਗਏ ਸਨ। ਗੁੱਜਰਾਂ ਨਾਲ ਸਬੰਧਿਤ ਇਸ ਪੱਤਰ ਵਿਉਹਾਰ ਦਾ ਇੱਕ ਅੰਸ਼ ਇਸ ਪ੍ਰਕਾਰ ਹੈਃ-

"ਮਿਊਟਨੀ ਦੇ ਬਾਅਦ ਗੁੱਜਰ ਜਾਤੀ ਦੇ ਲੋਕਾਂ ਨੂੰ ਬਹੁਤ ਵੱਡੀ ਤਾਦਾਦ ਵਿੱਚ ਦੇਸ਼ ਤੋਂ ਬਾਹਰ ਬਤੌਰ ਸਜ਼ਾ ਅਤੰਕਤ ਕਰਨ ਵਾਸਤੇ ਮਾਰੀਸ਼ਸ, ਵੈਸਟਇੰਡੀਜ਼, ਬ੍ਰਿਟਿਸ਼ ਗਾਇਨਾ ਆਦਿ ਦੇਸ਼ਾਂ ਵਿੱਚ ਭੇਜ ਦਿੱਤਾ ਗਿਆ ਸੀ।"

ਲਖਨਊ ਦੀ ਰੈਜ਼ੀਡੈਂਸੀ ਉਤੇ ਇੱਕ ਵਾਰ ਕਬਜ਼ਾ ਕਰਨ ਅਤੇ ਲੁੱਟਣ ਦੇ ਅਪਰਾਧ ਵਿੱਚ ਗੁੱਜਰਾਂ ਨੂੰ ਉਪਰੋਕਤ ਸਜ਼ਾ ਦਿੱਤੀ ਗਈ ਸੀ। 1857 ਵਿੱਚ ਲਖਨਊ ਮਿਊਨਿਟੀ ਵਿੱਚ ਘੱਟ ਤੋਂ ਘੱਟ ਪੰਜ ਲੱਖ ਗੁੱਜਰ ਮਾਰੇ ਗਏ ਸਨ। ਇਸ ਕਾਰਣ ਅੰਗਰੇਜ਼ ਇਸਨੂੰ ਗੁੱਜਰ ਮਿਊਨਿਟੀ (ਗਦਰ) ਕਹਿੰਦੇ ਸਨ। ਪੂਰੇ ਦੇਸ ਵਿੱਚ ਇਸਤੋਂ ਇਲਾਵਾ 12 ਲੱਖ ਗੁੱਜਰ ਮੌਤ ਦੇ ਘਾਟ ਉਤਾਰੇ ਗਏ ਸਨ। ਜਿਨ੍ਹਾਂ ਨੂੰ ਫਾਂਸੀ ਜਾਂ ਕਾਲਾ ਪਾਣੀ ਦੀ ਸਜ਼ਾ ਦਿੱਤੀ ਗਈ, ਕੇਵਲ ਉਨ੍ਹਾਂ ਦਾ ਰਿਕਾਰਡ ਅੰਗਰੇਜ਼ ਸਰਕਾਰ ਨੇ ਰੱਖਿਆ ਸੀ ਜੋ ਤਾਦਾਦ ਸੈਂਕੜਿਆਂ ਵਿੱਚ ਹੈ। ਜਦੋਂ ਕਿ ਨਰ ਸੰਹਾਰ ਬੇਹਿਸਾਬ ਕੀਤਾ ਗਿਆ ਸੀ। ਇਤਿਹਾਸਕਾਰ ਵਾਈਟ ਨੇ ਆਪਣੀ ਪੁਸਤਕ "ਮਹਾਨ ਸਿਪਾਹੀ ਵਿਦਰੋਹ ਦਾ ਸੰਪੂਰਨ ਇਤਿਹਾਸ" ਵਿੱਚ ਅਵਧ ਵਾਸੀਆਂ ਦੀ ਦੇਸ਼ ਭਗਤੀ ਅਤੇ ਸਮਰਾਟ ਦੇ ਪ੍ਰਤਿ ਨਿਸ਼ਠਾ ਦੇ ਬਾਰੇ ਵਿੱਚ ਲਿਖਿਆ ਹੈ, "ਜੇਕਰ ਮੈਂ ਅਵਧ ਵਾਸੀਆਂ ਦੁਆਲੇ ਪ੍ਰਦਰਸ਼ਿਤ ਸਾਹਸ ਦੀ ਪ੍ਰਸੰਸਾ ਨਹੀਂ ਕਰੂੰਗਾ ਤਾਂ ਇੱਕ ਇਤਿਹਾਸਕਾਰ ਦਾ ਪਵਿੱਤਰ ਫਰਜ਼ ਨਹੀਂ ਨਿਭਾ ਪਾਊਂਗਾ। ਨੈਤਿਕ ਦ੍ਰਿਸ਼ਟੀ ਤੋਂ ਅਵਧ ਦੇ ਤਾਲੂਕੇਦਾਰਾਂ ਦੀ ਇੱਕ ਮਹਾਨ ਭੁੱਲ ਇਹ ਸੀ ਕਿ ਉਨ੍ਹਾਂ ਨੇ ਹੱਤਿਆਰੇ ਵਿਦਰੋਹੀਆਂ ਨਾਲ ਹੱਥ ਮਿਲਾਇਆ। ਪ੍ਰੰਤੂ ਇਸ ਲਈ ਵੀ ਉਨ੍ਹਾਂ ਉਦੇਸ਼ ਤੋਂ ਪ੍ਰੇਰਤ ਨਿਸ਼ਠਾਵਾਨ ਦੇਸ਼ ਭਗਤਾਂ ਦੇ ਰੂਪ ਵਿੱਚ ਮਾਨਤਾ ਦਿੱਤੀ ਜਾ ਸਕਦੀ ਹੈ। ਕਿਉਂਕਿ ਉਹ ਆਪਣੀ ਮਾਤ ਭੂਮੀ ਅਤੇ ਸਮਰਾਟ ਦੇ ਵਾਸਤੇ ਸੰਗਰਾਮ ਕਰ ਰਹੇ ਸਨ। ਸਵਰਾਜ ਅਤੇ ਸਵੈਧਰਮ ਲਈ ਸੰਘਰਸ਼ ਵਿਚ ਸ਼ਾਮਲ ਹੋਏ ਸਨ।" ਅਵਧ ਅਤੇ ਇਲਾਹਾਬਾਦ ਦੇ ਇਲਾਕਿਆਂ ਵਿੱਚ ਪਾਸੀ ਗੋਤਰ ਦੇ ਗੁੱਜਰ ਰਹਿੰਦੇ ਸਨ। ਇਨ੍ਹਾਂ ਲੋਕਾਂ ਨੇ ਹੋਰ ਗੁੱਜਰਾਂ ਦੀ ਤਰ੍ਹਾਂ ਇਸ ਮਹਾਨ ਕ੍ਰਾਂਤੀ ਵਿੱਚ ਪੂਰਨ ਰੂਪ ਵਿੱਚ ਭਾਗ ਲਿਆ ਸੀ। ਜਿਸਦੇ ਫਲਸਰੂਪ ਜਲਾਵਤਨ ਦੀ ਸਜ਼ਾ ਦਿੱਤੀ ਗਈ ਜੋ ਹੋਰ ਥਾਵਾਂ ਦੇ ਗੁੱਜਰਾਂ ਨੂੰ ਨਹੀਂ ਦਿੱਤੀ ਗਈ। ਜੋ ਲੋਕ ਵਿਦੇਸ਼ ਜਾਣ ਤੋਂ ਬਚੇ ਉਨ੍ਹਾਂ ਤੇ ਦਮਨ ਚੱਕਰ ਚੱਲਿਆ ਅਤੇ ਉਨ੍ਹਾਂ ਨੇ ਆਪਣੀ ਜਾਨ ਬਚਾਉਣ ਲਈ ਅਨੂਸੂਚਿਤ ਜਾਤੀਆਂ ਦੀ ਤਰ੍ਹਾਂ ਸੂਰ ਆਦਿ ਪਾਲਣ ਦਾ ਕੰਮ ਸ਼ੁਰੂ ਕਰ ਦਿੱਤਾ ਜੋ ਅੱਜ ਤਕ ਪਾਸੀ ਲੋਕ ਕਰਦੇ ਆ ਰਹੇ ਹਨ। ਇਨ੍ਹਾਂ ਲੋਕਾਂ ਨੂੰ ਅਨੁਸੂਚਿਤ ਜਾਤੀਆਂ ਦਾ ਲਾਭ ਅਵੱਸ਼ ਮਿਲਿਆ। ਲੇਕਿਨ ਦਮਨ ਚੱਕਰ ਦੇ ਫਲਸਰੂਪ ਇਨ੍ਹਾਂ ਦੀ ਆਪਣੇ ਗੌਰਵ ਪੂਰਨ ਇਤਿਹਾਸ ਅਤੇ ਜਾਤੀ ਪ੍ਰੰਪਰਾ ਦੀ ਕੜੀ ਟੁੱਟ ਗਈ। ਹੁਣ ਦੇਸ਼ ਦੇ ਗੁੱਜਰ ਪਾਸੀ ਗੁੱਜਰਾਂ ਨੂੰ ਆਪਣਾ ਸਮਝਣ ਲੱਗੇ ਹਨ ਅਤੇ ਪਾਸੀ ਗੁੱਜਰ ਵੀ ਆਪਣੀ ਇਤਿਹਾਸਕ ਪ੍ਰੰਪਰਾ ਮੰਨਣ ਲੱਗੇ ਹਨ।

ਰਾਸ਼ਟਰ ਨਿਰਮਾਤਾ ਸਰਦਾਰ ਪਟੇਲ ਦੀ ਜੀਵਨੀ ਦੇ ਲੇਖਕ ਅਚਾਰੀਆ ਚੰਦਰ ਸੇਖਰ ਸ਼ਾਸ਼ਤਰੀ ਨੇ ਸਰਦਾਰ ਵਲਭ ਭਾਈ ਪਟੇਲ ਦੇ ਪਿਤਾ ਝਵੇਰ ਭਾਈ ਪਟੇਲ ਬਾਰੇ 1857 ਵਿੱਚ ਯੋਗਦਾਨ ਸਬੰਧੀ ਕੁਝ ਚਾਨਣਾ ਪਾਇਆ ਹੈ। "ਸਰਦਾਰ ਵਲਭ ਭਾਈ ਪਟੇਲ ਦੇ ਮਾਤਾ ਪਿਤਾ ਗੁਜਰਾਤ ਦੇ ਬੋਰਸਦ ਤਾਅਲੁਕੇ ਦੇ ਕਰਮਸਦ ਨਾਮਕ ਪਿੰਡ ਵਿੱਚ ਰਹਿੰਦੇ ਸਨ। ਉਹ ਖੇਤੀਬਾੜੀ ਦਾ ਕੰਮ ਕਰਦੇ ਸਨ ਉਨ੍ਹਾਂ ਕੋਲ 10 ਏਕੜ ਜ਼ਮੀਨ ਵੀ ਸੀ। 1857 ਦੇ ਸੁਤੰਤਰਤਾ ਯੁੱਧ ਦੇ ਪਹਿਲੇ ਯਤਨ ਵਿੱਚ ਉਨ੍ਹਾਂ ਨੇ ਬਹੁਤ ਉਤਸ਼ਾਹ ਪੂਰਵਕ ਭਾਗ ਲਿਆ ਸੀ। ਆਪ ਉਨ੍ਹੀਂ ਦਿਨੀਂ ਆਜ਼ਾਦੀ ਦੇ ਘੋਲ ਵਿੱਚ ਹਿੱਸਾ ਲੈਣ ਲਈ ਘਰਵਾਲਿਆਂ ਨੂੰ ਬਿਨਾਂ ਦੱਸੇ ਹੀ ਘਰੋਂ ਚਲੇ ਗਏ ਸਨ। ਘਰਵਾਲਿਆਂ ਨੂੰ ਤਿੰਨ ਸਾਲ ਉਨ੍ਹਾਂ ਦਾ ਪਤਾ ਨਹੀਂ ਸੀ ਲੱਗਿਆ। ਉਨ੍ਹਾਂ ਨੇ ਝਾਂਸੀ ਦੀ ਵੀਰ ਰਾਣੀ ਲਕਸ਼ਮੀ ਬਾਈ ਤੇ ਨਾਨਾ ਸਾਹਿਬ ਧੂੰ ਧੂੰ ਦੀ ਸੈਨਾਵਾਂ ਦੀ ਗਤੀਵਧੀ ਦੇਖਦੇ ਹੋਏ ਉਸ ਵਿੱਚ ਭਾਗ ਲੈਂਦੇ ਹੋਏ ਸਾਰੇ ਉਤਰੀ ਭਾਰਤ ਦੀ ਯਾਤਰਾ ਕੀਤੀ। ਉਸ ਸਮੇਂ ਉਨ੍ਹਾਂ ਦੀ ਉਮਰ ਕੇਵਲ ਵੀਹ ਸਾਲ ਦੀ ਸੀ। ਉਨ੍ਹਾਂ ਰਾਣੀ ਲਕਸ਼ਮੀ ਬਾਈ ਦੀ ਸੈਨਾ ਵਿੱਚ ਭਰਤੀ ਹੋਕੇ ਅੰਗਰੇਜ਼ਾਂ ਨਾਲ ਯੁੱਧ ਕੀਤਾ। ਝਵੇਰ ਭਾਈ ਨੂੰ ਮਲਹਾਰ ਰਾਵ ਹੋਲਕਰ ਨੇ ਇੰਦੌਰ ਵਿੱਚ ਕੈਦ ਕਰ ਲਿਆ। ਉਹ ਸ਼ਤਰੰਜ ਦੇ ਅੱਛੇ ਖਿਲਾੜੀ ਸਨ। ਸ਼ਤਰੰਜ ਦਾ ਪ੍ਰੇਮ ਮਲਹਾਰ ਰਾਉ ਨੂੰ ਵੀ ਘੱਟ ਨਹੀਂ ਸੀ। ਉਨ੍ਹਾਂ ਨੇ ਝਵੇਰ ਭਾਈ ਨੂੰ ਇਸ ਗੱਲ ਦੀ ਇਜਾਜ਼ਤ ਦੇ ਦਿੱਤੀ ਕਿ ਉਹ ਹੱਥ ਪੈਰ ਬੰਨਵਾ ਕੇ ਉਨ੍ਹਾਂ ਨੂੰ ਸ਼ਤਰੰਜ ਖੇਲਦੇ ਹੋਏ ਵੇਖਦੇ ਰਹਿਣ। ਮਹਾਰਾਜਾ ਨੂੰ ਖੇਲ ਸਮੇਂ ਐਸੀ ਚਾਲ ਸੁਝਾਈ ਕਿ ਉਹ ਮਹਾਰਾਜਾ ਉਨ੍ਹਾਂ ਦੀ ਸ਼ਤਰੰਜ ਯੋਗਤਾ ਤੇ ਮੁਗਧ ਹੋ ਗਏ। ਉਨ੍ਹਾਂ ਨੇ ਉਸ ਨੂੰ ਆਜ਼ਾਦ ਕਰ ਦਿੱਤਾ ਤੇ ਇੰਦੌਰ ਵਿੱਚ ਰਹਿਣ ਦੀ ਇਜ਼ਾਜ਼ਤ ਦੇ ਦਿੱਤੀ। ਪ੍ਰੰਤੂ ਉਹ ਉਥੇ ਨਾ ਰਹਿਕੇ ਆਪਣੀ ਜ਼ਮੀਨ ਵਾਹੁਣ ਲਈ ਆਪਣੇ ਪਿੰਡ ਚਲੇ ਗਏ। ਗਦਰ ਦਾ ਪੂਰਨ ਤੌਰ ਤੇ ਦਮਨ ਹੋ ਚੁੱਕਣ ਤੇ ਦੇਸ਼ ਭਰ ਵਿੱਚ ਸ਼ਾਂਤੀ ਸਥਾਪਿਤ ਹੋ ਜਾਣ ਉਪਰੰਤ ਉਹ ਤਿੰਨ ਸਾਲ ਬਾਅਦ ਘਰ ਪਹੁੰਚ ਗਏ। ਵਲਭ ਭਾਈ ਪਟੇਲ ਪੰਜ ਭਾਈ ਸਨ। ਜਿਨ੍ਹਾਂ ਵਿੱਚ ਵਿੱਠਲ ਭਾਈ ਪਟੇਲ ਅਤੇ ਵਲਭ ਭਾਈ ਪਟੇਲ ਨੇ ਰਾਸ਼ਟਰੀ ਸਵਾਧੀਨਤਾ ਸੰਗਰਾਮ ਵਿੱਚ ਵਧ ਚੜ੍ਹ ਕੇ ਭਾਗ ਲਿਆ। ਝਬੇਰ ਭਾਈ ਪਟੇਲ ਦੇ ਘਰ ਸਰਦਾਰ ਵਲਭ ਭਾਈ ਪਟੇਲ ਦਾ ਜਨਮ 31 ਅਕਤੂਬਰ 1875 ਨੂੰ ਲਾਡਲੀ ਬਾਈ ਦੀ ਕੁੱਖ ਤੋਂ ਜਨਮ ਲਿਆ। ਝਬੇਰ ਭਾਈ 55 ਸਾਲ ਦੀ ਉਮਰ ਤੋਂ ਪਾਠ ਪੂਜਾ ਵਿੱਚ ਲੱਗੇ ਰਹਿੰਦੇ ਸਨ। ਉਹ ਸਵਾਮੀ ਨਰਾਇਣ ਦੇ ਭਗਤ ਸਨ। ਵਲਭ ਭਾਈ ਪਟੇਲ ਦੀ ਮਾਂ ਵੀ ਉਨ੍ਹਾਂ ਦੇ ਪਿਤਾ ਦੇ ਸਮਾਨ ਹੀ ਸੰਜਮੀ ਧਰਮਸ਼ੀਲ ਤੇ ਦੇਸ਼ ਭਗਤ ਸੀ। ਜਿਸ ਦਾ 85 ਸਾਲ ਦੀ ਉਮਰ ਵਿੱਚ 1932 ਨੂੰ ਦਿਹਾਂਤ ਹੋਇਆ। ਝਬੇਰ ਭਾਈ 1914 ਵਿੱਚ 85

ਸਾਲ ਦੀ ਉਮਰ ਵਿੱਚ ਸਵਰਗਵਾਸ ਹੋ ਗਏ। ਵਿੱਠਲ ਭਾਈ ਪਟੇਲ ਕੇਂਦਰੀ ਅਸੈਂਬਲੀ ਦੇ ਪਹਿਲੇ ਸਪੀਕਰ ਬਣੇ। ਵਲਭ ਭਾਈ ਪਟੇਲ ਨੇ ਬਾਰਦੌਲੀ ਸਤਿਆਗ੍ਰਿਹ ਤੋਂ ਦੇਸ਼ ਨੂੰ ਹੈਰਾਨ ਕਰ ਦਿੱਤਾ ਮਹਾਤਮਾ ਗਾਂਧੀ ਨੇ ਇਸ ਸਤਿਆਗ੍ਰਿਹ ਦੀ ਜਿੱਤ ਤੋਂ ਹੀ ਸਰਦਾਰ ਦੀ ਉਪਾਧੀ ਨਾਲ ਨਿਵਾਜਿਆ ਸੀ। ਦੇਸ਼ ਆਜ਼ਾਦ ਹੋਣ ਉਪਰੰਤ ਉਹ ਪਹਿਲੇ ਉਪ ਪ੍ਰਧਾਨ ਮੰਤਰੀ ਤੇ ਗ੍ਰਿਹ ਮੰਤਰੀ ਬਣੇ। ਸਰਦਾਰ ਪਟੇਲ ਨੇ 562 ਦੇਸੀ ਰਜਵਾੜਿਆਂ ਦੇ ਮੁਕਟ ਉਤਰਵਾ ਕੇ ਭਾਰਤ ਮਾਤਾ ਦੇ ਚਰਨਾਂ ਵਿੱਚ ਰੱਖਵਾ ਦਿੱਤੇ। ਇਹ ਆਪਣੇ ਆਪ ਵਿੱਚ ਇੱਕ ਵੱਡੀ ਅਹਿੰਸਕ ਕ੍ਰਾਂਤੀ ਸੀ। ਇਤਿਹਾਸਕਾਰ ਪਟੇਲ ਦੀ ਤੁਲਨਾ ਜਰਮਨੀ ਦੇ ਬਿਸਮਾਰਕ ਨਾਲ ਕਰਦੇ ਹਨ। ਜਦੋਂ ਕਿ ਉਸਨੇ ਕੇਵਲ 32 ਰਿਆਸਤਾਂ ਦਾ ਸੰਘ ਬਲ ਪ੍ਰਯੋਗ ਕਰਕੇ ਬਣਾਇਆ ਸੀ ਤੇ ਸਰਦਾਰ ਪਟੇਲ ਨੇ 562 ਰਾਜਾਂ ਨੂੰ ਤੋੜਕੇ ਭਾਰਤੀ ਸਵਰਾਜ ਦੀ ਸੁਦ੍ਰਿੜ ਅਧਾਰ ਸ਼ਿਲਾ ਰੱਖੀ। ਉਨ੍ਹਾਂ ਨੇ ਅਭੂਤਪੂਰਵ ਯੋਗਤਾ ਕੁਸ਼ਲ ਸਿਆਸਤਦਾਨ ਦੀ ਪਹਿਚਾਣ ਦਿੱਤੀ ਜੋ ਇਤਿਹਾਸ ਵਿੱਚ ਅਮਰ ਹੈ। ਰਾਜਾ ਹਿੰਦੂਪਤ ਲੋਹਗੜ ਵੀ 1857 ਦੀ ਕ੍ਰਾਂਤੀਕਾਰੀਆਂ ਤੋਂ ਕਿਸੇ ਤੋਂ ਪਿੱਛ ਨਹੀਂ ਰਹੇ।

# 1857 ਦੀ ਕ੍ਰਾਂਤੀ ਦੇ ਕੌੜੇ ਫਲ

1857 ਦੀ ਕ੍ਰਾਂਤੀ ਪੂਰੀ ਸ਼ਕਤੀ ਨਾਲ ਕੁਚਲ ਦਿੱਤੀ ਗਈ। ਅੰਗਰੇਜਾਂ ਨੇ ਦੇਸ਼ ਭਗਤਾਂ ਨੂੰ ਰਾਜ ਧਰੋਹੀ ਅਰਾਜਤਾਵਾਦੀ ਜਰਾਇਮ ਪੇਸ਼ਾ ਲੁਟੇਰੇ ਹੋਣ ਦਾ ਅਤੇ ਅੰਗਰੇਜ਼ਾਂ ਦੇ ਦੁਸ਼ਮਣ ਹੋਣ ਦਾ ਐਲਾਨ ਕੀਤਾ ਅਤੇ ਇਨ੍ਹਾਂ ਕ੍ਰਾਂਤੀਕਾਰੀਆਂ ਦੀਆਂ ਜ਼ਮੀਨਾਂ ਜਾਇਦਾਦਾਂ ਜਬਤ ਕੀਤੀਆਂ ਗਈਆਂ ਤੇ ਉਨ੍ਹਾਂ ਲੋਕਾਂ ਨੂੰ ਇਨਾਮ ਦੇ ਦਿੱਤੇ ਗਏ ਜਿਨ੍ਹਾਂ ਨੇ 1857 ਦੀ ਕ੍ਰਾਂਤੀ ਵਿੱਚ ਭਾਰਤ ਦੇ ਸਵਾਧੀਨਤਾ ਸੰਗਰਾਮ ਦੇ ਵਿਰੁੱਧ ਤੇ ਅੰਗਰੇਜ਼ੀ ਹਕੂਮਤ ਦਾ ਸਾਥ ਦਿੱਤਾ ਸੀ। ਉਨ੍ਹਾਂ ਨੂੰ ਰਿਆਸਤਾਂ ਇਨਾਮ ਵਿੱਚ ਦਿੱਤੀਆਂ ਗਈਆਂ, ਜਿਵੇਂ ਜੀਂਦ ਦੇ ਮਹਾਰਾਜਾ ਨੂੰ ਦਾਦਰੀ ਦੀ ਪੂਰੀ ਰਿਆਸਤ ਤੇ ਕਾਨੌੜ ਦਾ ਪਰਗਨਾ ਇਨਾਮ ਵਿੱਚ ਦੇ ਦਿੱਤਾ ਗਿਆ। ਹਾਲਾਂ ਕਿ ਦਾਦਰੀ ਦੇ ਨਵਾਬ ਨੇ ਇਸ ਕ੍ਰਾਂਤੀ ਵਿੱਚ ਕੋਈ ਵਿਸ਼ੇਸ਼ ਹਿੱਸਾ ਨਹੀਂ ਲਿਆ ਸੀ। ਇਸੇ ਪ੍ਰਕਾਰ ਨਾਭਾ ਦੇ ਰਾਜਾ ਨੂੰ ਝੱਜਰ ਰਿਆਸਤ ਦਾ ਨਾਰਨੌਲ ਦਾ ਵੱਡਾ ਇਲਾਕਾ ਮਿਲਿਆ। ਗਵਾਲੀਅਰ, ਇੰਦੌਰ, ਭੋਪਾਲ, ਪਟਿਆਲਾ, ਨਾਭਾ, ਜੀਂਦ, ਕਸ਼ਮੀਰ ਆਦਿ ਰਜਵਾੜਿਆਂ ਨੇ ਵਫਾਦਾਰੀ ਵਿਖਾਈ। ਇਸ ਲਈ ਅੰਗਰੇਜ਼ੀ ਹਕੂਮਤ ਨੇ ਉਨ੍ਹਾਂ ਨੂੰ ਆਪਣਾ ਮਿੱਤਰ ਸਮਝ ਕੇ ਆਪਣਾ ਲਿਆ। ਬਹੁਤ ਸਾਰੇ ਵੱਡੇ ਜਿਮੀਂਦਾਰ ਅਤੇ ਰਈਸ ਅੰਗਰੇਜ਼ਾਂ ਦੇ ਹਮਦਰਦ ਸਹਿਯੋਗੀ ਵੀ ਰਹੇ। ਜੇਕਰ ਇਨ੍ਹਾਂ ਸਾਰਿਆਂ ਨੇ ਕ੍ਰਾਂਤੀਕਾਰੀਆਂ ਦਾ ਸਾਥ ਦਿੱਤਾ ਹੁੰਦਾ ਤਾਂ ਵਿਸ਼ਵਾਸਪੂਰਵਕ ਅੰਗਰੇਜ਼ ਹਕੂਮਤ 1857 ਦੀ ਕ੍ਰਾਂਤੀ ਵਿੱਚ ਹੀ ਖਤਮ ਹੋ ਗਈ ਹੁੰਦੀ। ਮਗਰ ਸਾਡੇ ਦੇਸ਼ ਵਿੱਚ ਤਾਂ ਗਦਾਰ ਤੇ ਦੇਸ਼ ਧਰੋਹੀ ਹਮੇਸ਼ਾ ਰਹੇ ਹਨ, ਜਿਨ੍ਹਾਂ ਕਾਰਣ ਦੇਸ਼ ਦਾ ਗੌਰਵ ਪੂਰਣ ਮਸਤਕ ਝੁਕਿਆ ਹੈ।

ਬ੍ਰਿਟੇਨ ਦੀ ਮਹਾਰਾਣੀ ਵਿਕਟੋਰੀਆ ਅਲਿਜਾਬੈਥ ਦਾ ਐਲਾਨ ਪੱਤਰ 1 ਨਵੰਬਰ 1858 ਈ: ਨੂੰ ਲਾਰਡ ਕੈਨਿੰਗ ਨੇ ਇੱਕ ਦਰਬਾਰ ਲਾਕੇ ਸੁਣਾਇਆ। ਜਿਸਦੀਆ ਕੁਝ ਧਾਰਾਵਾਂ ਨਿਮਨ ਲਿਖਤ ਹਨ:

1. ਭਾਰਤ ਵਰਸ਼ ਦਾ ਸ਼ਾਸਨ ਈਸਟ ਇੰਡਿਆ ਕੰਪਨੀ ਦੇ ਹੱਥੋਂ ਨਿਕਲ ਕੇ ਸਿੱਧਾ ਬ੍ਰਿਟਿਸ਼ ਸਾਮਰਾਜ ਦੇ ਹੱਥਾਂ ਵਿੱਚ ਆ ਗਿਆ। ਭਾਰਤ ਦੇ ਸ਼ਾਸਨ ਦਾ ਕਾਰਜ ਵਾਇਸਰਾਇ ਬ੍ਰਿਟਿਸ਼ ਸਮਰਾਟ ਦਾ ਪ੍ਰਤਿਨਿਧ ਨੂੰ ਸੌਂਪਿਆ ਗਿਆ।

2. ਦੇਸੀ ਰਿਆਸਤਾਂ ਨੂੰ ਹੜੱਪਣ ਦੀ ਨੀਤੀ ਨੂੰ ਸਮਾਪਤ ਕਰ ਦਿਤਾ ਗਿਆ। ਅੰਗਰੇਜ਼ੀ ਸਰਕਾਰ ਨੇ ਉਨ੍ਹਾਂ ਸਭ ਸੰਧੀਆਂ ਨੂੰ ਸਵੀਕਾਰ ਕਰ ਲਿਆ ਹੈ ਜੋ ਈਸਟ ਇੰਡੀਆ ਕੰਪਨੀ ਨੇ ਭਾਰਤੀ ਰਾਜਿਆਂ ਨਾਲ ਕੀਤੀਆਂ ਸਨ।

3. ਭਾਰਤ ਦੀ ਸਾਰੀ ਜਨਤਾ ਨੂੰ ਧਾਰਮਿਕ ਸੁਤੰਤਰਤਾ ਪ੍ਰਦਾਨ ਕੀਤੀ ਗਈ। ਅੰਗਰੇਜ਼ੀ ਸਰਕਾਰ ਧਾਰਮਿਕ ਮਾਮਲਿਆਂ ਵਿੱਚ ਬਿਲਕੁਲ ਦਖਲ ਨਹੀਂ ਦੇਵੇਗੀ।

4. ਭਾਰਤੀਆਂ ਨੂੰ ਸਰਕਾਰੀ ਨੌਂਕਰੀਆਂ ਜਾਤੀ, ਰੰਗ, ਧਰਮ, ਭੇਦ ਭਾਵ ਬਿਨਾਂ ਯੋਗਤਾ ਦੇ ਅਧਾਰ ਤੇ ਦਿੱਤੀਆਂ ਜਾਣਗੀਆਂ।

5. ਸੁਤੰਤਰਤਾ ਸੰਗਰਾਮ ਦੇ ਸੈਨਾਨੀਆਂ ਨੂੰ ਮੁਆਫ ਕੀਤਾ ਜਾਵੇਗਾ। ਹੱਤਿਆ ਦੇ ਅਰੋਪ (ਦੋਸ਼ੀ) ਸਿੱਧ ਹੋਣ ਤੇ ਹੀ ਮੌਤ ਦੀ ਸਜ਼ਾ ਦਿੱਤੀ ਜਾਵੇਗੀ।

ਬ੍ਰਿਟੇਨ ਦੀ ਮਾਹਾਰਾਣੀ ਵਿਕਟੋਰੀਆ ਦੇ ਐਲਾਨ ਦੇ ਬਾਅਦ ਭਾਰਤ ਵਿੱਚ ਦਮਨ ਚੱਕਰ ਉਤਨੀ ਸਰਗਰਮੀ ਨਾਲ ਤਾਂ ਨਹੀਂ ਚੱਲਿਆ, ਪ੍ਰੰਤੂ ਹੌਲੀ-ਹੌਲੀ ਇੱਕ ਇੱਕ ਕ੍ਰਾਂਤੀਕਾਰੀ ਜਾਂ ਉਸਦੇ ਪਰਿਵਾਰ ਦੇ ਮੈਂਬਰਾਂ ਨੂੰ ਲੱਭਕੇ ਟਿਕਾਣੇ ਲਾ ਦਿੱਤਾ ਗਿਆ। ਹੈਰਾਨੀ ਦੀ ਗੱਲ ਤਾਂ ਇਹ ਸੀ ਕਿ ਉਸ ਦਮਨ ਚੱਕਰ ਦਾ ਸਰਕਾਰੀ ਰਿਕਾਰਡ ਨਹੀਂ ਰੱਖਿਆ ਗਿਆ ਤਾਂਕਿ ਬ੍ਰਿਟੇਨ ਦੀ ਮਹਾਰਾਣੀ ਦੇ ਐਲਾਨ ਦੇ ਵਿਰੁੱਧ ਰਿਕਾਰਡ ਨਾ ਹੋਵੇ।

ਇਹ ਠੀਕ ਹੈ ਕਿ ਭਾਰਤ ਵਿੱਚ ਮਹਾਰਾਣੀ ਦਾ ਪ੍ਰਤਿਨਿਧ ਵਾਇਸਰਾਇ ਕੰਮ ਕਰਨ ਲੱਗਿਆ ਅਤੇ ਈਸਟ ਇੰਡਿਆ ਕੰਪਨੀ ਦੇ ਬੇਰਹਿਮ ਸ਼ਾਸਕਾਂ ਦਾ ਰਾਜ ਸਮਾਪਤ ਹੋ ਗਿਆ। ਇਹ ਹੁਕਮਰਾਨ ਦੋਵੇਂ ਹੀ ਅੰਗਰੇਜ਼ ਸਨ। ਪਰ ਥੋੜ੍ਹਾ ਜਿਹਾ ਅੰਤਰ ਸੀ। ਵਾਇਸਰਾਇ ਬ੍ਰਿਟੇਨ ਦੀ ਮਹਾਰਾਣੀ ਦੇ ਪ੍ਰਤਿ ਉਤਰਦਾਈ ਸੀ ਅਤੇ ਮਹਾਰਾਣੀ ਬ੍ਰਿਟੇਨ ਦੀ ਪਾਰਲੀਮੈਂਟ ਦੇ ਪ੍ਰਤਿ ਉਤਰਦਾਈ ਸੀ। ਬ੍ਰਿਟੇਨ ਦੀ ਪਾਰਲੀਮੈਂਟ ਸੰਸਾਰ ਦੀ ਸਰਵ ਉਤਮ ਸੰਸਦ ਹੈ। ਉਥੋਂ ਦੇ ਸੰਸਦ ਆਪਣੇ ਕਰਤਵ ਅਨੁਸ਼ਾਸਨ ਅਤੇ ਮਾਨਵੀ ਦ੍ਰਿਸ਼ਟੀ ਕੋਣ ਲਈ ਪ੍ਰਸਿੱਧ ਹਨ, ਅਰਥਾਤ ਫਰਕ ਇਹ ਹੋਇਆਂ ਕਿ ਈਸਟ ਇੰਡਿਆ ਕੰਪਨੀ ਦਾ ਅੰਗਰੇਜ਼ ਹੁਕਮਰਾਨ ਘਮੰਡੀ, ਅੱਤਿਆਚਾਰੀ ਤੇ ਮਾਨਵਤਾ ਤੋਂ ਦੂਰ ਸੀ। ਮਹਾਰਾਣੀ ਵਿਕਟੋਰੀਆ ਦਾ ਵਾਇਸਰਾਇ ਇੱਕ ਵਿਸ਼ੇਸ਼ ਅਨੁਸ਼ਾਸਨ ਬਧ ਸੀ। ਲੇਕਿਨ ਉਹ ਦੋਵੇਂ ਹੀ ਅੰਗਰੇਜ਼-ਗੋਰੇ ਤੇ ਵਿਦੇਸ਼ੀ-ਲੇਕਿਨ ਗੁਲਾਮੀ ਤਾਂ ਗੁਲਾਮੀ ਹੀ ਹੈ। ਇਸੇ ਲਈ ਯੁੱਗ ਪਰਵਰਤਕ ਸਵਾਮੀ ਦਯਾਨੰਦ ਨੇ ਕਿਹਾ ਸੀ, "ਵਿਦੇਸ਼ੀ ਰਾਜ ਕਿਤਨਾ ਹੀ ਅੱਛਾ ਕਿਉਂ ਨਾ ਹੋਵੇ। ਉਹ ਸਵਦੇਸ਼ੀ ਅਧਰਮੀ ਰਾਜ ਤੋਂ ਵੀ ਅੱਛਾ ਨਹੀਂ ਹੁੰਦਾ।" ਸਵਾਮੀ ਦਯਾਨੰਦ 1857 ਦੀ ਕ੍ਰਾਂਤੀ ਵਿੱਚ 35 ਸਾਲ ਦੇ ਜਵਾਨ ਸਨ ਅਤੇ ਕ੍ਰਾਂਤੀਕਾਰੀਆਂ ਦਾ ਮਾਰਗ ਦਰਸ਼ਨ

ਅਸਿਧੇ ਰੂਪ ਵਿੱਚ ਕਰ ਰਹੇ ਸਨ। ਉਹਨਾਂ ਦੀ ਡਾਇਰੀ ਵਿੱਚ 1857 ਦੇ ਦਿਨਾਂ ਦਾ ਕਿਤੇ ਜ਼ਿਕਰ ਨਹੀਂ ਹੈ। ਉਹ ਇਨ੍ਹਾਂ ਦਿਨਾਂ ਵਿੱਚ ਗੁਪਤ ਰੂਪ ਵਿੱਚ ਸਮਾਜ ਸੁਧਾਰ ਤੋਂ ਬਿਨਾਂ ਦੇਸੀ ਰਾਜਾ ਤੇ ਰਜਵਾੜਿਆਂ ਨੂੰ ਸਵਾਧੀਨਤਾ ਲਈ ਤਿਆਰ ਕਰ ਰਹੇ ਸਨ।

1857 ਦੀ ਕ੍ਰਾਂਤੀ ਦੇ ਦਮਨ ਬਾਅਦ ਸਵਾਮੀ ਦਯਾਨੰਦ ਜੀ ਨੇ ਦੇਸੀ ਰਾਜਿਆਂ ਅਤੇ ਨੇਤਾਵਾਂ ਦਾ ਦਿੱਲੀ ਵਿੱਚ ਇੱਕ ਸੰਮੇਲਨ ਵੀ ਕੀਤਾ ਸੀ ਜਿਸ ਵਿੱਚ ਉਨ੍ਹਾਂ ਨੇ ਰਾਸ਼ਟਰੀ ਏਕਤਾ ਤੇ ਵਿਸ਼ੇਸ ਜ਼ੋਰ ਦਿਤਾ ਸੀ। ਅਤੇ ਸਵਰਾਜ, ਸਵਦੇਸੀ ਭਾਸ਼ਾ ਤੇ ਸਵ ਧਰਮ (ਵੈਦਿਕ ਧਰਮ) ਚਾਰ ਸੂਤਰੀ ਫਾਰਮੂਲਾ ਰਾਸ਼ਟਰ ਲਈ ਉਨ੍ਹਾਂ ਨੇ ਜ਼ਰੂਰੀ ਦੱਸਿਆ ਸੀ। ਲੋਕਪ੍ਰਿਅ ਗੰਗਾਧਰ ਤਿਲਕ ਨੇ ਕਿਹਾ ਕਿ ਸਵਰਾਜ ਸਾਡਾ ਜਨਮ ਸਿੱਧ ਅਧਿਕਾਰ ਹੈ। ਮਹਾਤਮਾ ਗਾਂਧੀ ਨੇ ਸਵਦੇਸ਼ੀ, ਸਵਭਾਸ਼ਾ ਤੇ ਸਵਧਰਮ ਸਮਭਾਵ ਦੇ ਸਿਧਾਂਤ ਤੇ ਆਜ਼ਾਦੀ ਦੀ ਲੜਾਈ ਲੜੀ।

ਇੰਗਲੈਂਡ ਦੀ ਮਹਾਰਾਣੀ ਦਾ ਇਹ ਐਲਾਨ ਕਿ ਅੰਗਰੇਜ਼ੀ ਸਰਕਾਰ ਜਨਤਾ ਦੇ ਧਾਰਮਿਕ ਮਾਮਲਿਆਂ ਵਿੱਚ ਦਖਲ ਨਹੀਂ ਦੇਵੇਗੀ। ਸਰਕਾਰ ਨੇ ਇਤਨਾ ਅਮਲ ਜ਼ਰੂਰ ਕੀਤਾ ਕਿ ਸਰਕਾਰ ਦੇ ਰਾਹ ਵਿੱਚ ਜੇਕਰ ਮਸਜਿਦ ਜਾਂ ਮੰਦਰ ਆ ਗਿਆ ਤਾਂ ਉਸਨੂੰ ਹਟਾਵੇਗੀ ਨਹੀਂ ਬਲਕਿ ਸਰਕਾਰ ਆਪ ਹਟ ਜਾਵੇਗੀ। ਮਗਰ ਅੰਗਰੇਜ਼ੀ ਸਰਕਾਰ ਨੇ ਅਸਿੱਧੇ ਢੰਗ ਨਾਲ ਧਾਰਮਿਕ ਜ਼ਹਿਰ ਨੂੰ ਉਤਸ਼ਾਹਿਤ ਕਰਨ ਵਿੱਚ ਕੋਈ ਕਸਰ ਨਹੀਂ ਸੀ ਛੱਡੀ ਜਿਸਦਾ ਪਰਿਣਾਮ ਧਾਰਮਿਕ ਸੰਪਰਦਾਇਕ ਅਧਾਰ ਤੇ ਪਾਕਿਸਤਾਨ ਦਾ ਨਿਰਮਾਣ ਹੋਇਆ। ਇਹ ਕੇਵਲ ਅੰਗਰੇਜ਼ੀ ਹਕੂਮਤ ਦੀ ਬਾਂਦਰ ਵੰਡ ਨੀਤੀ ਦਾ ਭਿਆਨਕ ਸਿੱਟਾ ਹੀ ਸੀ।

ਇੰਗਲੈਂਡ ਦੀ ਮਹਾਰਾਣੀ ਦਾ ਐਲਾਨ ਕਿ ਭਾਰਤੀਆਂ ਨੂੰ ਨੌਕਰੀਆਂ ਧਰਮ ਜਾਤ ਰੰਗ ਭੇਦ ਭਾਵ ਤੋਂ ਬਿਨਾਂ ਸਰਕਾਰ ਦੇਵੇਗੀ ਪ੍ਰੰਤੂ 1857 ਦੀ ਕ੍ਰਾਂਤੀ ਤੋਂ ਬਾਅਦ ਗੁੱਜਰਾਂ, ਰੰਘੜਾਂ (ਮੁਸਲਮਾਨਾਂ) ਨੂੰ ਸਰਕਾਰੀ ਨੌਕਰੀਆਂ ਨਹੀਂ ਦਿੱਤੀਆਂ। ਬਲਕਿ ਸਰਕਾਰੀ ਨੌਕਰੀਆ ਵਿੱਚ ਉਨ੍ਹਾਂ ਜਾਤੀਆਂ ਨੂੰ ਰੱਖਿਆ ਗਿਆ ਜੋ 1857 ਦੀ ਕ੍ਰਾਂਤੀ ਵਿੱਚ ਅੰਗਰੇਜ਼ਾਂ ਦੇ ਨਾਲ ਰਹੀਆਂ। ਬਰਤਾਨੀਆ ਦੀ ਮਹਾਰਾਣੀ ਦੇ ਐਲਾਨ ਦੇ ਮੁੱਖ ਰੂਪ ਵਿੱਚ ਸਵਾਧੀਨਤਾ ਸੈਨਾਨੀਆਂ ਨੂੰ ਮੁਆਫ ਕਰਨ ਅਤੇ ਦੋਸ਼ ਸਿੱਧ ਹੋਣ ਉਤੇ ਹੀ ਸਜ਼ਾ-ਏ-ਮੌਤ ਦੀ ਵਿਵਸਥਾ ਕੀਤੀ ਗਈ ਸੀ, ਲੇਕਿਨ ਸਵਾਧੀਨਤਾ ਸੈਨਾਨੀ ਜੋ ਇਸ ਮਹਾਨ ਕ੍ਰਾਂਤੀ ਵਿੱਚ ਸ਼ਹੀਦ ਹੋ ਗਏ ਉਨ੍ਹਾਂ ਦੇ ਪਰਿਵਾਰ ਦੇ ਲੋਕਾਂ ਨੂੰ ਵੀ ਬਹੁਤ ਸਤਾਇਆ ਗਿਆ। ਉਨ੍ਹਾਂ ਦੀ ਜ਼ਮੀਨ-ਜਾਇਦਾਦ ਜੋ ਜਬਤ ਕੀਤੀ ਗਈ ਸੀ। ਵਾਪਿਸ ਨਹੀਂ ਕੀਤੀ ਗਈ, ਮੌਤ ਦੀ ਸਜ਼ਾ ਤਾਂ ਦਮਨ ਚੱਕਰ ਦੇ ਰਿਕਾਰਡ ਦੇ ਤੌਰ ਤੇ ਥੋੜ੍ਹੇ ਜਿਹੇ ਕ੍ਰਾਂਤੀਕਾਰੀਆਂ ਨੂੰ

ਦਿਖਾਇਆ ਸੀ, ਪੰਤੂ ਗੋਲੀ, ਫਾਂਸੀ ਅਤੇ ਦਰਖਤਾਂ ਨਾਲ ਫਾਂਸੀਆਂ ਤੇ ਲਟਕਾਏ ਗਏ ਲੱਖਾਂ ਦੇਸ਼ ਭਗਤਾਂ ਦੀ ਇਤਿਹਾਸ ਵਿੱਚ ਕਿਤੇ ਵੀ ਮਿਸਾਲ ਨਹੀਂ ਮਿਲਦੀ ਆਪਣੇ ਦੇਸ਼ ਨੂੰ ਆਜ਼ਾਦ ਕਰਾਉਣ ਵਾਲਿਆਂ ਨੂੰ ਖੁਲੇ ਆਮ ਬਿਨਾ ਮੁਕੱਦਮਾ ਚਲਾਏ ਫਾਂਸੀ ਤੇ ਲਟਕਾ ਕੇ ਮਾਰ ਦਿੱਤਾ ਜਾਵੇ। 1857 ਦੇ ਕ੍ਰਾਤੀਕਾਰੀਆਂ ਤੇ ਅੰਗਰੇਜੀ ਸਰਕਾਰ ਨੇ ਜੋ ਅਤਿਆਚਾਰ ਕੀਤੇ ਉਸਦੇ ਫਲਸਰੂਪ ਉਨ੍ਹਾਂ ਦੀ ਜਾਤੀ। ਪਰਿਵਾਰ ਅਤੇ ਰਿਸ਼ਤੇਦਾਰ ਅਜ ਤਕ ਪੀੜਤ ਹਨ ਅਤੇ ਅੰਗਰੇਜ਼ਾਂ ਦੇ ਚਹੇਤੇ ਵਫਾਦਾਰ ਜਗੀਰਦਾਰ, ਜਿਮੀਂਦਾਰ, ਰਾਇ ਸਾਹਿਬ, ਛੋਟੇ ਤੋਂ ਬੜੇ ਰਾਜਾ ਜਾਂ ਰਿਆਸਤ ਦੇ ਮਾਲਕ ਬਣਾਏ ਗਏ।

ਕ੍ਰਾਂਤੀਕਾਰੀ ਜਾਤੀਆਂ ਦੀ ਅੱਜ ਤੱਕ ਭਾਰਤੀ ਸੈਨਾ ਵਿੱਚ ਕੋਈ ਰੈਜੀਮੈਂਟ ਨਹੀਂ ਹੈ। ਗੁੱਜਰ, ਅਹੀਰ, ਰੰਘੜ, ਜਾਤੀਆਂ ਦੀ ਸੈਨਾ ਵਿੱਚ ਰਜਮੈਂਟ ਨਹੀਂ ਬਣਾਈ ਗਈ। ਇਤਨਾ ਹੀ ਨਹੀਂ ਕਿ ਦੇਸ਼ ਦੀ ਸਵਾਧੀਨਤਾ ਦੇ ਬਾਦ ਵੀ ਬਹੁਤ ਕੋਸ਼ਿਸ਼ ਕਰਨ ਤੋਂ ਬਾਅਦ ਵੀ ਇਨ੍ਹਾਂ ਦੇਸ਼ ਭਗਤ ਜਾਤੀਆਂ ਦੀ ਰੈਜੀਮੈਂਟ ਨਹੀਂ ਬਣਾਈ ਗਈ। ਸਰਦਾਰ ਵਲਭ ਭਾਈ ਪਟੇਲ ਨੇ ਗੁੱਜਰ ਰੈਜੀਮੈਂਟ ਬਣਾਏ ਜਾਣ ਤੇ ਗੌਰ ਕੀਤਾ ਸੀ, ਜਿਸਦਾ ਮੁੱਖ ਕੇਂਦਰ ਦਿੱਲੀ ਵਿੱਚ ਸੀ। ਲੇਕਿਨ ਪਾਕਿਸਤਾਨ ਦੇ ਭਾਰਤ ਤੋਂ ਵਖ ਹੋਣ ਨਾਲ ਸਰਨਾਰਥੀਆਂ ਦੇ ਆਵਾਗਮਨ ਨਾਲ ਦੇਸ਼ ਕਠਿਨ ਦੌਰ 'ਚ ਲੰਘ ਰਿਹਾ ਸੀ। ਉਸ ਤੋਂ ਬਾਦ ਸਰਦਾਰ ਪਟੇਲ ਦੇਸੀ ਰਿਆਸਤਾਂ ਦੇ ਰਾਸ਼ਟਰੀਕਰਨ ਵਿਚ ਜੁਟ ਗਏ। ਇਸ ਨਾਲ ਨਿਪਟੇ ਹੀ ਸਨ ਕਿ 15 ਦਸੰਬਰ 1950 ਨੂੰ ਉਹ ਸਵਰਗ ਸਿਧਾਰ ਗਏ।

ਅਹੀਰ ਤੇ ਗੁੱਜਰ ਸਮਾਜ ਦੇ ਅਖਿਲ ਭਾਰਤੀ ਸੰਗਠਨਾਂ ਦੇ ਨੇਤਾਵਾਂ ਨੇ ਵਾਰ-ਵਾਰ ਭਾਰਤ ਸਰਕਾਰ ਨੂੰ ਇਨ੍ਹਾਂ ਦੇਸ਼ ਭਗਤ ਅਤੇ ਵੀਰ ਕੌਮਾਂ ਦੀ ਸੈਨਾ ਵਿੱਚ ਰੈਜੀਮੈਂਟ ਖੜੀ ਕਰਨ ਵਾਸਤੇ ਨਿਮਰਤਾ ਪੂਰਵਕ ਮੰਗ ਕੀਤੀ ਤਾਂ ਸਰਕਾਰ ਦਾ ਘਸਿਆ ਪਿਟਿਆ ਇਹੋ ਉਤਰ ਆਇਆ ਕਿ ਭਵਿੱਖ ਵਿੱਚ ਸਰਕਾਰ ਜਾਤੀਆਂ ਦੇ ਨਾਮ ਤੇ ਰੈਜੀਮੈਂਟ ਖੜੀ ਕਰਨ ਦੇ ਹੱਕ ਵਿੱਚ ਨਹੀਂ ਹੈ। ਜਦੋਂ ਮੰਗ ਕੀਤੀ ਕਿ ਜਾਤੀਆਂ ਦੇ ਨਾਮ ਤੇ ਜੋ ਰੈਜੀਮੈਂਟ ਹਨ ਉਨ੍ਹਾਂ ਨੂੰ ਸਮਾਪਤ ਕਰ ਦਿੱਤਾ ਜਾਵੇ ਤਾਂ ਸਰਕਾਰ ਦਾ ਜਵਾਬ ਹੈ ਕਿ ਉਨ੍ਹਾਂ ਜਾਤੀਆਂ ਦਾ ਵੀਰਤਾ ਦਾ ਇਤਿਹਾਸ ਹੈ। ਇਸ ਲਈ ਉਨ੍ਹਾਂ ਨੂੰ ਸਮਾਪਤ ਨਹੀਂ ਕੀਤਾ ਜਾ ਸਕਦਾ। ਜਿਨ੍ਹਾਂ ਵੀਰ ਜਾਤੀਆਂ ਦੀ ਰੈਜੀਮੈਂਟ ਨਹੀਂ ਹੈ ਉਹਨਾਂ ਦਾ ਇਤਿਹਾਸ ਤਾਂ 1857 ਵਿਚ ਅੰਗਰੇਜ਼ੀ ਰਾਜ ਸੱਤਾ ਨੂੰ ਸਮਾਪਤ ਕਰਕੇ ਭਾਰਤ ਨੂੰ ਸਵਾਧੀਨ ਕਰਾਉਣ ਦਾ ਸੀ। ਜਿਨ੍ਹਾਂ ਜਾਤੀਆਂ ਨੇ ਮਹਾਨ ਕ੍ਰਾਂਤੀ ਵਿੱਚ ਅੰਗਰੇਜਾਂ ਦਾ ਸਾਥ ਦਿੱਤਾ ਸੀ, ਉਨ੍ਹਾਂ ਦੇ ਇਸ ਕਾਰਜ ਨੂੰ ਵੀਰਤਾ ਦਾ ਇਤਿਹਾਸ ਕਿਹਾ ਜਾਂਦਾ ਹੈ। ਜੇਕਰ ਕਿਸੇ ਸੁਤੰਤਰ ਦੇਸ

ਵਿੱਚ ਇਸ ਤਰ੍ਹਾਂ ਦਾ ਕੋਈ ਅਧਿਕਾਰੀ ਉਤਰ ਦਿੰਦਾ ਤਾਂ ਉਸ ਉਤੇ ਖੁੱਲ੍ਹੀ ਅਦਾਲਤ ਵਿੱਚ ਕੇਸ ਚਲਾਇਆ ਜਾ ਸਕਦਾ ਸੀ। ਇਸ ਸਮੱਸਿਆ ਦਾ ਹੱਲ ਇਹੀ ਹੈ ਕਿ ਰੈਜੀਮੈਂਟ ਦੇ ਨਾਮ ਜਾਤੀਆਂ ਦੇ ਨਾਮ ਹਟਕੇ ਮਹਾਂਪੁਰਸ਼ਾਂ, ਮਹਾਨ ਦੇਸ਼ ਭਗਤਾਂ ਦੇ ਨਾਮ ਤੇ ਹੋਣੇ ਚਾਹੀਦੇ ਹਨ, ਜਿਵੇਂ ਕਿ ਨੇਤਾ ਜੀ ਸੁਭਾਸ਼ ਚੰਦਰ ਬੋਸ ਨੇ ਆਜ਼ਾਦ ਹਿੰਦ ਫੌਜ ਵਿੱਚ ਦੇਸ਼ ਭਗਤ ਰਾਸ਼ਟਰੀ ਨੇਤਾਵਾਂ ਦੇ ਨਾਮ ਤੇ ਸੈਨਾ ਦੀ ਬ੍ਰਿਗੇਡਾਂ ਦੇ ਨਾਮ ਰੱਖੇ ਸਨ।

ਇੰਨਾ ਚੰਗਾ ਹੋਇਆ ਕਿ ਭਾਰਤ ਦੀ ਆਜ਼ਾਦੀ ਦੇ ਬਾਅਦ ਜਿਮੀਂਦਾਰੀ ਪ੍ਰਣਾਲੀ ਸਮਾਪਤ ਕਰ ਦਿੱਤੀ ਗਈ। ਜ਼ਿਆਦਾਤਰ ਜਿਮੀਂਦਾਰ ਅਤੇ ਜਗੀਰਦਾਰ ਗਰੀਬ ਸਮਾਜ ਦਾ ਸ਼ੋਸ਼ਣ ਕਰਨ ਤੇ ਅੰਗਰੇਜ਼ੀ ਸਰਕਾਰ ਦੀ ਕਿਰਪਾ ਤੋਂ ਬਣੇ ਸਨ। ਲੇਕਿਨ ਜਿਮੀਂਦਾਰੀ ਪ੍ਰਥਾ ਸਮਾਪਤ ਕਰਨ ਨਾਲਂ ਗ੍ਰਾਮੀਣ ਜਗਤ ਵਿੱਚ ਸ਼ੋਸ਼ਣ ਦਾ ਅੰਤ ਹੋਇਆ ਐਸਾ ਨਹੀਂ ਹੈ। ਭਾਰਤ ਸਰਕਾਰ ਨੂੰ ਇੱਕ ਐਸਾ ਉਚ ਅਧਿਕਾਰ ਪ੍ਰਾਪਤ ਅਯੋਗ ਨਿਯੁਕਤ ਕਰਨਾ ਚਾਹੀਦਾ ਹੈ ਜੋ 1857 ਦੇ ਸ਼ਹੀਦਾਂ ਦੀ ਯਾਦਗਾਰਾਂ ਦਾ ਨਿਰਮਾਣ ਕਰਾਵੇ। ਸ਼ਹੀਦਾਂ ਦੇ ਪਰਿਵਾਰਾਂ ਨੂੰ ਉਨ੍ਹਾਂ ਦੀ ਜ਼ਬਤ ਕੀਤੀ ਗਈ ਜ਼ਮੀਨ ਜਾਇਦਾਦ ਵਾਪਿਸ ਕੀਤੀ ਜਾਵੇ। ਸ਼ਹੀਦਾਂ ਦੇ ਪਰਿਵਾਰਾਂ ਨੂੰ ਨੌਕਰੀਆਂ ਅਤੇ ਉਦੋਯਗ ਸਥਾਪਿਤ ਕਰਨ ਵਿਚ ਸਰਕਾਰ ਵੱਲੋਂ ਸੁਵਿਧਾ ਤੇ ਸਨਮਾਨ ਦਿੱਤਾ ਜਾਣਾ ਚਾਹੀਦਾ ਹੈ। ਠੀਕ ਹੈ ਰਜਵਾੜੇ ਸਮਾਪਤ ਹੋ ਗਏ ਲੇਕਿਨ ਉਹ ਦੁਖਿਆਰੇ ਕਿਸਾਨ ਜਿਨ੍ਹਾਂ ਨੂੰ 1857 ਦੇ ਬਾਅਦ ਜ਼ਮੀਨ ਬਟਾਈ ਤੇ ਵੀ ਨਹੀਂ ਮਿਲ ਸਕਦੀ ਸੀ, ਕਿਉਂਕਿ ਉਨ੍ਹਾਂ ਦਾ ਕਸੂਰ ਇਹ ਸੀ ਕਿ ਉਹ ਅੰਗਰੇਜ਼ੀ ਰਾਜ ਤੋਂ ਦੇਸ਼ ਨੂੰ ਸਵਾਧੀਨ ਕਰਾਉਣਾ ਚਾਹੁੰਦੇ ਸਨ। ਇਨ੍ਹਾਂ ਸ਼ਹੀਦਾਂ ਦੀ ਜਬਤ ਕੀਤੀ ਜ਼ਮੀਨ ਤੇ ਜਾਇਦਾਦ ਹੁਣ ਵਾਪਿਸ ਕਰਨ ਵਿੱਚ ਕੀ ਰੁਕਾਵਟ ਹੈ? ਸਰਕਾਰੀ ਰਿਕਾਰਡ ਮੌਜੂਦ ਹੈ ਉਸਦੇ ਅਨੁਸਾਰ ਸਭ ਕੰਮ ਥੋੜ੍ਹੇ ਜਿਹੇ ਯਤਨ ਨਾਲ ਹੋ ਸਕਦਾ ਹੈ, ਲੇਕਿਨ ਕਿਸੇ ਦਾ ਧਿਆਨ ਅੱਜ ਤੱਕ ਇਸ ਪਾਸੇ ਵੱਲ ਗਿਆ ਹੀ ਨਹੀਂ।

ਅਜ਼ਾਦ ਹਿੰਦ ਫੌਜ ਅਤੇ ਕਾਂਗਰਸ ਅੰਦੋਲਨ ਦੇ ਸਵਾਧੀਨਤਾ ਸੈਨਾਨੀਆਂ ਨੂੰ ਸਾਡੀ ਸਵ: ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਨੇ ਸਨ 1972 ਤੋਂ ਸਨਮਾਨ ਦੇਕੇ ਸਲਾਹੁਣਯੋਗ ਕੰਮ ਕੀਤਾ ਸੀ। ਇਸੇ ਪ੍ਰਕਾਰ 1857 ਦੇ ਸ਼ਹੀਦਾਂ ਅਤੇ ਸਵਾਧੀਨਤਾ ਸੈਨਾਨੀਆਂ ਦੇ ਪਰਿਵਾਰਾਂ ਨੂੰ ਵੀ ਸਤਿਕਾਰ ਦੇਣਾ ਚਾਹੀਦਾ ਸੀ। ਕਿਤੇ ਕਿਤੇ ਜਿਵੇਂ ਮੇਰਠ ਦੇ ਨਜ਼ਦੀਕ ਪਾਂਚਲੀ ਪਿੰਡ ਦੇ ਗੁੱਜਰਾਂ ਦੀ ਜ਼ਮੀਨ ਸਵ: ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਦੇ ਯਤਨਾਂ ਨਾਲ ਵਾਪਿਸ ਦੇ ਦਿੱਤੀ ਗਈ ਹੈ। ਦਿੱਲੀ ਦੇ ਨਿਕਟਵਰਤੀ ਗੁੱਜਰਾਂ ਦੇ 50 ਪਿੰਡ ਜਿਨ੍ਹਾਂ ਨੂੰ ਉਜਾੜ

ਕੇ ਦਿੱਲੀ ਵਸਾਈ ਗਈ, ਉਹ ਵੀ ਗੁੱਜਰਾਂ ਤੋਂ ਬਦਲਾ ਲੈਣ ਦੀ ਪ੍ਰੰਪਰਾ ਦੀ ਅੰਤਿਮ ਕੜੀ ਸੀ। ਲਖਨਊ ਮਿਊਟਨੀ ਜਿਸਨੂੰ ਗੁੱਜਰ ਗਦਰ ਕਿਹਾ ਗਿਆ ਜਿਸਦੇ ਫਲਸਰੂਪ ਗੁੱਜਰਾਂ ਨੂੰ ਭਾਰੀ ਤਾਦਾਦ ਵਿੱਚ ਸਜ਼ਾ ਦੇ ਤੌਰ ਦੇਸ਼ ਨਿਕਾਲਾ ਦੇ ਕੇ ਮਾਰੀਸ਼ਿਸ਼ ਤੇ ਬ੍ਰਿਟਿਸ਼ ਗਾਇਨਾ ਦੇਸ਼ ਭੇਜਕੇ ਅੰਗਰੇਜ਼ਾਂ ਨੇ ਬਦਲੇ ਦੀ ਅੱਗ ਬੁਝਾਈ ਸੀ।

1857 ਦੀ ਕ੍ਰਾਂਤੀ ਦੇ ਕੌੜੇ ਫਲ ਗੁੱਜਰ, ਅਹੀਰ, ਮੇਵ, ਰੰਘੜ ਮੁਸਲਾਮਨਾਂ ਦੇ ਹਿੱਸੇ ਵਿੱਚ ਆਏ ਸਨ। ਦੇਸ਼ ਦੀ ਸਵਾਧੀਨਤਾ ਦੇ ਬਾਅਦ ਵੀ ਨਾ ਇਨ੍ਹਾਂ ਕ੍ਰਾਂਤੀਕਾਰੀਆਂ ਦੀ ਸੈਨਾ ਵਿੱਚ ਰੈਜੀਮੈਂਟ ਬਣਾਈ ਗਈ ਅਤੇ ਨਾ ਹੀ ਇਨ੍ਹਾਂ ਦਾ ਸੈਨਾ ਦੀ ਭਰਤੀ ਵਿੱਚ ਕੋਈ ਕੋਟਾ ਨਿਯਤ ਕੀਤਾ ਗਿਆ। ਗੁੱਜਰਾਂ ਦੀ ਜ਼ਿਆਦਾ ਆਬਾਦੀ ਵਾਲੇ ਇਲਾਕੇ ਅਕਸਰ ਚੋਣਾਂ ਵਾਸਤੇ ਰਿਜ਼ਰਵ ਕਰ ਦਿੱਤ ਗਏ ਹਨ। ਨੌਕਰੀਆਂ ਵਿੱਚ ਉਨ੍ਹਾਂ ਦੀ ਸਥਿਤੀ ਬਹੁਤੀ ਸੰਤੋਸ਼ਜਨਕ ਨਹੀਂ ਹੈ। ਦੇਸ਼ ਭਗਤੀ ਦੀ ਕੀਮਤ ਗੁੱਜਰਾਂ ਨੂੰ ਇਤਨੀ ਚੁਕਾਉਣੀ ਪਏਗੀ, ਇਸਦਾ ਪਤਾ ਨਹੀਂ ਸੀ। ਵਿਦੇਸ਼ੀ ਸਰਕਾਰ ਨੇ ਤਾਂ ਕੀ ਸੋਚਣਾ ਸੀ। ਆਪਣੀ ਸਵਦੇਸ਼ੀ ਸਰਕਾਰ ਇੱਧਰ ਧਿਆਨ ਦੇਣ ਤੋਂ ਹਿਚਕਚਾਉਂਦੀ ਹੈ।

ਦੀਏ ਹੈਂ ਫੂਲ ਦੁਨੀਆਂ ਕੋ, ਰੱਖੇ ਅਪਨੇ ਲਈ ਕਾਂਟੇ।
ਖੁਸ਼ੀ ਤਕਸੀਮ ਕੀ ਮੈਂਨੇ, ਕਭੀ ਆਂਸੂ ਨਹੀਂ ਬਾਂਟੇ॥

ਖਾਮੋਸ਼ ਸਰਹੱਦੀ, ਫਰੀਦਾਬਾਦੀ।

# ਕਸ਼ਮੀਰ ਦੇ ਗੁੱਜਰ ਸ਼ਹੀਦ

ਭਾਰਤ ਦਾ ਇਤਿਹਾਸ 500-1300 ਈ: ਤੱਕ ਗੁੱਜਰ ਕੌਮ ਦੇ ਵੈਭਵ, ਗੌਰਵ ਅਤੇ ਭਾਰਤੀ ਸੰਸਕ੍ਰਿਤੀ ਦੀ ਰੱਖਿਆ ਤੇ ਦੇਸ਼ ਦੀ ਸੀਮਾਵਾਂ ਦੀ ਸੁਰੱਖਿਆ ਤੇ ਮਹਾਨ ਸਾਮਰਾਜਾਂ ਦੇ ਨਿਰਮਾਣ ਦਾ ਰਿਹਾ ਹੈ। ਸਨ 1822-25 ਈ: ਤੱਕ ਅੰਗਰੇਜ਼ ਹਕੂਮਤਾਂ ਤੋਂ ਗੁੱਜਰਾਂ ਦਾ ਸਹਾਰਨਪੁਰ ਜਨਪਦ ਵਿੱਚ ਸੰਘਰਸ਼ ਹੋਇਆ ਸੀ। ਇਸਤੋਂ ਬਾਅਦ ਸਨ 1857 ਵਿੱਚ ਅੰਗਰੇਜ਼ੀ ਹਕੂਮਤ ਨਾਲ ਸਾਰੇ ਦੇਸ਼ ਦੇ ਗੁੱਜਰਾਂ ਨੇ ਸਮੂਹਿਕ ਤੌਰ ਤੇ ਆਪਣੀ ਆਪਣੀ ਖਾਪ ਦੇ ਆਗੂਆਂ ਦੇ ਮਾਰਗ ਦਰਸਨ ਵਿੱਚ ਸਵਾਧੀਨਤਾ ਸੰਗਰਾਮ ਲੜਿਆ। ਜੇਕਰ ਗੁੱਜਰ ਕੌਮ ਨੇ 6 ਵੀਂ ਸਦੀ ਤੋਂ 13ਵੀਂ ਸਦੀ ਤੱਕ ਦੇ ਇਤਿਹਾਸਿਕ ਬਲੀਦਾਨ ਕੁਰਬਾਨੀਆਂ ਨੂੰ ਥੋੜ੍ਹੀ ਦੇਰ ਲਈ ਨਜ਼ਰਅੰਦਾਜ਼ ਵੀ ਕਰ ਦਿਤਾ ਜਾਵੇ ਫਿਰ ਵੀ ਗੁੱਜਰ ਕੌਮ ਦਾ 1857 ਦੀ ਕ੍ਰਾਂਤੀ ਵਿੱਚ ਇਤਨਾ ਮਹਾਨ ਯੋਗਦਾਨ ਤੇ ਕੁਰਬਾਨੀਆਂ ਹਨ ਕਿ ਜਿਸਦੀ ਮਿਸਾਲ ਕਿਤੇ ਨਹੀਂ ਮਿਲਦੀ। ਇਸੇ ਤਰ੍ਹਾਂ ਭਾਰਤ ਦੀ ਆਜ਼ਾਦੀ ਦੇ ਬਾਅਦ (1947-1965) ਤੱਕ ਕਸ਼ਮੀਰ ਦੇ ਮੈਂਡਰ, ਉੜੀ, ਪੁੰਛ, ਝੰਬ, ਸਿਆਲਕੋਟ ਆਦਿ ਮੋਰਚਿਆਂ ਤੇ ਪਾਕਿਸਤਾਨੀ ਕਬਾਇਲੀਆਂ ਅਤੇ ਘੁਸਪੈਠੀਆਂ ਦੇ ਰੂਪ ਵਿੱਚ  ਸ਼ਸ਼ਤਰ ਪਾਕਿ ਸੈਨਿਕਾਂ ਦੇ ਹਮਲੇ ਅਸਫਲ ਕਰਨ ਵਿੱਚ ਕਸ਼ਮੀਰ ਦੇ ਮੁਸਲਮਾਨ ਗੁੱਜਰਾਂ ਤੇ ਗੁੱਜਰੀਆਂ ਦਾ ਬਹੁਤ ਮਹੱਤਵਪੂਰਣ ਯੋਗਦਾਨ ਰਿਹਾ ਹੈ। ਜਿਸਦੇ ਕਾਰਨ ਅੱਜ ਕਸ਼ਮੀਰ  ਸੁਰੱਖਿਅਤ ਹੈ ਨਹੀਂ ਤਾਂ ਕਸ਼ਮੀਰ ਦਾ ਅੱਜ ਇਤਿਹਾਸ ਕੁਝ ਹੋਰ ਹੀ ਹੁੰਦਾ।

ਕਸ਼ਮੀਰ ਦੇ ਗੁੱਜਰਾਂ ਨੇ ਅਨੇਕ ਕੁਰਬਾਨੀਆ ਦੇਕੇ ਕਸ਼ਮੀਰ ਦੀ ਰੱਖਿਆ ਦੁਸ਼ਮਣਾਂ ਨੂੰ ਪਛਾੜ ਕੇ ਕੀਤੀ। ਜਿਸਦਾ ਵਿਸਥਾਰਪੂਰਵਕ ਵਰਣਨ ਕਰਨ ਲਈ ਇੱਕ ਵੱਖਰੀ ਪੁਸਤਕ ਲਿਖੀ ਜਾ ਸਕਦੀ ਹੈ। ਜਿਨ੍ਹਾਂ ਦੀ ਯਾਦਗਾਰ ਅਸੀਂ ਏਥੇ ਕਸ਼ਮੀਰ ਮੈਂਡਰ (ਪੁੰਛ) ਵਿੱਚ ਭਾਰਤੀ ਸੈਨਾ ਦੇ ਜਵਾਨਾਂ ਨੇ ਬਣਾਈ ਉਥੇ ਹਰ ਸਾਲ ਵੈਸਾਖੀ ਦੇ ਦਿਨ 13 ਅਪ੍ਰੈਲ ਨੂੰ ਸ਼ਹੀਦੀ ਮੇਲਾ ਲੱਗਦਾ ਹੈ। ਸ਼ਹੀਦਾਂ ਦੀ ਅੰਤਿਮ ਇੱਛਾ:

ਕੁਛ ਆਰਜੂ ਨਹੀਂ ਹੈ, ਹੈ ਆਰਜੂ ਤੋ ਯੇਹ ਹੈ
ਰਖ ਦੇ ਕੋਈ ਜ਼ਰਾ ਸੀ, ਖਾਕੇ ਵਤਨ ਕਫਨ ਮੇਂ।

**ਗੁੱਜਰ ਸ਼ਹੀਦਾਂ ਦਾ ਮਜਾਰ (ਮੈਂਡਰ ਦੇ ਸ਼ਹੀਦ)**

| | |
|---|---|
| 1. ਚੌਃ ਮਾਸਟਰ ਸੈਦ ਮੁਹੰਮਦ | 2. ਚੌਃ ਖੁਸ਼ੀਆ |
| 3. ਚੌਃ ਗੁਲਾਮ ਹੁਸੈਨ | 4. ਚੌਃ ਵੀਰ ਬਖਸ਼ |
| 5. ਚੌਃ ਮੁਹੰਮਦ ਸਦੀਕ ਨਰਾ | 6. ਚੌਃ ਗੁਲਾਮ ਹਾਸਨ |

ਦੇਸ਼ ਦੀ ਸਵਾਧੀਨਤਾ ਦੇ ਬਾਅਦ ਪਾਕਿਸਤਾਨੀ ਘੁਸਪੈਠੀਏ ਅਤੇ ਕਬਾਇਲੀਆਂ ਨੇ ਕਸ਼ਮੀਰ ਦੀ ਰੱਖਿਆ ਕਰਦੇ ਹੋਏ ਉਪਰੋਕਤ 6 ਗੁੱਜਰ ਦੇਸ਼ ਭਗਤਾਂ ਦੇ ਸਰੀਰਾਂ ਦੇ ਟੁਕੜੇ ਟੁਕੜੇ ਕਰਕੇ ਬੇਰਹਿਮੀ ਨਾਲ ਉਨ੍ਹਾਂ ਨੂੰ ਮਾਰਿਆ ਸੀ, ਜਿਸਨੂੰ ਲਿਖਦਿਆਂ ਕਲਮ ਵੀ ਕੰਬਦੀ ਹੈ। ਅਜਿਹਾ ਮਹਿਸੂਸ ਹੁੰਦਾ ਹੈ, ਜਿਵੇਂ ਮੇਰੀ ਅੱਖਾਂ ਦੇ ਸਾਹਮਣੇ ਹੀ ਪਾਕਿਸਤਾਨੀ ਜਾਲਮ ਸੈਨਿਕ ਕਸਾਈ ਵਾਂਗ ਇਨ੍ਹਾਂ ਦੇਸ਼ ਭਗਤ ਗੁੱਜਰਾਂ ਨੂੰ ਹਲਾਲ ਕਰ ਰਹੇ ਹੋਣ। ਮੈਂਡਰ ਨਿਵਾਸੀ ਚੌਃ ਗਨੀ ਗੁੱਜਰ ਨੂੰ ਕੈਦ ਕਰਕੇ ਪਾਕਿਸਤਾਨ ਲੈ ਗਏ ਸਨ। ਉਥੇ ਲਿਜਾਕੇ ਉਸਨੂੰ ਤਸੀਹੇ ਦੇਕੇ ਜਿੰਦਾ ਛੱਡ ਦਿੱਤਾ ਗਿਆ ਸੀ। ਚੌਃ ਅਬਦੁਲ ਗਨੀ ਨੇ ਮੈਨੂੰ ਦੱਸਿਆ ਕਿ ਜਿਸ ਵਕਤ ਇਨ੍ਹਾਂ ਦੇਸ਼ ਭਗਤ ਗੁੱਜਰਾਂ ਦੇ ਸਰੀਰ ਦੇ ਅੰਗਾਂ ਨੂੰ ਪਾਕਿਸਤਾਨੀ ਕੱਟ ਰਹੇ ਸਨ, ਇਹ ਗੁੱਜਰ (ਸ਼ਹੀਦ) ਹਿੰਦੋਸਤਾਨ ਜਿੰਦਾਬਾਦ, ਕਸਮੀਰ ਜਿੰਦਾਬਾਦ ਦੇ ਨਾਹਰੇ ਲਾਉਂਦੇ ਸਨ। ਪਰ ਉਹ ਬੇਰਹਿਮ ਕਸਾਈ ਜਾਲਮਾਨਾ ਢੰਗ ਨਾਲ ਉਨ੍ਹਾਂ ਨੂੰ ਕਤਲ ਕਰਦੇ ਰਹੇ, ਇਨ੍ਹਾਂ ਦਾ ਕਸੂਰ ਇਹ ਸੀ ਕਿ ਇਨ੍ਹਾਂ ਨੇ ਭਾਰਤੀ ਫੌਜਾਂ ਦੀ ਮਦਦ ਕੀਤੀ ਸੀ। ਮੋਰਚੇ ਤੇ ਰਸਦ ਪੁਚਾਈ ਸੀ। ਰਸਤੇ ਦੱਸੇ ਅਤੇ ਆਪਣੀਆਂ ਬੰਦੂਕਾਂ ਲੈਕੇ ਭਾਰਤੀ ਸੈਨਾ ਦੇ ਨਾਲ ਮਿਲਕੇ ਲੜੇ। ਭਾਰਤੀ ਫੌਜਾਂ ਨੇ ਇਨ੍ਹਾਂ ਸ਼ਹੀਦਾਂ ਦੇ ਸਮਾਰਕ ਮੈਂਡਰ ਵਿੱਚ ਬਣਾਇਆ ਹੈ। ਚੌਃ ਅਬਦੁਲ ਗਨੀ ਆਲ ਇੰਡਿਆ ਗੁੱਜਰ ਸਮਾਜ ਸੁਧਾਰ ਸਭਾ ਦੇ 1976-1984 ਤੱਕ ਹਰਦਿਲ ਅਜ਼ੀਜ਼ ਪ੍ਰਧਾਨ ਰਹੇ ਹਨ। ਉਨ੍ਹਾਂ ਨੇ ਮਹਾਰਾਸ਼ਟਰ, ਮੱਧ ਪ੍ਰਦੇਸ਼, ਰਾਜਸਥਾਨ, ਹਰਿਆਣਾ, ਪੰਜਾਬ, ਉਤਰ ਪ੍ਰਦੇਸ਼ ਤੇ ਦਿੱਲੀ ਪ੍ਰਦੇਸ਼ ਦੇ ਗੁੱਜਰਾਂ ਵਿੱਚ ਘੁੰਮ ਕੇ ਤੇ ਗੁੱਜਰਾਂ ਦੀ ਦੇਸ਼ ਭਗਤੀ ਦਾ ਸੁਨੇਹਾ ਘਰ ਘਰ ਪਹੁੰਚਾਇਆ। ਉਨ੍ਹਾਂ ਦੇ ਦਿਲ ਵਿੱਚ ਦੇਸ਼ ਭਗਤੀ ਦੀਆਂ ਲਹਿਰਾਂ ਠਾਠਾਂ ਮਾਰਦੀਆਂ ਹਨ।

ਗੁੱਜਰ ਕੌਮ ਨੂੰ ਉਹ ਆਪਣੀ ਮਾਂ ਸਮਝਦੇ ਹਨ। ਪਾਕਿਸਤਾਨ ਸਰਕਾਰ ਦੀ ਤਰਫੋਂ ਉਨ੍ਹਾਂ ਨੂੰ ਜਿੰਦਾ ਜਾਂ ਮੁਰਦਾ ਜਾਂ ਸਿਰ ਪੇਸ਼ ਕਰਨ ਦਾ ਇਨਾਮ ਰੱਖਿਆ ਹੋਇਆ ਹੈ। ਉਹ ਮਾਂ ਧੰਨ ਹੈ ਜਿਸਨੇ ਚੌਃ ਅਬਦੁਲ ਗਨੀ ਵਰਗਾ ਦੇਸ਼ ਭਗਤ ਅਤੇ ਬਹਾਦਰ ਗੁੱਜਰ ਇਨਸਾਨ ਪੈਦਾ ਕੀਤਾ।

ਸਨ 1965 ਵਿੱਚ ਸ਼੍ਰੀ ਮੁਹੰਮਦ ਦੀਨ ਗੁੱਜਰ ਪਿੰਡ ਦਰਕਾਸ਼ੀ ਟਨਮਰਗ ਜ਼ਿਲ੍ਹਾ ਬਾਰਾਮੂਲਾ ਦਾ ਨਿਵਾਸੀ ਜੋ ਜੰਗਲ ਵਿੱਚ ਪਸ਼ੂਆਂ ਨਾਲ ਸੀ। ਪਾਕਿਸਤਾਨੀ

ਹਮਲਾਵਰ ਉਸਨੂੰ ਫੜਕੇ ਆਪਣੇ ਡੇਰੇ ਵਿੱਚ ਲੈ ਗਏ ਅਤੇ ਮੁਹੰਮਦ ਦੀਨ ਗੁੱਜਰ ਨੂੰ ਕੁਰਾਨ ਦੀ ਸਹੁੰ ਖੁਆਕੇ 50 ਹਜ਼ਾਰ ਰੁਪਏ ਦਾ ਲਾਲਚ ਦਿੱਤਾ ਕਿ ਉਹ ਸ਼੍ਰੀਨਗਰ ਦੇ ਪਾਵਰ ਹਾਊਸ, ਰੇਡੀਓ ਸਟੇਸ਼ਨ ਤੇ ਸੈਨਿਕ ਕੈਂਪ ਦਾ ਰਸਤਾ ਦੱਸੇਗਾ ਅਤੇ 200 ਟਰੱਕ ਕਿਰਾਏ ਤੇ ਲਿਆ ਕੇ ਦੇਵੇਗਾ ਤਾਂ ਉਸਨੂੰ ਉਪਰੋਕਤ ਇਨਾਮ ਮਿਲੇਗਾ। ਮੁਹੰਮਦ ਦੀਨ ਸਮਝ ਗਿਆ ਕਿ ਇਹ ਪਾਕਿਸਤਾਨੀ ਕਸ਼ਮੀਰ ਉਪਰ ਕਬਜਾ ਕਰਨ ਲਈ ਉਸਦਾ ਇਸਤੇਮਾਲ ਕਰਨਾ ਚਾਹੁੰਦੇ ਹਨ। ਉਸਨੇ ਮੈਨੂੰ ਦੱਸਿਆ, ਮੈਂ ਹੁਣੇ ਜਾਂਦਾ ਹਾਂ, ਅਤੇ ਤਹਾਡੇ ਲਈ ਕਿਰਾਏ ਤੇ ਟਰੱਕ ਲਿਆਉਂਦਾ ਹਾਂ। ਫਿਰ ਤੁਹਾਡੇ ਨਾਲ ਚੱਲਕੇ ਸਾਰੇ ਥਾਵਾਂ ਦੇ ਰਸਤੇ ਦੱਸ ਦਿਆਂਗਾ ਉਸ ਵਕਤ ਇਨਾਮ ਲੈ ਲਵਾਂਗਾ। ਇਹ ਸੁਣਕੇ ਉਹ ਖੁਸ਼ ਹੋ ਗਏ ਅਤੇ ਉਨ੍ਹਾਂ ਨੇ ਮੈਨੂੰ ਪੰਜ ਰੁਪਏ ਦਾ ਪਾਕਿਸਤਾਨੀ ਨੋਟ ਸਿਗਰਟਾਂ ਲਈ ਦਿੱਤਾ। ਮੈਂ ਉਥੋਂ ਚੱਲਕੇ ਪੁਲਿਸ ਸਟੇਸ਼ਨ ਪਹੁੰਚਿਆ ਅਤੇ ਪੁਲਿਸ ਅਫਸਰ ਨੂੰ ਸਾਰਾ ਹਾਲ ਦੱਸਿਆ। ਥਾਣੇਦਾਰ ਨੇ ਮੈਨੂੰ ਜਾਸੂਸ ਸਮਝਿਆ ਤੇ ਕਮਰੇ ਵਿੱਚ ਬੰਦ ਕਰ ਦਿੱਤਾ। ਥਾਣੇਦਾਰ ਨੇ ਮੇਰੀ ਗੱਲ ਦਾ ਇਤਬਾਰ ਨਹੀਂ ਕੀਤਾ। ਉਸਨੇ ਮੈਨੂੰ 24 ਘੰਟੇ ਥਾਣੇ ਵਿੱਚ ਹੀ ਰੱਖਿਆ। ਮੈਂ ਲਲਕਾਰ ਕੇ ਕਿਹਾ, ਜੇਕਰ ਮੈਂ ਝੂਠਾ ਨਿਕਲਾ ਤਾਂ ਮੈਨੂੰ ਗੋਲੀ ਮਾਰ ਦੇਣੀ ਨਹੀਂ ਤਾਂ ਪਾਕਿਸਤਾਨੀ ਤੁਹਾਨੂੰ ਸਭ ਨੂੰ ਗੋਲੀ ਮਾਰੇਗਾ। ਮਿਲਟਰੀ ਦਾ ਇੱਕ ਅਫਸਰ ਥਾਣੇ ਵਿੱਚ ਆਇਆ ਮੈਂ ਉਸਨੂੰ ਪੰਜ ਰੁਪਏ ਦਾ ਪਾਕਿਸਤਾਨੀ ਨੋਟ ਦਿਖਾਇਆ ਅਤੇ ਕਹਾਣੀ ਸੁਣਾਈ। ਮੇਰੇ ਨਾਲ ਉਹ ਇੱਕ ਫੌਜੀ ਟੁਕੜੀ ਲੈਕੇ ਚੱਲਿਆ। ਪਾਕਿਸਤਾਨੀ ਓਟ ਵਿੱਚ ਛਿਪੇ ਹੋਏ ਹਨ। ਉਨ੍ਹਾਂ ਨੇ ਭਾਰਤੀ ਫੌਜ ਦੀ ਟੁਕੜੀ ਦੇਖ ਕੇ ਧੂੰਆਂ ਧਾਰ ਗੋਲੀਬਾਰੀ ਸ਼ੁਰੂ ਕਰ ਦਿੱਤੀ। ਦੋਹਾਂ ਪਾਸਿਓ ਖੂਬ ਗੋਲੀਆ ਚੱਲੀਆਂ। ਨਤੀਜਾ ਇਹ ਨਿਕਲਿਆ ਕਿ ਸਾਡੀ ਸੈਨਾ ਦੇ ਕਈ ਜਵਾਨ ਉਥੇ ਭੱਜ ਆਏ। ਮੈਂ ਅਤੇ 7 ਜਵਾਨ ਬਾਕੀ ਬਚੇ। ਉਧਰ ਪਾਕਿਸਤਾਨੀ ਫੌਜੀ ਬੇਸ਼ੁਮਾਰ ਮਾਰੇ ਗਏ ਅਤੇ ਬਚੇ ਖੁਚੇ ਉਥੋਂ ਭੱਜ ਗਏ। ਜੇਕਰ ਮੁਹੰਮਦ ਦੀਨ ਇਸ ਇਤਿਹਾਸਕ ਸੂਚਨਾ ਨੂੰ ਥਾਣੇ ਜਾਕੇ ਨਾ ਦਿੰਦਾ ਤਾਂ ਕਸ਼ਮੀਰ ਤੇ ਸ-ਸ਼ਸ਼ਤਰ ਕਬਾਇਲੀ ਪਾਕਿਸਤਾਨੀ ਸੈਨਿਕਾਂ ਦਾ ਕਬਜਾ ਹੁੰਦਾ ਅਤੇ ਅੱਜ ਭਾਰਤ ਦਾ ਇਤਿਹਾਸ ਕੁਝ ਹੋਰ ਹੁੰਦਾ।

ਮੁਹੰਮਦ ਦੀਨ ਗੁੱਜਰ ਅਨਪੜ੍ਹ ਹੈ। ਉਸਨੂੰ ਇਤਿਹਾਸ ਦਾ ਬਿਲਕੁਲ ਗਿਆਨ ਨਹੀਂ ਹੈ, ਲੇਕਿਨ ਉਸ ਦੀਆਂ ਰਗਾਂ ਵਿੱਚ ਆਪਣੇ ਪੁਰਖਿਆਂ ਦਾ ਖੂਨ ਵਗਦਾ ਹੈ, ਜਿਨ੍ਹਾਂ ਨੇ ਭਾਰਤ ਦੀ ਰੱਖਿਆ ਲਈ ਵੱਡੀਆਂ ਕੁਰਬਾਨੀਆਂ ਕੀਤੀਆਂ ਸਨ। ਇਸ ਲਈ ਮੁਹੰਮਦ ਦੀਨ 50 ਹਜ਼ਾਰ ਦੇ ਲਾਲਚ ਵਿੱਚ ਨਹੀਂ ਫਸਿਆ। ਉਸਨੇ ਆਪਣੇ ਰਾਸ਼ਟਰੀ ਕਰਤਵ ਦਾ ਪਾਲਣ ਕੀਤਾ। ਮੁਹੰਮਦ ਦੀਨ ਦੀ ਦੇਸ਼ ਭਗਤੀ ਅਤੇ ਵੀਰਤਾ ਤੋਂ ਪ੍ਰਸੰਨ ਹੋਕੇ ਭਾਰਤ ਸਰਕਾਰ ਨੇ ਉਸਨੂੰ ਪਦਮ ਸ਼੍ਰੀ ਦੀ

ਉਪਾਧੀ ਨਾਲ ਨਿਵਾਜਿਆ ਸੀ। ਗੁਲਾਮੁਦੀਨ ਗੁੱਜਰ ਨੂੰ ਵੀ ਉਸਦੀ ਦੇਸ਼ ਭਗਤੀ ਲਈ ਅਸ਼ੋਕ ਚੱਕਰ ਪ੍ਰਦਾਨ ਕੀਤਾ ਗਿਆ ਸੀ।

ਕੇਵਲ ਪੁਰਸ਼ਾਂ ਨੇ ਹੀ ਦੇਸ਼ ਭਗਤੀ ਨਹੀਂ ਵਿਖਾਈ, ਐਸਾ ਨਹੀਂ ਹੈ ਬਲਕਿ ਕਸ਼ਮੀਰ ਦੀਆ ਵੀਰ ਗੁੱਜਰੀਆਂ ਵੀ ਮਰਦਾਂ ਦੀ ਤਰ੍ਹਾਂ ਲੜੀਆਂ ਅਤੇ ਭਾਰਤੀ ਸੈਨਿਕਾਂ ਨੂੰ ਉਨ੍ਹਾਂ ਨੇ ਰਸਤਾ ਵਿਖਾਇਆ, ਰਸਦ ਪਹੁੰਚਾਈ, ਜ਼ਖਮੀ ਸੈਨਿਕਾਂ ਦੀ ਸੇਵਾ ਕੀਤੀ ਤੇ ਘੁਸਪੈਠੀਆਂ ਨੂੰ ਫੜਿਆ ਤੇ ਫੜਾਇਆ, ਜਿਨ੍ਹਾਂ ਵਿੱਚ ਜਾਨੀ ਗੁੱਜਰੀ, ਸਰਬਾ ਗੁੱਜਰੀ, ਮਾਲੀ ਗੁੱਜਰੀ ਵਰਣਨਯੋਗ ਹਨ। ਭਾਰਤ ਸਰਕਾਰ ਨੇ ਮਾਲੀ ਅਤੇ ਸਰਬਾ ਗੁੱਜਰੀ ਨੂੰ ਪਦਮ ਸ਼੍ਰੀ ਦੀ ਉਪਾਧੀ ਪ੍ਰਦਾਨ ਕੀਤੀ। 53 ਸਾਲਾ ਮਾਲੀ ਗੁਜਰੀ ਨੇ 13 ਦਸੰਬਰ 1971 ਨੂੰ ਜਾਨ ਜੋਖਿਮ ਵਿਚ ਪਾਕੇ ਘੁਸਪੈਠੀਆਂ ਦੀ ਸੂਚਨਾ ਦਿੱਤੀ, ਜਿਸ ਲਈ ਮਾਲੀ ਨੂੰ ਪਦਮ ਸ਼੍ਰੀ ਦੀ ਉਪਾਧੀ 25 ਮਾਰਚ 1972 ਨੂੰ ਰਾਸ਼ਟਰਪਤੀ ਸ਼੍ਰੀ ਵੀ.ਵੀ. ਗਿਰੀ ਨੇ ਪ੍ਰਦਾਨ ਕੀਤੀ। ਸ਼੍ਰੀਮਤੀ ਮਾਲੀ ਦਾ ਪਿੰਡ ਕਸ਼ਮੀਰ ਦੇ ਪੁੰਛ ਜ਼ਿਲ੍ਹੇ ਵਿੱਚ ਸੀਮਾ ਰੇਖਾ ਦੇ ਪਾਸ ਅੜਾਈ ਹੈ।

ਮੁਹੰਮਦ ਦੀਨ ਗੁੱਜਰ 1975-76 ਵਿੱਚ ਅਖਿਲ ਭਾਰਤੀ ਗੁੱਜਰ ਸਮਾਜ ਸੁਧਾਰ ਸਭਾ ਦੇ ਸੱਦੇ ਤੇ ਦਿੱਲੀ ਗੁੱਜਰ ਸੰਮੇਲਨ ਵਿੱਚ ਸ਼ਰੀਕ ਹੋਇਆ। ਆਪਣੇ ਸੰਖੇਪ ਤੇ ਪ੍ਰਭਾਵਸ਼ਾਲੀ ਜੋਸ਼ੀਲਾ ਭਾਸ਼ਣ ਦਿੰਦੇ ਹੋਏ ਪਦਮ ਸ਼੍ਰੀ ਮੁਹੰਮਦ ਦੀਨ ਗੁੱਜਰ ਨੇ ਨਵੀਂ ਦਿੱਲੀ ਦੇ ਮਾਵਲੰਕਰ ਹਾਲ ਵਿੱਚ ਕਿਹਾ, "ਮੇਰੇ ਖੂਨ ਦਾ ਕਤਰਾ ਕਤਰਾ ਹਿੰਦੁਸਤਾਨ ਲਈ ਹਮੇਸ਼ਾ ਤਿਆਰ ਹੈ। ਮੈਂ ਆਪਣੇ ਸਾਰੇ ਬਿਰਾਦਰੀ ਭਾਈਆਂ ਨੂੰ ਯਕੀਨ ਦੁਆਉਂਦਾ ਹਾਂ ਜਦ ਕਦੇ ਮੇਰੇ ਖੂਨ ਦੀ ਮੁਲਕ ਨੂੰ ਜ਼ਰੂਰਤ ਪਏਗੀ, ਮੈਂ ਉਸਦੇ ਲਈ ਆਪਣਾ ਖੂਨ ਦਿਆਂਗਾ।" ਇਹਨਾਂ ਚੰਦ ਸ਼ਬਦਾਂ ਤੋਂ ਪਦਮ ਸ਼੍ਰੀ ਮੁਹੰਮਦ ਦੀਨ ਦੀ ਭਾਵਨਾ ਅਤੇ ਦੇਸ਼ ਭਗਤੀ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਪਦਮ ਸ਼੍ਰੀ ਮੁਹੰਮਦ ਦੀਨ ਬਹੁਤ ਥੋੜ੍ਹਾ ਬੋਲਦਾ ਸੀ, ਪ੍ਰੰਤੂ ਲੋਕਾਂ ਦੇ ਦਿਲਾਂ ਵਿੱਚ ਸੁੱਤੀ ਹੋਈ ਸ਼ਕਤੀ ਨੂੰ ਜਗਾ ਦਿੰਦਾ ਸੀ। ਸ਼੍ਰੀ ਰਾਮ ਚੰਦਰ ਵਿਕਲ ਐਮ. ਪੀ. ਦੇ ਨਾਲ ਸਵ: ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨਾਲ ਮਿਲਿਆ। ਉਸਨੇ ਆਪਣੀ ਕਰੁਣਾਮਈ ਗਾਥਾ ਵੀ ਸੁਣਾਈ। ਪ੍ਰਧਾਨ ਮੰਤਰੀ ਨੇ ਆਪਣੇ ਰਾਹਤ ਕੋਸ਼ ਵਿੱਚੋਂ 2000 ਰੁਪਏ ਉਸਦੀ ਬੇਟੀ ਦੇ ਵਿਆਹ ਵਾਸਤੇ, 2000 ਰੁਪਏ ਉਸਨੂੰ ਆਰਥਿਕ ਸੰਕਟ ਵਿੱਚੋਂ ਕੱਢਣ ਲਈ ਦਿੱਤੇ। ਪਦਮ ਸ਼੍ਰੀ ਮੁਹੰਮਦ ਦੀਨ ਨੇ ਮੱਧ ਪ੍ਰਦੇਸ਼ ਦੇ ਹਰਦਾ ਗੁੱਜਰ ਸੰਮੇਲਨ ਵਿੱਚ ਵੀ ਭਾਗ ਲਿਆ ਅਤੇ ਚੌਂ: ਬਲਰਾਜ ਸਿੰਘ ਸੀਲਮਪੁਰ ਦਿਲੀ, ਚੌਂ: ਜਯਪਾਲ ਸਿੰਘ ਲਾਲਪੁਰ ਨੇੜੇ ਹਾਪੁੜ (ਮੇਰਠ), ਚੌਂ: ਰਾਮ ਚੰਦਰ ਖਟਾਣਾ, ਰਿਠੌਜ, ਗੁੜਗਾਵਾਂ (ਹਰਿਆਣਾ) ਦੇ ਸਹਿਯੋਗ ਨਾਲ ਕਈ ਸਭਾਵਾਂ ਵਿੱਚ ਚੌਂ: ਮੁਹੰਮਦਦੀਨ ਦਾ ਭਰਪੂਰ ਸੁਆਗਤ ਕੀਤਾ ਗਿਆ ਅਤੇ

ਪੰਜ ਹਜ਼ਾਰ ਦੀ ਰਾਸ਼ੀ ਭੇਂਟਾ ਵਜੋਂ ਦਿੱਤੀ ਗਈ। ਆਰੀਆ ਸਮਾਜ ਹਨੂਮਾਨ ਰੋਡ ਨਵੀਂ ਦਿੱਲੀ ਦੇ ਵਾਰਸ਼ਿਕ ਉਤਸਵ ਤੇ ਸਰਵਦੇਸ਼ਿਕ ਆਰੀਆ ਪ੍ਰਤਿਨਿਧੀ ਸਭਾ ਦੇ ਪ੍ਰਧਾਨ ਸ਼੍ਰੀ ਰਾਮ ਗੋਪਾਲ ਸ਼ਾਲੇ ਨੇ ਪਦਮ ਸ਼੍ਰੀ ਮੁਹੰਮਦ ਦੀਨ ਦੀ ਦੇਸ਼ ਸੇਵਾ ਦੀ ਬਹੁਤ ਸਰਾਹਨਾ ਕੀਤੀ ਅਤੇ ਆਰੀਆ ਸਮਾਜ ਵੱਲੋਂ ਉਨ੍ਹਾਂ ਦਾ ਸੁਆਗਤ ਕੀਤਾ ਗਿਆ। ਨਵ ਭਾਰਤ ਟਾਈਮਜ਼ ਦੇ ਸਾਬਕਾ ਸੰਪਾਦਕ ਅਕਸ਼ੈ ਕੁਮਾਰ ਜੈਨ ਨੇ ਆਪਣੇ ਦਫ਼ਤਰ ਵਿੱਚ ਕਸ਼ਮੀਰ ਦੇ ਪਦਮਸ਼੍ਰੀ ਗੁੱਜਰ ਸ੍ਰੀ ਮਹੁੰਮਦ ਦੀਨ ਅਤੇ ਕਸਮੀਰ ਦੇ ਗੁੱਜਰ ਇਤਿਹਾਸਕਾਰ ਚੌਧਰੀ ਵਜ਼ੀਰ ਮੁਹੰਮਦ ਹਾਕਲਾ ਦਾ ਸੁਆਗਤ ਕੀਤਾ ਅਤੇ ਉਨ੍ਹਾਂ ਦੇ ਬਿਆਨ ਵੀ ਲਏ ਗਏ ਜੋ ਬਾਅਦ ਵਿੱਚ ਨਵ ਭਾਰਤ ਟਾਈਮਜ਼ ਵਿੱਚ ਪ੍ਰਕਾਸ਼ਿਤ ਹੋਏ।

ਕਸ਼ਮੀਰ ਦੇ ਮੁਸਲਮਾਨ ਗੁੱਜਰਾਂ ਨੂੰ ਦੇਸ਼ ਦੇ ਹੋਰ ਗੁੱਜਰਾਂ ਦੇ ਨਾਲ ਮਿਲਾਉਣ ਦਾ ਕਾਰਜ ਸ਼੍ਰੀ ਰਾਮ ਚੰਦਰ ਵਿਕਲ ਸੰਸਦ ਮੈਂਬਰ ਨੇ ਆਪਣੇ ਸੁਹਿਰਦ ਯਤਨਾਂ ਨਾਲ ਕੀਤਾ ਗਿਆ। ਕਸ਼ਮੀਰ ਦੇ ਗੁੱਜਰ ਰਾਮ ਚੰਦਰ ਵਿਕਲ ਨੂੰ ਬਾਬਾਏ ਕੌਮ ਕਹਿੰਦੇ ਹਨ। ਸ਼੍ਰੀ ਰਾਮ ਚੰਦਰ ਵਿਕਲ ਨਾ ਕੇਵਲ ਗੁੱਜਰਾਂ ਦੇ ਹੀ ਨੇਤਾ ਹਨ, ਬਲਕਿ ਕਿਸਾਨ ਅਤੇ ਗ੍ਰਾਮੀਣ ਜਨਤਾ ਦੇ ਦੁੱਖ ਦਰਦ ਵਿੱਚ ਮਦਦ ਕਰਨ ਵਾਲੇ ਨੇਤਾ ਹਨ। ਗੁੱਜਰ ਕੌਮ ਦਾ ਸੁਭਾਗ ਹੈ ਕਿ ਇਸਨੇ ਸਰਦਾਰ ਵਲਭ ਭਾਈ ਪਟੇਲ, ਸਵਰਗੀ ਵਿਜਯ ਸਿੰਘ ਪਥਿਕ ਤੇ ਸ਼੍ਰੀ ਰਾਮ ਚੰਦ ਵਿਕਲ ਵਰਗੇ ਕਿਸਾਨ ਨੇਤਾਵਾਂ ਨੂੰ ਜਨਮ ਦਿੱਤਾ। ਗੁੱਜਰ ਕੌਮ ਦਾ ਸੁਭਾਅ ਸਰਵ ਧਰਮ ਸਦਭਾਵਨਾ ਤੇ ਰਾਸ਼ਟਰੀ ਭਾਵਨਾ ਨਾਲ ਓਤਪੋਤ ਹੈ। ਭਾਰਤ ਦਾ ਇਤਿਹਾਸ ਇਸ ਸੱਚਾਈ ਦਾ ਗਵਾਹ ਹੈ ਕਿ ਕਿਸੇ ਵੀ ਗੁੱਜਰ ਮਾਤਾ ਦੀ ਕੁੱਖ ਤੋਂ ਅੱਜ ਤੱਕ ਕਿਸੇ ਦੇਸ਼ ਧਰੋਹੀ ਜਾਂ ਗੱਦਾਰ ਨੇ ਜਨਮ ਨਹੀਂ ਲਿਆ। ਕਸ਼ਮੀਰ ਤੋਂ ਗੁਜਰਾਤ ਤੱਕ ਦੇ ਗੁੱਜਰਾਂ ਨੂੰ ਇੱਕ ਸੂਤਰ ਵਿੱਚ ਬੰਨ੍ਹਣ ਵਾਲੀ ਇਨ੍ਹਾਂ ਦੀ ਸਰਵ ਧਰਮ, ਸਦਭਾਵ, ਰਾਸ਼ਟਰੀ ਏਕਤਾ ਦੀ ਭਾਵਨਾ ਅਤੇ ਭਾਰਤ ਮਾਤਾ ਪ੍ਰਤਿ ਅਟੁੱਟ ਦੇਸ਼ ਭਗਤੀ ਤੇ ਨਿਸ਼ਠਾ ਹੈ। ਡਾ. ਇਕਬਾਲ ਦਾ ਇਹ ਕਥਨ ਗੁੱਜਰਾਂ ਤੇ ਖਰਾ ਉਤਰਦਾ ਹੈ:-

ਮਜਹਬ ਨਹੀਂ ਸਿਖਾਤਾ, ਆਪਸ ਮੇਂ ਬੈਰ ਰਖਨਾ
ਹਿੰਦੀ ਹੈਂ ਹਮ ਵਤਨ ਹੈ, ਹਿੰਦੋਸਤਾਨ ਹਮਾਰਾ

ਡਾ. ਇਕਬਾਲ

# ਗੁੱਜਰਾਂ ਤੇ ਕ੍ਰਾਂਤੀਕਾਰੀਆਂ ਬਾਰੇ ਵਿਭਿੰਨ ਮਹਾਨ ਨੇਤਾ ਪ੍ਰਧਾਨ ਮੰਤਰੀ ਤੇ ਇਤਿਹਾਸਕਾਰਾਂ ਦੀ ਰਾਇ

ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਦੁਆਰਾ 8 ਜੂਨ 1975 ਨੂੰ ਜੰਮੂ ਅਕਾਸ਼ਵਾਣੀ ਤੇ ਗੁੱਜਰੀ ਭਾਸ਼ਾ ਦੇ ਪ੍ਰੋਗਰਾਮਾਂ ਦਾ ਸ਼ੁਭ ਆਰੰਭ ਤੇ ਦਿੱਤਾ ਹੋਇਆ ਸੁਨੇਹਾ–

"ਹਰ ਇੱਕ ਭਾਸ਼ਾ ਇੱਕ ਦਰਵਾਜਾ ਹੈ, ਜਿਸ ਨਾਲ ਕਿਸੇ ਸੰਸਕ੍ਰਿਤੀ ਦੀ ਝਲਕ ਮਿਲਦੀ ਹੈ। ਗੁੱਜਰੀ ਭਾਸ਼ਾ ਦੇ ਮਹੱਤਵ ਨੂੰ ਅਸੀਂ ਨਹੀਂ ਭੁਲੱਣਾ।

ਗੁੱਜਰ ਲੋਕਾਂ ਦਾ ਜੀਵਨ ਕਠਿਨ ਹੈ। ਇਹ ਸਾਹਸੀ ਹਨ ਅਤੇ ਆਪਣੇ ਦੇਸ਼ ਖਾਤਿਰ ਕੁਰਬਾਨੀ ਦੇਣ ਲਈ ਹਮੇਸ਼ਾ ਤਿਆਰ ਰਹਿੰਦੇ ਹਨ। ਇਹਨਾਂ ਨੂੰ ਆਪਣੇ ਦੇਸ਼ ਅਤੇ ਆਜ਼ਾਦੀ ਨਾਲ ਪਿਆਰ ਹੈ।

ਮੈਨੂੰ ਇਹ ਜਾਣ ਕੇ ਖੁਸ਼ੀ ਹੋਈ ਕਿ ਆਕਾਸ਼ਵਾਣੀ ਜੰਮੂ ਗੁੱਜਰੀ ਭਾਸ਼ਾ ਦਾ ਪ੍ਰੋਗਰਾਮ ਸ਼ੁਰੂ ਕਰ ਰਹੀ ਹੈ। ਇਸ ਪ੍ਰੋਗਰਾਮ ਦੀ ਸਫਲਤਾ ਲਈ ਮੇਰੀਆ ਸ਼ੁਭਕਾਮਨਾਵਾਂ।"

8 ਜੂਨ 1975 (ਇੰਦਰਾ ਗਾਂਧੀ)

*ਨੋਟ : ਮਾਣਯੋਗ ਪ੍ਰਧਾਨ ਮੰਤਰੀ ਜੀ ਦਾ ਇਹ ਸੰਦੇਸ਼ ਇਤਿਹਾਸਕ ਦ੍ਰਿਸ਼ਟੀ ਤੋਂ ਬਹੁਤ ਮਹੱਤਵਪੂਰਨ ਹੈ। ਥੋੜ੍ਹੇ ਜਿਹੇ ਸ਼ਬਦਾਂ ਵਿੱਚ ਗੁੱਜਰ ਕੌਮ ਦਾ ਸਹੀ ਚਰਿੱਤਰ ਚਿਤਰਣ ਕੀਤਾ ਹੈ। ਗੁੱਜਰ ਕੌਮ ਦੀ ਦੇਸ਼ ਭਗਤੀ ਅਤੇ ਸਾਹਸਿਕ ਜੀਵਨ ਦੀ ਬਹੁਤ ਪ੍ਰਸੰਸਾ ਕੀਤੀ ਹੈ। ਨਾਲ ਹੀ ਗੁੱਜਰੀ ਭਾਸ਼ਾ ਨੂੰ ਆਕਾਸ਼ਵਾਣੀ ਦੇ ਪ੍ਰੋਗਰਾਮਾਂ ਵਿੱਚ ਵੱਖਰਾ ਥਾਂ ਦੇਕੇ ਪ੍ਰਸੰਸਾਯੋਗ ਕਦਮ ਚੁੱਕਿਆ ਹੈ। ਯਾਦ ਰਹੇ ਇਹ ਕਦਮ ਪ੍ਰਧਾਨ ਮੰਤਰੀ ਨੇ ਭਾਰਤੀ ਗੁੱਜਰ ਸਮਾਜ ਤੇ ਜੰਮੂ ਕਸ਼ਮੀਰ ਦੇ ਗੁੱਜਰ ਨੇਤਾਵਾਂ ਦੀ ਬੇਨਤੀ ਤੇ ਉਠਾਇਆ ਹੈ। ਸ਼੍ਰੀ ਰਾਮ ਚੰਦਰ ਵਿਕਲ ਤੇ ਜੰਮੂ ਕਸ਼ਮੀਰ ਦੇ ਗੁੱਜਰ ਨੇਤਾ ਨੂਰੂ ਦੀਨ ਕਟਾਰੀਆ ਦਾ ਨਾਮ ਇਸ ਸਬੰਧ ਵਿੱਚ ਜ਼ਿਕਰਯੋਗ ਹੈ।*

**ਸਰਵ ਭਾਰਤੀ ਗੁੱਜਰ ਸਮਾਜ ਸੁਧਾਰ ਸਭਾ ਦੇ ਧੌਲਪੁਰ (ਰਾਜਸਥਾਨ) ਸੰਮੇਲਨ ਵਿੱਚ ਭਾਰਤ ਦੀ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਦਾ ਸੰਦੇਸ਼:-**

**2.** "ਗੁੱਜਰ ਦੇਸ਼ ਭਗਤ ਅਤੇ ਦੇਸ਼ ਪ੍ਰੇਮੀ ਨਾਲ ਹੀ ਇੱਕ ਮਿਹਨਤੀ ਕੌਮ ਹੈ। ਉਨ੍ਹਾਂ ਦਾ ਜੀਵਨ ਦੁਰਗਮ ਹੈ। ਪ੍ਰੰਤੂ ਉਹ ਸਦਾ ਨਿੱਡਰ ਅਤੇ ਹਸਮੁੱਖ ਰਹੇ ਹਨ। ਅੱਜ ਦੀ ਬਦਲਦੀ ਹੋਈ ਦੁਨੀਆਂ ਵਿੱਚ ਨਵੀਆਂ ਨਵੀਆਂ ਸਮੱਸਿਆਵਾਂ ਅਤੇ ਚੁਣੌਤੀਆਂ ਖੜੀਆਂ ਹੋ ਰਹੀਆਂ ਹਨ। ਮੈਨੂੰ ਵਿਸ਼ਵਾਸ ਹੈ ਕਿ ਉਨ੍ਹਾਂ ਦਾ ਸਾਹਮਣਾ ਵੀ ਉਤਸ਼ਾਹ ਅਤੇ ਹਿੰਮਤ ਨਾਲ ਕਰ ਰਹੇ ਹਨ। ਗੁੱਜਰਾਂ ਨੂੰ ਅੱਗੇ ਵਧਣ ਲਈ ਆਪਣੇ ਜੀਵਨ ਦੇ ਚੰਗੇ ਗੁਣ ਰੱਖਦੇ ਨਵੇਂ ਤਰੀਕੇ ਅਪਨਾਉਣੇ ਚਾਹੀਦੇ ਹਨ।"

ਇੰਦਰਾ ਗਾਂਧੀ

ਨਵ ਭਾਰਤ ਟਾਈਮਜ਼ (ਸਾਭਾਰ)

ਨਵੀਂ ਦਿੱਲੀ

24 ਮਈ 1976

ਮਾਣਯੋਗ ਪ੍ਰਧਾਨ ਮੰਤਰੀ ਦੇ ਉਪਰੋਕਤ ਸੰਦੇਸ਼ ਵਿੱਚ ਗੁੱਜਰ ਕੌਮ ਦੀ ਦੇਸ਼ ਭਗਤੀ, ਦੇਸ਼ ਪ੍ਰੇਮ ਤੇ ਨਿਡਰਤਾ ਤੇ ਖੁਸ਼ਮਿਜਾਜ਼ੀ ਦੀ ਪ੍ਰਸ਼ੰਸਾ ਕੀਤੀ ਹੈ। ਨਾਲ ਹੀ ਗੁੱਜਰ ਕੌਮ ਨੂੰ ਇਤਿਹਾਸਿਕ ਚੇਤਾਵਨੀ ਦਿੱਤੀ ਹੈ, ਕਿ ਬਦਲਦੀ ਦੁਨੀਆਂ ਦੇ ਕਦਮ ਨਾਲ ਕਦਮ ਮਿਲਾਕੇ ਚੱਲਣ। ਪ੍ਰੰਤੂ ਆਪਣੇ ਅੱਛੇ ਗੁਣਾ ਨੂੰ ਨਾਲ ਰੱਖਣ। ਨਾਲ ਹੀ ਇਹ ਵਿਸ਼ਵਾਸ ਵੀ ਪ੍ਰਗਟ ਕੀਤਾ ਹੈ ਕਿ ਗੁੱਜਰ ਹਿੰਮਤ ਨਾਲ ਕਠਿਨਾਈਆਂ ਦਾ ਸਾਹਮਣਾ ਕਰ ਰਹੇ ਹਨ। ਇਹ ਸੰਮੇਲਨ ਧੌਲਪੁਰ ਵਿੱਚ ਚੌਃ ਸ਼ਫਕਤ ਜੰਗ ਚੌਹਾਨ ਮੁਸਲਿਮ ਗੁੱਜਰ ਐਮ.ਪੀ, ਦੀ ਪ੍ਰਧਨਾਗੀ ਵਿੱਚ ਹੋਇਆ ਅਤੇ ਸ਼੍ਰੀ ਰਾਮ ਚੰਦਰ ਵਿਕਲ ਐਮ.ਪੀ. ਨੂੰ ਇਸ ਸ਼ੁਭ ਅਵਸਰ ਤੇ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼੍ਰੀ ਪ੍ਰਕਾਸ਼ ਚੰਦ ਸੇਠੀ ਅਤੇ ਰਾਜਸਥਾਨ ਦੇ ਮੁੱਖ ਮੰਤਰੀ ਸ਼੍ਰੀ ਹਰਦੇਵ ਜੋਸ਼ੀ ਨੇ ਗੁੱਜਰ ਗਾਂਧੀ ਨੂੰ ਉਪਾਧੀ ਨਾਲ ਸਨਮਾਨਤ ਕੀਤਾ ਤੇ ਬਿਰਾਦਰੀ ਨੇ ਉਨ੍ਹਾਂ ਨੂੰ ਸਭਾ ਦਾ ਅਖਿਲ ਭਾਰਤੀ ਪੱਧਰ ਤੇ ਸੰਗਠਨ ਬਣਾਉਣ ਦਾ ਅਧਿਕਾਰ ਦਿੱਤਾ ਸੀ। ਸ਼੍ਰੀ ਰਾਮ ਚੰਦਰ ਵਿਕਲ ਨੂੰ ਗੁੱਜਰ ਬਿਰਾਦਰੀ ਨੂੰ ਕਸ਼ਮੀਰ ਤੋਂ ਲੈਕੇ ਗੁਜਰਾਤ ਤੱਕ ਸੰਗਠਤ ਕਰਨ ਦਾ ਸਿਹਰਾ ਹੈ। ਇਨ੍ਹਾਂ ਦੀ ਕੋਸ਼ਿਸ਼ ਨਾਲ ਜੰਮੂ ਵਿੱਚ ਦੋ ਗੁੱਜਰ ਸੰਮੇਲਨ 1974-75 ਵਿੱਚ ਹੋਏ ਇਸਤੋਂ ਬਾਅਦ 1976 ਵਿੱਚ ਧੌਲਪੁਰ (ਰਾਜਸਥਾਨ) ਤੇ ਇਸਦੇ ਛੇ ਛੇ ਮਹੀਨੇ ਬਾਅਦ ਜਲਗਾਉਂ (ਮਹਾਰਾਸ਼ਟਰ) ਵਿੱਚ ਸੰਮੇਲਨ ਹੋਇਆ। ਇਨ੍ਹਾਂ ਤੋਂ ਬਿਨਾਂ ਦੇਸ਼ ਦੇ ਕੋਨੇ ਕੋਨੇ ਦੇ ਗੁੱਜਰਾਂ ਦੁਆਰਾ

ਆਯੋਜਿਤ ਛੋਟੇ ਛੋਟੇ ਉਤਸਵਾਂ ਦੁਆਰਾ ਗੁੱਜਰਾਂ ਵਿੱਚ ਸਰਵ ਧਰਮ, ਸਦਭਾਵ ਅਤੇ ਸਮਾਜ ਸੁਧਾਰ ਦੀ ਪ੍ਰੇਰਣਾ ਦਾ ਸੰਚਾਰ ਕਰਦੇ ਰਹੇ। ਧੌਲਪੁਰ ਸੰਮੇਲਨ ਨੂੰ ਭਾਰਤ ਦੇ ਉਸ ਸਮੇਂ ਦੇ ਗ੍ਰਹਿ ਮੰਤਰੀ ਬ੍ਰਹਮਾਨੰਦ ਰੈਡੀ ਨੇ ਉਦਘਾਟਨ ਕੀਤਾ। 1975 ਵਿੱਚ ਕਸ਼ਮੀਰ ਦੇ ਗੁੱਜਰ ਸੰਮੇਲਨ ਦਾ ਉਦਘਾਟਨ ਭਾਰਤ ਦੀ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਨੇ ਕੀਤਾ ਸੀ।

## ਪ੍ਰਸਿੱਧ ਸੈਨਾ ਮਾਹਿਰ ਕਰਨਲ ਪਿੰਗਲੇ ਦਾ ਗੁੱਜਰ ਸੈਨਿਕਾਂ ਬਾਰੇ ਰਾਏ

3. ਗੁੱਜਰ ਸਿਪਾਹੀ ਦਾ ਕੱਦ ਲੰਬਾ, ਛਰਹਰਾ ਸਰੀਰ ਖ਼ੂਬਸੂਰਤ ਹੁੰਦਾ ਹੈ। ਉਸਦਾ ਚਰਿੱਤਰ ਦੂਸਰੇ ਸਿਪਾਹੀਆਂ ਦੇ ਮੁਕਾਬਲੇ ਬਹੁਤ ਉਚਾ ਹੁੰਦਾ ਹੈ। ਯੁੱਧ ਦੇ ਦਿਨਾਂ ਵਿੱਚ ਉਨ੍ਹਾਂ ਦੀ ਵੀਰਤਾ, ਬਹਾਦਰੀ ਬਹੁਤ ਪ੍ਰਸਿੱਧ ਹੈ। ਇਨ੍ਹਾਂ ਦਾ ਚਰਿੱਤਰ ਉਚੇ ਦਰਜੇ ਦਾ ਹੁੰਦਾ ਹੈ। ਲੜਕੀਆਂ ਦੀ ਇੱਜ਼ਤ ਕਰਦੇ ਹਨ। ਉਨ੍ਹਾਂ ਨੂੰ ਵੇਚਣਾ ਪਾਪ ਸਮਝਦੇ ਹਨ। ਸਵੱਛ ਰਹਿਣਾ, ਇਸ਼ਨਾਨ ਕਰਨਾ, ਦਾਤੁਣ ਕਰਨਾ, ਨਿਤਾ ਪ੍ਰਤਿ ਕਸਰਤ ਕਰਨਾ, ਕੁਸ਼ਤੀ ਕਰਨਾ, ਮੁਗਧਰ ਫੇਰਨਾ ਤੇ ਸਰੀਰਕ ਮੁਕਾਬਲਿਆਂ ਦੇ ਖੇਲਾਂ ਵਿੱਚ ਵੱਡੇ ਸਮਾਰੋਹਾਂ ਵਿੱਚ ਸ਼ਾਮਿਲ ਹੋਣਾ ਪਸੰਦ ਕਰਦੇ ਹਨ। ਸ਼ੁਮਾਲੀ ਲੈਂਡ ਦੇ ਯੁੱਧਾਂ ਵਿੱਚ ਗੁੱਜਰਾਂ ਨੇ ਸਭ ਨੂੰ ਹੈਰਾਨ ਕਰ ਦਿੱਤਾ।

## ਮੁਸਲਮਾਨ ਯਾਤਰੀ ਸੁਲੇਮਾਨ

4. ਸੁਲੇਮਾਨ ਭਾਰਤ ਵਿੱਚ 851 ਈਸਵੀ ਵਿੱਚ ਯਾਤਰਾ ਕਰਨ ਆਇਆ ਸੀ। ਉਸ ਸਮੇਂ ਪ੍ਰਤੀਹਾਰਵੰਸ਼ ਦੇ ਗੁੱਜਰ ਸਮਰਾਟ ਮਿਹਰਭੋਜ ਦਾ ਇੱਥੇ ਰਾਜ ਸੀ। ਸੁਲੇਮਾਨ ਲਿਖਦਾ ਹੈ:

ਗੁੱਜਰ ਰਾਜਿਆਂ ਨੂੰ (ਕਨੌਜ ਦੇ ਪ੍ਰਤਿਹਾਰਾਂ) ਸਦਾ ਹੀ ਯੁੱਧ ਵਿੱਚ ਲੱਗਿਆ ਰਹਿਣਾ ਪੈਂਦਾ ਹੈ। ਹਾਲਾਂਕਿ ਕਿ ਅਰਬ ਦੇ ਰਾਜਾ ਬਹੁਤ ਸ਼ਕਤੀਸ਼ਾਲੀ ਹਨ। ਕਿੰਤੂ ਗੁੱਜਰਾਂ ਤੋਂ ਸਦਾ ਭੈਅਭੀਤ ਰਹਿੰਦੇ ਹਨ। ਗੁੱਜਰਾਂ ਦੇ ਪਾਸ ਸਭ ਤੋਂ ਵੱਡੀ ਸੈਨਾ ਅਤੇ ਸੋਨੇ ਚਾਂਦੀ ਦੇ ਸਿੱਕੇ ਹਨ। ਭਾਰਤ ਵਿੱਚ ਗੁੱਜਰਾਂ ਦੇ ਅਧੀਨ ਦੇਸ਼ ਤੋਂ ਬਿਨਾਂ ਕੋਈ ਪ੍ਰਾਂਤ ਚੋਰਾਂ ਅਤੇ ਡਾਕੂਆਂ ਤੋਂ ਸੁਰੱਖਿਅਤ ਨਹੀਂ ਹੈ।

**5. ਇਤਿਹਾਸਕਾਰ ਬਾਲਾ ਧੁਰੀ ਲਿਖਦੇ ਹਨ:-**

ਗੁੱਜਰ ਅਰਬ ਇਸਲਾਮ ਅਤੇ ਰਠੌੜਾਂ (ਰਾਜਪੂਤਾਂ) ਦੇ ਸਭ ਤੋਂ ਜਬਰਦਸ਼ਤ ਦੁਸ਼ਮਨ ਸਨ। ਉਨ੍ਹਾਂ ਨੇ ਮੁਸਲਮਾਨਾਂ ਨੂੰ ਸਾਰੇ ਉਤਰੀ ਭਾਰਤ ਤੋਂ ਹਟਾ ਕੇ

ਸ਼ਰਨਾਰਥੀ ਬਣਾਕੇ ਅਲਹਿੰਦ ਸ਼ਹਿਰ ਦੇ ਪਾਸ ਅਲਮ ਹਫੂਜ ਡੇਰੇ ਵਿੱਚ ਹੀ ਮਹਿਦੂਦ ਕਰ ਦਿੱਤਾ ਸੀ। ਮੁਸਲਮਾਨਾਂ ਦੇ ਸਾਰੇ ਹਮਲੇ ਬੰਦ ਹੋ ਗਏ ਸਨ। ਜਬਰਨ ਮੁਸਲਮਾਨ ਬਣਾਏ ਹੋਏ ਹਿੰਦੂ ਫਿਰ ਹਿੰਦੂ ਹੋ ਗਏ ਸਨ। ਮੁਸਲਮਾਨ ਹਿੰਦੂਆਂ ਦੇ ਮੰਦਰਾਂ ਦੀ ਫਿਰ ਤਾਰੀਫ ਕਰਨ ਲੱਗੇ ਸਨ।

**6. ਸਰ ਜੇਮਜ਼ ਕੈਂਪਬੈਲ ਕੇ.ਸੀ.ਐਸ. ਆਈ** ਲਿਖਤ ਬੰਬਈ ਗੁੱਜਰ ਪੁਸਤਕ ਵਿੱਚ ਭਾਗ 1 ਪੰਨਾ 479 ਤੇ ਲਿਖਿਆ ਹੈ, "ਗੁਜਰਾਤ ਦੇ ਇਤਿਹਾਸ ਉਪਰ ਭੜੌਂਚ (ਗੁੱਜਰ ਰਾਜ) ਦਾ ਅਮਿਟ ਪ੍ਰਭਾਵ ਪਿਆ। ਉਨ੍ਹਾਂ ਦੇ 200 ਸਾਲ ਦੇ ਰਾਜ ਕਾਲ ਨੇ ਪੁਰਾਣਾ ਨਾਮ ਹਟਾ ਕੇ ਨਵਾਂ ਨਾਮ ਗੁਜਰਾਤ" (ਗੁਰਜਰਤਰਾ ਗੁੱਜਰਾਂ ਦੁਆਰਾ ਸੁਰੱਖਿਅਤ ਦੇਸ਼) ਰੱਖਿਆ ਇਸਤੋਂ ਪਤਾ ਲੱਗਦਾ ਹੈ ਕਿ ਉਨ੍ਹਾਂ ਦਾ ਰਾਜ ਪ੍ਰਬੰਧ ਉਤਮ ਸੀ। ਪ੍ਰਜਾ ਸੁਖੀ ਸੀ। ਉਨ੍ਹਾਂ ਦੇ ਨਿਆਂਸ਼ੀਲਤਾ ਦੇ ਵਿਉਹਾਰ ਨੇ ਉਨ੍ਹਾਂ ਦੀ ਯਾਦਗਾਰ ਨੂੰ ਸਥਾਈ ਕਰ ਦਿੱਤਾ।"

**7. ਪ੍ਰਸਿੱਧ ਪੁਰਾਤਤਵ ਨੇਤਾ ਹਰੀ ਭਾਊ ਬਾਕਣਕਰ** ਗੁੱਜਰ ਰਾਜਾ ਭੋਜ ਦੇ ਰਚਨਾਤਮਕ ਕੰਮਾਂ ਦਾ ਵਰਣਨ ਇਸ ਪ੍ਰਕਾਰ ਕਰਦਾ ਹੈ, "ਸੰਸਾਰ ਦਾ ਸਭ ਤੋਂ ਵੱਡਾ ਬੰਨ੍ਹ ਰਾਜਾ ਭੋਜ ਨੇ ਬਣਵਾਇਆ ਸੀ, ਜਿਸ ਵਿੱਚ 340 ਪਹਾੜੀ ਨਦੀਆਂ ਦਾ ਪਾਣੀ ਜਮ੍ਹਾਂ ਹੁੰਦਾ ਸੀ। ਇਸ ਦੀਆਂ ਦੀਵਾਰਾਂ ਵਿੱਚ 27 ਲਖ ਘਣ ਫੁੱਟ ਪੱਥਰ ਲੱਗਿਆ ਸੀ। ਇਸ ਦੀ ਤਿੰਨ ਕਿਲੋਮੀਟਰ ਲੰਬਾਈ ਅਤੇ 75 ਮੀਟਰ ਚੌੜੀਆਂ ਸੀ।

ਉਜੈਇਨੀ ਦੇ ਸ਼ਿਲਾਲੇਖ ਤੋਂ ਪਤਾ ਲੱਗਦਾ ਹੈ ਕਿ ਰਾਜਾ ਭੋਜ ਦਾ ਰਾਜ ਕਾਸ਼ੀ, ਪ੍ਰਯਾਗ, ਅਯੋਧਿਆ, ਖੁਜਰਾਹੋ ਤੱਕ ਸੀ ਅਤੇ ਮਹਿਮੂਦ ਗਜਨਵੀ ਉਸਤੋਂ ਹਾਰਣ ਕਰਕੇ ਮੁੜਕੇ ਭਾਰਤ ਨਹੀਂ ਆਇਆ ਕਿਉਂਕਿ ਇਹ ਇੱਕ ਹੀ ਜਾਤੀ ਦੀ ਲੜਾਈ ਸੀ।

ਜਨ ਸੱਤਾ 13 ਫਰਵਰੀ 1984 ਦੇ ਧੰਨਵਾਦ ਸਹਿਤ

**8. ਸ੍ਰੀ ਕਨੈਹੀਆ ਲਾਲ ਮਣਿਕ ਲਾਲ ਮੁਨਸ਼ੀ** ਪ੍ਰਸਿੱਧ ਇਤਿਹਾਸਕਾਰ ਨੇ ਗੁਜਰਾਂ ਦੇ ਸਬੰਧ ਵਿੱਚ 'ਗੁਜਰਾਤ ਕੇ ਨਾਥ' ਨਾਮਕ ਦੀ ਇਕ ਪੁਸਤਕ ਵਿੱਚ ਗੁੱਜਰਾਂ ਦੀ ਰਾਜਧਾਨੀ ਅਨਹਿਲਵਾੜਾ ਪਾਟਨ ਦੇ ਖੰਡਰਾਂ ਦੀ ਸਬੰਧੀ ਲਿਖਿਆ ਹੈ।

"ਇਨ੍ਹਾਂ ਖੰਡਰਾਂ ਦੇ ਉਪਰ ਪੁਰਾਤੱਤਵਵੇਤਾ ਜੁਤੀਆਂ ਸਮੇਤ ਗੁੱਜਰ ਜਾਂਦੇ ਹਨ। ਉਨ੍ਹਾਂ ਨੂੰ ਇਹ ਧਿਆਨ ਨਹੀਂ ਰਹਿੰਦਾ ਕਿ ਇਹ ਖੰਡਰ ਇੱਟਾਂ ਪੱਥਰ ਨਹੀਂ ਬਲਕਿ ਗੁੱਜਰਾਂ ਦੇ ਪ੍ਰਭਾਵ ਬੁੱਧੀ ਅਤੇ ਵੀਰਤਾ ਦੇ ਅਵਸ਼ੇਸ਼ ਮਹਾਂ ਤੀਰਥ ਹਨ। ਬਿਗੜੇ ਹੋਏ ਸਾਮਰਾਜ ਦੇ ਚਿੰਨ੍ਹ ਹਨ।"

**9. ਪ੍ਰਸਿੱਧ ਅੰਗਰੇਜ਼ ਇਤਿਹਾਸਕਾਰ ਸ਼੍ਰੀ ਵਿਨਸੈਂਟ ਸਮਿੱਥ** ਗੁੱਜਰਾਂ ਦੇ ਬਾਰੇ ਵਿੱਚ ਲਿਖਦੇ ਹਨ, "ਹੁਣ ਇਹ ਨਿਰਸੰਦੇਹ ਪ੍ਰਮਾਣਿਤ ਹੋ ਚੁੱਕਿਆ ਹੈ ਕਿ ਭੋਜ (840–890 ਈ:) ਉਸਦੇ ਪੂਰਵਜ ਅਤੇ ਵੰਸ਼ਜ ਗੁੱਜਰ ਕੌਮ ਦੇ ਪ੍ਰਤਿਹਾਰ ਗੋਤਰ ਦੇ ਸਨ। ਇਸ ਲਈ ਰਾਜਪੂਤਾਂ ਦਾ ਪ੍ਰਸਿੱਧ ਪ੍ਰਤਿਹਾਰ (ਪਰਿਹਾਰ) ਗੋਤਰ ਗੁੱਜਰਾਂ ਕੌਮ ਦੀ ਸ਼ਾਖਾ ਹੈ।

ਤੁਰਕਾਂ ਅਤੇ ਅਫਗਾਨਾਂ ਨੇ ਗੁੱਜਰ ਰਾਜਿਆਂ ਨੂੰ ਰਾਜਪੁੱਤਰ, ਰਾਜੇ ਦਾ ਪੁੱਤਰ ਆਖ ਕੇ ਬੁਲਾਇਆ ਸੀ। ਉਸੇ ਵੇਲੇ ਤੋਂ ਰਾਜਪੂਤ ਸ਼ਬਦ ਪ੍ਰਚੱਲਤ ਹੋਇਆ। ਇਸੇ ਲਈ ਸਮਿੱਥ ਨੇ ਉਪਰ ਵਾਲਾ ਨਤੀਜਾ ਕੱਢਿਆ।

**10. ਸ਼੍ਰੀ ਕੇ. ਐਮ. ਮੁਨਸ਼ੀ** ਨੇ ਸਪਸ਼ਟ ਸ਼ਬਦਾਂ ਵਿੱਚ ਲਿਖਿਆ ਹੈ, "ਵਰਤਮਾਨ ਕਾਲ ਦੇ ਲੇਖਕ ਇਸ ਕਾਲ (500–1300 ਈ:) ਨੂੰ ਰਾਜਪੂਤ ਕਾਲ ਕਹਿਕੇ ਦੋਸ਼ਯੁਕਤ ਵਿਚਾਰਧਾਰ ਨੂੰ ਜਿਸ ਕਰਨਲ ਟਾਡ ਸਮਿਥ ਨੇ ਅਗਿਨ ਕੁਲ ਦੀ ਕਲਪਿਤ ਗਾਥਾ ਦੇ ਅਧਾਰ ਉਤੇ (150 ਸਾਲ ਪੂਰਵ) ਅਜੇ ਵੀ ਪੱਕਾ ਕਰ ਰਹੇ ਹਨ। ਤੁਰਕਾਂ ਅਤੇ ਅਫਗਾਨਾਂ ਦੁਆਰਾ ਗੁੱਜਰਾਂ ਦਾ ਰਾਜਪੂਤ ਨਾਮ ਦਿੱਤਾ ਜਾਣਾ ਅਤੇ ਉਨ੍ਹਾਂ ਲਈ ਜੋ ਨਿਵਾਸ ਦੀ ਕਲਪਨਾ ਨੇ ਇਤਿਹਾਸ ਲੇਖਕਾਂ ਦੀਆਂ ਅੱਖਾਂ ਵਿੱਚ ਅਜਿਹੀ ਧੂਲ ਝੌਂਕੀ ਕਿ ਉਹ ਇਸ ਕਾਲ ਬਾਬਤ ਠੀਕ ਠੀਕ ਨਿਸ਼ਚਾ ਨਾ ਕਰ ਸਕੇ। ਅਰਥਾਤ ਗਲਤ ਰਾਹ ਉਤੇ ਚਲ ਪਏ।" ਵਾਸਤਵ ਵਿੱਚ ਉਹ ਰਾਜੇ ਗੁੱਜਰ ਸਨ ਅਤੇ ਅੱਜ ਕੱਲ੍ਹ ਦੇ ਗੁੱਜਰ ਉਨ੍ਹਾਂ ਦੀ ਵੰਸ਼ਜ ਅਤੇ ਉਤਰਾਧਿਕਾਰੀ ਹਨ। ਉਨ੍ਹਾਂ ਵਿੱਚੋਂ ਕੁਝ ਕੁ ਦਾ ਨਾਮ ਰਾਜਪੂਤ ਪੈ ਗਿਆ।

# ਕ੍ਰਾਂਤੀਕਾਰੀਆਂ ਸਬੰਧੀ ਕੁਝ ਇਤਿਹਾਸਕਾਰਾਂ ਦੀ ਰਾਇ

1857 ਦਾ ਭਾਰਤੀ ਸਵਤੰਤਰਤਾ ਸੰਗਰਾਮ ਦੇ ਲੇਖਕ ਮਹਾਨ ਕ੍ਰਾਂਤੀਕਾਰੀ ਵਿਨਾਯਕ ਦਮੋਦਰ ਵੀਰ ਸਾਵਰਕਰ, ਰਾਣੀ ਝਾਂਸੀ ਲਕਸ਼ਮੀ ਬਾਈ ਦੇ ਵਿਸ਼ੇ ਵਿੱਚ ਪੰਨੇ 458 ਤੇ ਸ਼ਰਧਾਂਜਲੀ ਅਰਪਿਤ ਕਰਦੇ ਹਨ।

ਇਸ ਪ੍ਰਕਾਰ ਰਾਣੀ ਲਕਸ਼ਮੀ ਬਾਈ ਲੜੀ। ਆਪਣਾ ਟੀਚਾ ਪੂਰਾ ਕਰ ਗਈ। ਅਜਿਹਾ ਇੱਕ ਜੀਵਨ ਸੰਪਰੂਣ ਰਾਸ਼ਟਰ ਦਾ ਮੁੱਖ ਉਜਲਾ ਕਰਦਾ ਹੈ। ਉਹ ਸਦਗੁਣਾਂ ਦਾ ਨਿਚੋੜ ਸੀ। ਇਕ ਇਸਤਰੀ ਜਿਸਨੇ ਜੀਵਨ ਦੇ 23 ਬਸੰਤ ਹੀ ਦੇਖੇ ਸਨ। ਉਹ ਕੋਮਲਾਂਗੀ, ਵਿਸ਼ੁੱਧ ਚਰਿੱਤਰ ਪੁਰਸ਼ਾਂ ਵਿੱਚ ਵੀ ਨਾ ਪਾਈ ਜਾਣੇ ਵਾਲੀ ਸੰਗਠਨ ਕੁਸ਼ਲਤਾ ਨਾਲ ਓਤਪੋਤ ਸੀ। ਉਸਦੇ ਹਿਰਦੇ ਵਿੱਚ ਦੇਸ਼ ਭਗਤੀ ਰਤਨਦੀਪ ਦੀ ਤਰ੍ਹਾਂ ਪ੍ਰਕਾਸ਼ਮਾਨ ਸੀ, ਆਪਣੇ ਦੇਸ਼ ਭਾਰਤ ਉਪਰ ਉਸਨੂੰ ਗਰਵ ਸੀ। ਬੁੱਧੀ ਕੌਸ਼ਲ ਵਿੱਚ ਅਦੁੱਤੀ ਸੀ। ਸੰਸਾਰ ਵਿੱਚ ਸ਼ਾਇਦ ਹੀ ਅਜਿਹਾ ਕੋਈ ਦੇਸ਼ ਹੋਵੇਗਾ, ਜੋ ਐਸੀ ਦੇਵੀ ਨੂੰ ਆਪਣੀ ਕੰਨਿਆ ਅਤੇ ਰਾਣੀ ਕਹਿਣ ਦਾ ਅਧਿਕਾਰੀ ਹੋਵੇਗਾ। ਇੰਗਲੈਂਡ ਦੇ ਭਾਗ ਵਿੱਚ ਇਹ ਸਨਮਾਨ ਹੁਣ ਤਕ ਨਹੀਂ ਰਿਹਾ। ਇਟਲੀ ਦੀ ਕ੍ਰਾਂਤੀ ਵਿੱਚ ਬਹਾਦਰੀ ਅਤੇ ਆਦਰਸ਼ ਦਾ ਪਰਿਚੈਮਿਲਦਾ ਹੈ। ਫਿਰ ਵੀ ਇਤਨੇ ਪੂਰਣ ਸਮੇਂ ਵਿੱਚ ਇਟਲੀ ਇੱਕ ਲਕਸ਼ਮੀ ਪੈਦਾ ਨਹੀਂ ਕਰ ਸਕਿਆ। ਭਾਰਤ ਦੀ ਇਹ ਖੁਸ਼ਕਿਸਮਤੀ ਹੈ ਕਿ ਐਸੀ ਇਸਤਰੀ ਰਤਨ ਉਥੇ ਪੈਦਾ ਹੋਈ। ਉਸਦਾ ਸਰੀਰ ਬਾਬਾ ਗੰਗਾ ਦਾਸ ਦੀ ਝੌਂਪੜੀ ਵਿੱਚ ਪ੍ਰਜਵਲਤ ਜਵਾਲਾ ਨਾਲ ਚਮਕ ਰਿਹਾ ਸੀ। ਪਰ ਉਹ ਰਤਨ ਦੀਪ ਸਾਡੀ ਮਾਤ ਭੂਮੀ ਵੀ ਕਦਾਚਿਤ ਪੈਦਾ ਨਾ ਕਰ ਸਕਦੀ, ਜੇਕਰ ਉਹ ਸਵਤੰਤਰਤਾ ਸੰਗਰਾਮ ਮਹਾਂਯਗ ਨਾ ਰਚਿਆ ਜਾਂਦਾ।"

ਅੰਗਰੇਜ ਇਤਿਹਾਸਕਾਰ ਮਲੇਸਨ ਇੰਡੀਅਨ ਮਿਊਟਿਨੀ ਦੇ ਖੰਡ 4 ਪੰਨਾ 381 ਵਿੱਚ ਕ੍ਰਾਂਤੀਕਾਰੀ ਮੌਲਵੀ ਅਹਿਮਦਸ਼ਾਹ ਫੈਜਾਬਾਦ ਦੇ ਬਾਰੇ ਲਿਖਦਾ ਹੈ, "ਮੌਲਵੀ ਅਹਿਮਦ ਸ਼ਾਹ ਇਕ ਅਸਾਧਾਰਣ ਵਿਅਕਤੀ ਸੀ। ਵਿਦਰੋਹ ਕਾਲ ਵਿਚ ਉਸਦੇ ਸੈਨਿਕ ਅਗਵਾਈ ਦੀ ਯੋਗਤਾ ਦਾ ਪ੍ਰਗਟਾਵਾ ਕਈ ਪ੍ਰਸੰਗਾਂ ਵਿੱਚ ਮਿਲਦਾ ਹੈ। ਸਰ ਕੈਂਪਬੈਲ ਨੂੰ ਜੰਗ ਦੇ ਮੈਦਾਨ ਵਿੱਚ ਦੋ ਵਾਰ ਹਰਾਉਣ ਦੀ ਦਲੇਰੀ

ਦੂਸਰਾ ਕੋਈ ਨਹੀਂ ਕਰ ਸਕਦਾ। ਆਪਣੀ ਮਾਤਭੂਮੀ ਦੀ ਸਵਾਧੀਨਤਾ ਦੀ ਰੱਖਿਆ ਲਈ ਲੜਨ ਵਾਲਾ ਵੀਰ ਦੇਸ਼ ਭਗਤ ਅਹਿਮਦ ਸ਼ਾਹ ਸੱਚਾ ਦੇਸ਼ ਭਗਤ ਸੀ। ਉਸਨੇ ਆਪਣੀ ਤਲਵਾਰ ਬਿਨਾਂ ਕਾਰਣ ਹੀ ਕਿਸੇ ਦੀ ਹੱਤਿਆ ਨਾਲ ਨਹੀਂ ਰੰਗੇ। ਉਹ ਵੀਰਤਾ ਨਾਲ ਲੜਿਆ। ਉਨ੍ਹਾਂ ਵਿਦੇਸ਼ੀਆਂ ਨਾਲ ਲੜਿਆ, ਜਿਨ੍ਹਾਂ ਨੇ ਉਨ੍ਹਾਂ ਦੇ ਦੇਸ਼ ਉਤੇ ਅਧਿਕਾਰ ਕਰ ਲਿਆ ਸੀ। ਸੰਸਾਰ ਦੇ ਸਾਰੇ ਰਾਸ਼ਟਰਾਂ ਦੇ ਵੀਰ ਉਸਦੀ ਸਿਮਰਤੀ ਦਾ ਸਨਮਾਨ ਕਰਨਗੇ, ਐਸੀ ਉਸਦੀ ਯੋਗਤਾ ਸੀ।"

**ਸਰ ਡਬਲਯੂ ਰਸੇਲ ਦੀ ਡਾਇਰੀ** ਪੰਨਾ 275 ਤੇ ਅਵਧ ਦੀ ਬੇਗਮ ਹਜਰਤ ਮਹਲ ਦੇ ਬਾਰੇ ਵਿੱਚ ਲਿਖਿਆ ਹੈ, "ਸਿਪਾਹੀ ਸੈਨਾ ਦਾ ਪ੍ਰਚੰਡ ਭਾਗ ਲਖਨਊ ਵਿਚ ਹੀ ਹੈ। ਐਸਾ ਸਮਝਿਆ ਜਾਂਦਾ ਹੈ। ਪ੍ਰੰਤੂ ਉਹ ਉਸ ਵੀਰਤਾ ਨਾਲ ਨਹੀਂ ਲੜਨਗੇ, ਜਿਸ ਵੀਰਤਾ ਨਾਲ ਅਵਧ ਦੇ ਅੰਗ ਰੱਖਿਅਕ ਸੰਗਰਾਮ ਕਰਨਗੇ। ਜਿਸ ਵੀਰਤਾ ਸਹਿਤ ਉਨ੍ਹਾਂ ਨੇ ਆਪਣੇ ਯੁਵਾ ਸਮਰਾਟ ਬਿਰਜਿਸ਼ ਕਾਦਿਰ ਦੇ ਹਿੱਤਾਂ ਨੂੰ ਕਾਇਮ ਰੱਖਣ ਲਈ ਆਪਣੇ ਪ੍ਰਮੁੱਖਾਂ ਦੀ ਪੈਰਵੀ ਕੀਤੀ ਹੈ ਅਤੇ ਇਨ੍ਹਾਂ ਦੇ ਸਬੰਧ ਵਿੱਚ ਨਿਸ਼ਚਿਤ ਰੂਪ ਵਿੱਚ ਇਹੋ ਕਿਹਾ ਜਾ ਸਕਦਾ ਹੈ, ਕਿ ਉਹ ਦੇਸ਼ ਭਗਤੀ ਦੇ ਯੁੱਧ ਵਿੱਚ ਰੁਝ ਹੋਏ ਹਨ। ਜਿਸ ਨਾਲ ਕਿ ਉਹ ਆਪਣੇ ਦੇਸ਼ ਅਤੇ ਸਮਰਾਟ ਲਈ ਲੜ ਰਹੇ ਹਨ। ਰੈਜੀਡੈਂਸੀ ਦੇ ਘੇਰੇ ਵਿੱਚ ਵੀ ਸਿਪਾਹੀਆਂ ਨੇ ਖੁੱਲ੍ਹ ਕੇ ਰਣ ਭੂਮੀ ਵਿੱਚ ਅਜਿਹਾ ਯੁੱਧ ਕਦੇ ਨਹੀਂ ਕੀਤਾ। ਜਿਵੇਂ ਜਿਮੀਂਦਾਰਾਂ ਅਤੇ ਉਨਾਂ ਦੇ ਪਰਿਵਾਰ ਜਨਾਂ ਨੇ ਕੀਤਾ। ਬੇਗਮ ਨੇ ਤਾਂ ਆਪਣੀ ਸ਼ਕਤੀ ਅਤੇ ਯੋਗਤਾ ਦਾ ਜੋ ਪ੍ਰਗਟਾਵਾ ਕੀਤਾ ਹੈ, ਉਸਨੇ ਸੰਪੂਰਨ ਅਵਧ ਨੂੰ ਆਪਣੇ ਪੁੱਤਰ ਦੇ ਹੱਕ ਵਿੱਚ ਉਠਾਕੇ ਖੜਾ ਕਰ ਦਿੱਤਾ ਹੈ ਅਤੇ ਸਰਦਾਰ ਤੇ ਸਾਮੰਤ ਵੀ ਉਨ੍ਹਾਂ ਦੇ ਸਹੀ ਅਧਿਕਾਰੀ ਹੋਣ ਵਿੱਚ ਅਵਿਸ਼ਵਾਸ਼ ਕਰ ਸਕਦੇ ਹਨ। ਉਹ ਨਿਰਸੰਕੋਚ ਹੀ ਬ੍ਰਜਿਸ਼ ਕਾਦਿਰ ਨੂੰ ਉਤਰਾਧਿਕਾਰੀ ਸਵੀਕਾਰ ਕਰਦੇ ਸਨ। ਸਰਕਾਰ ਇਨ੍ਹਾਂ ਲੋਕਾਂ ਨਾਲ ਵਿਦਰੋਹੀਆਂ ਜੈਸਾ ਵਿਵਹਾਰ ਕਰੇਗੀ ਅਥਵਾ ਸਨਮਾਨਤ ਯੋਗ ਸ਼ਤਰੂਆਂ ਸਮਾਨ। ਬੇਗਮ ਨੇ ਸਾਡੇ ਵਿਰੁੱਧ ਅਖੰਡ ਯੁੱਧ ਦਾ ਐਲਾਨ ਕੀਤਾ ਹੈ। ਇਨ੍ਹਾਂ ਰਾਣੀਆਂ ਅਤੇ ਬੇਗਮਾਂ ਦੇ ਸ਼ਕਤੀ ਪੂਰਣ ਚਰਿੱਤਰ ਤੋਂ ਅਜਿਹਾ ਪ੍ਰਤੀਤ ਹੁੰਦਾ ਹੈ ਕਿ ਇਨ੍ਹਾਂ ਨੂੰ ਆਪਣੇ ਰਣਵਾਸਾਂ ਅਤੇ ਹਰਮਾਂ ਵਿੱਚ ਮਾਨਸਿਕ ਸ਼ਕਤੀ ਪ੍ਰਾਪਤ ਹੁੰਦੀ ਹੈ ਅਤੇ ਉਹ ਕਿਸੇ ਵੀ ਸਥਿਤੀ ਵਿੱਚ ਯੋਗ ਕਦਮ ਚੁੱਕਣ ਵਿੱਚ ਸਮਰੱਥ ਸਨ।

1857 ਵਿੱਚ ਕਾਸ਼ੀ ਅਤੇ ਪ੍ਰਯਾਗ ਵਿੱਚ ਜਨਰਲ ਨੀਲ ਨੇ ਕ੍ਰਾਂਤੀਕਾਰੀਆਂ ਤੇ ਬਹੁਤ ਜੁਲਮ ਢਾਏ ਸਨ। ਜਨਰਲ ਨੀਲ ਦੀ ਕਰਤੂਤਾਂ ਦੀ ਕਹਾਣੀ ਬਹੁਤ ਰੋਮਾਂਚਿਕ ਹੈ। ਏਥੇ ਅਸੀਂ ਜਨਰਲ ਨੀਲ ਦੇ ਸ਼ਬਦਾਂ ਨੂੰ ਦੁਹਰਾ ਦਿੰਦੇ ਹਾਂ, "ਪ੍ਰਮਾਤਮਾ ਗਵਾਹ ਹੈ ਕਿ ਮੈਂ ਜੋ ਕੁਝ ਵੀ ਕੀਤਾ ਹੈ, ਉਹ ਨਿਆਂ ਦਾ ਵਿਚਾਰ ਕਰਕੇ ਹੀ

ਕੀਤਾ ਹੈ। ਮੈਂ ਜਾਣਦਾ ਹਾਂ ਕਿ ਮੈਂ ਕੁਝ ਜਿਆਦਾ ਕਰੂਰਤਾ ਪ੍ਰਗਟ ਕੀਤੀ ਹੈ, ਪ੍ਰੰਤੂ ਇਨ੍ਹਾਂ ਸੰਪੂਰਣ ਪ੍ਰਸਿਥਤੀਆਂ ਤੇ ਸਮੂਹਕ ਦ੍ਰਿਸ਼ਟੀ ਨਾਲ ਵਿਚਾਰ ਕਰਨ ਉਪਰੰਤ ਇਹ ਸਪਸ਼ਟ ਹੋ ਜਾਂਦਾ ਹੈ ਕਿ ਇਹ ਸਭ ਕੁਝ ਖਿਮਾ ਕਰਨ ਯੋਗ ਨਹੀਂ ਹੈ। ਮੈਂ ਜੋ ਕੁਝ ਵੀ ਕੀਤਾ ਆਪਣੇ ਦੇਸ਼ ਲਈ, ਇੰਗਲੈਂਡ ਲਈ, ਉਸਦੇ ਕਲਿਆਣ ਦੀ ਦ੍ਰਿਸ਼ਟੀ ਨਾਲ ਕੀਤਾ ਹੈ। ਮੈਂ ਇਹ ਕੰਮ ਆਪਣੇ ਸਾਮਰਾਜ ਸੱਤਾ ਦਾ ਆਤੰਕ ਫੈਲਾਉਣ ਤੇ ਉਸਨੂੰ ਦੁਬਾਰਾ ਸਥਿਰਤਾ ਪ੍ਰਦਾਨ ਕਰਨ ਲਈ ਕੀਤਾ ਹੈ। ਮੈਂ ਜੋ ਕਦਮ ਉਠਾਏ ਉਹ ਆਪਣੀ ਅਣ ਮਨੁੱਖੀ ਜੰਗਲੀ ਪਣ ਨੂੰ ਸਮਾਪਤ ਕਰਨ ਦੀ ਦ੍ਰਿਸ਼ਟੀ ਨਾਲ ਉਠਾਏ ਹਨ। ਸਵਦੇਸ਼ ਦੇ ਵਾਸਤੇ ਮੈਂ ਇਹ ਘੋਰ ਅੱਤਿਆਚਰ ਕੀਤੇ ਹਨ। ਪ੍ਰਮਾਤਮਾ ਮੈਨੂੰ ਮੁਆਫ ਕਰ ਦੇਵੇਗਾ।" ਜਨਰਲ ਨੀਲ ਦੇ ਇਨ੍ਹਾਂ ਵਾਕਾਂ ਨੂੰ ਪੇਸ਼ ਕਰਕੇ ਅੰਗਰੇਜ਼ ਇਤਿਹਾਸਕਾਰ ਉਸਦੀ ਪ੍ਰਸੰਸਾ ਦੇ ਪੁੱਲ ਬੰਨ੍ਹਦੇ ਹਨ, ਪ੍ਰੰਤੂ ਸਵਦੇਸ਼ ਦੀ ਸਵਤੰਤਰਤਾ ਲਈ ਜੀਵਨ ਸਮਰਪਿਤ ਕਰਨ ਵਾਲੇ ਨਾਨਾ ਸਾਹਿਬ ਸਰੀਖੇ ਦੇਸ਼ ਭਗਤਾਂ ਨੂੰ ਨਰਕ ਵਿੱਚ ਜਾਣਗੇ ਦੀ ਰੱਟ ਲਾਉਣੀ ਵੀ ਇਹ ਅੰਗਰੇਜ਼ ਲੇਖਕ ਨਹੀਂ ਭੁੱਲਦੇ। ਸਾਰੀ ਦੇਸ਼ ਭਗਤੀ ਦਾ ਠੇਕਾ ਅੰਗਰੇਜ਼ਾਂ ਅਤੇ ਅੰਗਰੇਜ਼ੀ ਜਾਤੀ ਦਾ ਹੀ ਹੈ ? ਦੂਸਰੇ ਦੇਸ਼ਾਂ ਨੂੰ ਸਵਦੇਸ਼ ਪ੍ਰੇਮ ਤੇ ਦੇਸ਼ ਭਗਤੀ ਦਾ ਅਧਿਕਾਰ ਦੇਣਾ ਵੀ ਅੰਗਰੇਜ਼ ਜਾਤੀ ਦੀ ਜ਼ਿੰਮੇਵਾਰੀ ਹੈ। ਇਹ ਕਿਹੋ ਜਿਹਾ ਵਿਅੰਗ ਹੈ।

# 1857 ਦੇ ਸੰਦਰਭ ਗ੍ਰੰਥ


1. ਇੰਡੀਅਨ ਮਿਊਟਨੀ 1857-ਈ.ਏ.ਡਬਲਿਉ.ਪੀ.
2. ਇੰਟੈਲੀਜੈਂਸ ਰਿਕਾਰਡ-ਸਰ ਵਿਲੀਅਮ ਮਯੋਰ ਕੇ. ਸੀ .ਐਸ.ਆਈ.
3. ਗਦਰ ਦੀ ਡਾਇਰੀ-ਸਰ ਚਾਰਲਸ ਮੈਟਕਾਫ
4. ਸਹਾਰਨਪੁਰ-ਮੇਰਠ ਗਜਟੀਅਰ
5. ਮੈਮੋਇਰ ਆਫ ਜ਼ਿਲ੍ਹਾ ਬੁਲੰਦ ਸ਼ਹਿਰ
6. ਇਨਸਾਕਲੋਪੀਡੀਆ ਇੰਡੀਅਨ ਐਂਡ ਆਫ ਈਸਟਨ ਸਦਰਨ ਏਸ਼ੀਆ-ਸਰ ਜਾਨ ਬੇਲਮੋਰ
7. ਇੰਡੀਅਨ ਇਮਪਾਇਰ-ਮਾਰਟਿਨਜ਼
8. ਇੰਡੀਅਨ ਮਿਊਟਿਨੀ-ਬਾਲ (ਚਾਰਲਸ)
9. ਮਥੁਰਾ ਆਗਰਾ-ਗਜਟੀਅਰ
10. ਗਦਰ ਦੀ ਡਾਇਰੀ-ਮੁਨਸ਼ੀ ਜੀਵਨ ਲਾਲ
11. ਗਦਰ ਦੀ ਕਹਾਣੀ-ਨਵਾਬ ਮਈਉਦੀਨ
12. ਗੁੱਜਰ ਵੀਰ ਗਾਥਾ-ਰਤਨ ਲਾਲ ਵਰਮਾ
13. ਗੁੱਜਰਾਂ ਦਾ ਮੁਢਲਾ ਇਤਿਹਾਸ-ਯਤੀਂਦਰ ਕੁਮਾਰ ਵਰਮਾ
14. ਦੀ ਰਿਵੋਲਟ ਆਫ 1857 ਇਨ ਹਰਿਆਣਾ-ਕੇ. ਸੀ. ਯਾਦਵ
15. ਹਰਿਆਣਾ ਦਾ ਇਤਿਹਾਸ-ਕੇ. ਸੀ. ਯਾਦਵ
16. ਬਹਾਦਰ ਸ਼ਾਹ ਜ਼ਫ਼ਰ-ਕਾਜ਼ਿਮ ਰਿਜਵੀ
17. ਅਠਾਰਹ ਸੌ ਸਤਾਵਨ (1857) ਵਿਨਾਇਕ ਦਮੋਦਰ ਵੀਰ ਸਾਵਰਕਰ ਦਾ ਭਾਰਤੀ ਸੁਤੰਤਰਤਾ ਸਮਰ
18. ਮਹਾਨ ਸਿਪਾਹੀ ਵਿਦਰੋਹ ਦਾ ਸੰਪਰੂਨ ਇਤਿਹਾਸ-ਲੇਖਕ ਵਾਈਟ
19. ਰਸੇਲ ਦੀ ਡਾਇਰੀ-ਰਸੇਲ (ਸਰ ਡਬਲਯੂ)
20. ਬੰਬਈ ਗਜਟ-ਸਰ ਜੇਮਜ ਕੈਂਪਬੈੱਲ ਕੇ. ਸੀ. ਐਸ. ਆਈ